ਅਨੁਸਾਰ, ਮੁਤਾਬਿਕ	according to
(ਤੋਂ) ਇਲਾਵਾ	besides/in addition to
(ਦੇ) ਕਾਰਨ, (ਦੇ) ਸਦਕੇ[3], (ਦੀ) ਵਜ੍ਹਾ	due to
ਦੁਆਰਾ, ਰਾਹੀਂ, ਜ਼ਰੀਏ	by means of
ਬਦਲੇ, (ਦੀ) ਬਜਾਏ	instead of
ਬਾਵਜੂਦ	despite
ਬਾਰੇ, ਬਾਬਤ	about, regarding
(ਤੋਂ) ਸਿਵਾਏ, (ਤੋਂ) ਬਿਨਾਂ, (ਤੋਂ) ਬਗ਼ੈਰ	without, except for
ਵਿਰੁੱਧ, ਖ਼ਿਲਾਫ਼	against, in opposition to

Examples:

ਪੰਜਾਬੀ ਲੋਕਾਂ **ਮੁਤਾਬਿਕ** ਲਹੌਰ ਸ਼ਹਿਰ ਦਾ ਕੋਈ ਮੁਕਾਬਲਾ ਨਹੀਂ।	According to Punjabi people, no city can compare with Lahore.
ਪਾਦਰੀ ਸਾਹਿਬ ਦਾ ਦਫ਼ਤਰ ਗਿਰਜੇ **ਅੰਦਰ** ਹੈ।	The priest's office is inside the church.
ਬੇੜੀ ਦਰਿਆ ਦੇ ਅੱਧ **ਵਿਚਕਾਰ** ਹੈ।	The boat is in the middle of the river.
ਗੁਰਦੁਆਰੇ **ਅੱਗੇ** ਦਰਖ਼ਤ ਹਨ।	There are trees in front of the Sikh temple.
ਮੰਦਰ ਦੇ **ਆਲੇ-ਦੁਆਲੇ** ਫੁੱਲ ਹਨ।	There are flowers all around the temple.
ਮੀਂਹ **ਕਾਰਨ** ਦੁਕਾਨਾਂ ਬੰਦ ਹਨ।	Due to the rain the stores were closed.
ਮਿਹਨਤ **ਸਦਕੇ** ਉਹ ਹਰ ਸਾਲ ਵਜ਼ੀਫ਼ਾ	Due to hard work, she wins a scholarship

[3] ਸਦਕੇ is always used in a positive sense, whereas ਕਾਰਨ is neutral in connotation.

Sri Satguru Jagjit Singh Ji eLibrary NamdhariElibrary@gmail.com

ਲੈਂਦੀ ਹੈ।	every year.
ਗੁਰੂ **ਦੁਆਰਾ** ਮੁਕਤੀ ਮਿਲਦੀ ਹੈ।	By means of the Guru one finds liberation.
ਲੋਕ ਹਵਾਈ ਜਹਾਜ਼ **ਰਾਹੀਂ** ਪੰਜਾਬ ਜਾਂਦੇ ਹਨ।	People travel to Punjab by plane.
ਉਸ ਦੇ ਘਰ **ਲਾਗੇ** ਪੁਰਾਣੀ ਮਸੀਤ ਹੈ।	Near his/her house is an old mosque.
ਸਰਕਾਰਾਂ ਕੁਰਪਸ਼ਨ **ਵਿਰੁੱਧ** ਲੜਦੀਆਂ ਹਨ।	Governments fight against corruption.
ਸ਼ਰੀਫ਼ ਲੋਕ ਵਧੀਕੀ **ਖ਼ਿਲਾਫ਼** ਹੁੰਦੇ ਹਨ।	Decent people are against vile behavior.
ਅਸੀਂ ਰੋਟੀ **ਦੀ ਬਜਾਏ** ਚੌਲ ਖਾਂਦੇ ਹਾਂ।	We eat rice instead of bread.
ਮੰਦਰ **ਦੇ ਬਾਹਰ** ਕੁੱਝ ਲੋਕ ਹਨ।	There are some people outside the temple.
ਉਹ ਮੰਗਲਵਾਰ ਨੂੰ ਫਲਾਂ **ਤੋਂ ਸਿਵਾਏ**/ **ਬਗ਼ੈਰ** ਹੋਰ ਕੁੱਝ ਨਹੀਂ ਖਾਂਦੀ।	She does not eat anything except fruit on Tuesdays.
ਗੁਰਦੁਆਰੇ **ਦੇ ਨਾਲ ਲੱਗਵੀਂ** ਜਾਇਦਾਦ ਇੱਕ ਜੈਨ ਮੰਦਰ ਦੀ ਹੈ।	The property next to the gurdwara belongs to a Jain temple.

§ 8.4 Using postpositions with personal pronouns

With the exception of some special cases (postpositions ਨੂੰ and ਤੋਂ as in ਮੈਨੂੰ and ਮੈਥੋਂ), when postpositions are used with the personal pronouns the pronouns appear as possessives, inflected to ੇ. For example, to express 'according to me,' one should not say

ਮੈਂ ਦੇ ਮੁਤਾਬਿਕ

instead, you say

ਮੇਰੇ ਮੁਤਾਬਿਕ

Note that the auxiliary word ਦੇ may never be used in these situations, except for in the 3rd person forms:

ਉਸ ਦੇ ਮੁਤਾਬਿਕ	according to him/her
ਉਨ੍ਹਾਂ ਦੇ ਮੁਤਾਬਿਕ	according to them

The word ਦੇ is, in a sense, already contained within the possessive forms, and its usage is therefore redundant.

More examples:

ਤੇਰੇ ਪਿੱਛੇ	behind you
ਉਸ ਦੇ ਸਾਮ੍ਹਣੇ	facing him/her
ਸਾਡੇ ਅੱਗੇ	ahead of us
ਤੁਹਾਡੇ ਨਾਲ	with you
ਮੇਰੇ ਵਿਰੁੱਧ	against me
ਉਨ੍ਹਾਂ ਵਾਸਤੇ	for them

Sri Satguru Jagjit Singh Ji eLibrary NamdhariElibrary@gmail.com

§ 8.5 Expressing possession

The possession of objects, persons, ideas, etc. is expressed indirectly, as there is no verb 'to have' in Punjabi. Depending on the nature of the thing possessed, there are two ways of expressing this.

1. Using possessive pronouns

For animate objects, large property, intangible concepts, and so forth, only the possessive pronouns are used:

ਤੁਹਾਡਾ ਘਰ ਹੈ?	Do you have a house?
ਮੇਰੇ ਦੋ ਭਰਾ ਅਤੇ ਇੱਕ ਭੈਣ ਹੈ।	I have two brothers and one sister.
ਇਸ ਗੱਲ ਬਾਰੇ ਤੁਹਾਡਾ ਕੋਈ ਵਿਚਾਰ ਹੈ?	Do you have any view about this matter?

2. Using ਕੋਲ

For physical, inanimate objects that one can grasp or carry, or that one has 'with' or 'near' oneself, the postposition ਕੋਲ is used in conjunction with possessive pronouns:

ਉਸ ਦੇ ਕੋਲ ਸਾਈਕਲ ਹੈ।	S/he has a cycle. (Near him, there is a cycle.)
ਮੇਰੇ ਕੋਲ ਤਿੰਨ ਕਿਤਾਬਾਂ ਹਨ।	I have three books.

Dialogue **College Life**
ਗੱਲ-ਬਾਤ ਕਾਲਜ ਦੀ ਜ਼ਿੰਦਗੀ

I. Manoj and Rekha meet en route to the canteen at Punjabi University, Patiala

ਮਨੋਜ:	ਨਮਸਤੇ, ਰੇਖਾ। ਕੀ ਬਣ ਰਿਹਾ ਹੈ?
ਰੇਖਾ:	ਨਮਸਤੇ, ਮਨੋਜ। ਮੈਂ ਕੈਂਟੀਨ ਜਾ ਰਹੀ ਹਾਂ। ਆ, ਮੇਰੇ ਨਾਲ਼ ਚੱਲ। ਕੁੱਝ ਸਮੋਸੇ ਤੇ ਚਾਹ ਹੀ ਹੋ ਜਾਏ!
ਮਨੋਜ:	ਸਮੋਸਿਆਂ ਤੇ ਚਾਹ ਨੂੰ ਮੈਂ ਕਿਵੇਂ ਇਨਕਾਰ ਕਰ ਸਕਦਾ ਹਾਂ। ਹੋਰ ਸੁਣਾ, ਕੋਈ ਨਵੀਂ ਤਾਜ਼ੀ।
ਰੇਖਾ:	ਨਵੀਂ ਤਾਜ਼ੀ ਤਾਂ ਕੋਈ ਖ਼ਾਸ ਨਹੀਂ, ਅੱਜ-ਕੱਲ੍ਹ ਪੜ੍ਹਾਈ ਜ਼ੋਰਾਂ ਤੇ ਹੈ। ਅਗਲੇ ਹਫ਼ਤੇ ਹਿਸਾਬ ਤੇ ਸਾਹਿਤ ਦਾ ਇਮਤਿਹਾਨ ਹੈ ਤੇ ਮੈਂ ਅਜੇ ਪੜ੍ਹਨਾ ਵੀ ਸ਼ੁਰੂ ਨਹੀਂ ਕੀਤਾ। ਤੂੰ ਸੁਣਾ, ਤੇਰੀ ਪੜ੍ਹਾਈ ਕਿਵੇਂ ਚੱਲ ਰਹੀ ਹੈ?
ਮਨੋਜ:	ਪੜ੍ਹਾਈ ਤਾਂ ਮੇਰੀ ਵੀ ਜ਼ੋਰਾਂ ਤੇ ਹੈ। ਦੋ ਲੰਬੀਆਂ ਲੈਬ ਰੀਪੋਰਟਾਂ ਸਿਰ ਤੇ ਹਨ।
ਰੇਖਾ:	ਸ਼ੁਕਰ ਹੋਵੇਗਾ ਜਦੋਂ ਇਹ ਇਮਤਿਹਾਨ ਤੇ ਰੀਪੋਰਟਾਂ ਮੁੱਕਣਗੀਆਂ ਤੇ ਇੱਕ ਹਫ਼ਤੇ ਦੀ ਛੁੱਟੀ ਮਿਲੇਗੀ। ਮੈਂ ਆਪਣੇ ਘਰ ਵਾਲ਼ਿਆਂ ਨੂੰ ਮਿਲ਼ਨ ਲਈ ਬਹੁਤ ਉਤਾਵਲੀ ਹਾਂ। ਮੇਰਾ ਵੱਡਾ ਭਰਾ ਕੁੱਝ ਦਿਨਾਂ ਲਈ ਘਰ ਆ ਰਿਹਾ ਹੈ ਤੇ ਇਸ ਗੱਲ ਦੀ ਸਾਰਿਆਂ ਨੂੰ ਬਹੁਤ ਖ਼ੁਸ਼ੀ ਹੈ। ਤੂੰ ਛੁੱਟੀਆਂ ਵਿੱਚ ਕੀ ਕਰੇਂਗਾ?
ਮਨੋਜ:	ਮੈਂ ਤਾਂ ਇੱਥੇ ਪਟਿਆਲੇ ਹੀ ਰਹਾਂਗਾ ਤੇ ਅਗਲੇ ਸਮੈਸਟਰ ਦੀ ਤਿਆਰੀ ਕਰਾਂਗਾ।

Sri Satguru Jagjit Singh Ji eLibrary NamdhariElibrary@gmail.com

II. Sam and Kristin meet at the University Center at UC Santa Barbara

ਸੈਮ:	ਕੀ ਹਾਲ ਹੈ, ਕ੍ਰਿਸਟਿਨ?
ਕ੍ਰਿਸਟਿਨ:	ਮੈਂ ਬਹੁਤ ਖ਼ੁਸ਼ ਹਾਂ, ਸੈਮ। ਕੈਮਿਸਟਰੀ ਦੇ ਮਿਡ-ਟਰਮ ਵਿੱਚ ਮੈਨੂੰ 'ਏ' ਮਿਲਿਆ ਹੈ!
ਸੈਮ:	ਇਹ ਤਾਂ ਬਹੁਤ ਵਧੀਆ ਗੱਲ ਹੈ। ਮੈਂ ਵੀ ਆਪਣੇ ਮਿਡ-ਟਰਮ ਇਮਤਿਹਾਨ ਦੇ ਨਤੀਜੇ ਦੀ ਉਡੀਕ ਕਰ ਰਿਹਾ ਹਾਂ। ਤੂੰ ਹੁਣ ਕੀ ਕਰ ਰਹੀ ਹੈਂ?
ਕ੍ਰਿਸਟਿਨ:	ਸ਼ਾਮੀਂ ਮੇਰੀ ਯੋਗਾ ਕਲਾਸ ਹੈ, ਇਸ ਲਈ ਮੈਂ ਕੁੱਝ ਥੋੜ੍ਹਾ ਜਿਹਾ ਖਾਣ ਦੀ ਤਲਾਸ਼ ਵਿੱਚ ਹਾਂ।
ਸੈਮ:	ਤੂੰ ਨੇੜੇ ਦੇ ਨਵੇਂ ਰੈਸਟੋਰਾਂਟ ਗਈ ਹੈਂ? ਉਨ੍ਹਾਂ ਦੇ ਸੈਲਡ ਤੇ ਸੂਪ ਬਹੁਤ ਵਧੀਆ ਹਨ ਤੇ ਮੈਂ ਉੱਥੇ ਹੀ ਜਾਣ ਬਾਰੇ ਸੋਚ ਰਿਹਾ ਸਾਂ। ਆ ਜਾ ਮੇਰੇ ਨਾਲ ਚੱਲ।
ਕ੍ਰਿਸਟਿਨ:	ਇਹ ਠੀਕ ਹੈ। ਜਦੋਂ ਦੇ ਇਹ ਨਵਾਂ ਰੈਸਟੋਰੈਂਟ ਖੁੱਲ੍ਹਿਆ ਹੈ, ਮੇਰੀ ਉੱਥੇ ਜਾਣ ਦੀ ਖ਼ਾਹਿਸ਼ ਸੀ।
(ਰੈਸਟੋਰਾਂਟ ਵਿੱਚ ਖਾਣ ਤੋਂ ਬਾਅਦ)	
ਸੈਮ:	ਖਾਣਾ ਕਿਵੇਂ ਲੱਗਿਆ, ਕ੍ਰਿਸਟਿਨ?
ਕ੍ਰਿਸਟਿਨ:	ਇਨ੍ਹਾਂ ਦਾ ਸੀਜ਼ਰ ਸੈਲਡ ਬਹੁਤ ਹੀ ਤਾਜ਼ਾ ਤੇ ਸਵਾਦਲਾ ਸੀ...ਮਜ਼ਾ ਆ ਗਿਆ! ਤੇਰਾ ਕਲੈਮ ਚਾਉਡਰ ਕਿਵੇਂ ਸੀ?
ਸੈਮ:	ਬੜਾ ਮਜ਼ੇਦਾਰ ਸੀ! ਚਾਉਡਰ ਦੇ ਜ਼ਾਇਕੇ ਨੇ ਬੌਸਟਨ ਦੀਆਂ ਯਾਦਾਂ ਤਾਜ਼ੀਆਂ ਕਰਾ ਦਿੱਤੀਆਂ।

Exercise 8.1 Make Punjabi sentences in the present habitual, for both masculine and feminine subjects, using the given phrases:

Example:
ਰੋਟੀ ਖਾਣਾ to eat bread : ਉਹ ਰੋਟੀ ਖਾਂਦਾ ਹੈ। ਉਹ ਰੋਟੀ ਖਾਂਦੀ ਹੈ।

1. ਅੱਗ ਬਾਲਣਾ to make a fire
2. ਆਟਾ ਗੁੰਨ੍ਹਣਾ to knead flour
3. ਰੋਟੀ ਪਕਾਉਣਾ to make bread
4. ਖਾਣਾ ਲਗਾਉਣਾ to serve food on the table
5. ਦੁੱਧ ਪੀਣਾ to drink milk
6. ਗਾਣਾ ਗਾਉਣਾ to sing a song
7. ਗੱਡੀ ਚਲਾਉਣਾ to drive a car
8. ਚਾਹ ਬਣਾਉਣਾ to make tea
9. ਕ੍ਰਿਕਟ ਖੇਡਣਾ to play cricket
10. ਫ਼ਿਲਮ ਵੇਖਣਾ to watch a film

Exercise 8.2 Translate:

1. ਮੈਂ ਖ਼ਰਬੂਜ਼ਾ ਨਹੀਂ ਖਾਂਦਾ।
2. ਅਸੀਂ ਅਨਾਨਾਸ ਖਾਂਦੇ ਹਾਂ।
3. ਤੁਸੀਂ ਤਾਜ਼ੇ ਸੇਬ ਵੇਚਦੇ ਹੋ?
4. ਉਹ ਅੰਬ ਖ਼ਰੀਦਦੀ ਹੈ।

Sri Satguru Jagjit Singh Ji eLibrary NamdhariElibrary@gmail.com

5. ਮੈਂ ਕੇਲੇ ਪਸੰਦ ਕਰਦਾ ਹਾਂ।
6. ਮੈਂ ਗਰਮ ਚਾਹ ਪੀਂਦੀ ਹਾਂ।
7. ਤੁਸੀਂ ਠੰਢਾ ਦੁੱਧ ਪੀਂਦੇ ਹੋ।
8. ਉਹ ਲੱਸੀ ਪਸੰਦ ਕਰਦਾ ਹੈ।
9. ਤੁਸੀਂ ਕਦੋਂ ਨਾਸ਼ਤਾ ਕਰਦੇ ਹੋ?
10. ਮੈਂ ਸਵੇਰੇ ਕੁੱਝ ਨਹੀਂ ਖਾਂਦਾ।

Exercise 8.3 Translate:

1. I read daily.
2. Do you knit?
3. She prepares food.
4. He writes a letter.
5. I drink warm milk.
6. He speaks English and Hindi.
7. He goes to the market.
8. She buys medicines.
9. There are twelve months in a year.
10. They work in the fields.

Exercise 8.4 Make the underlined portions (and the words that must agree with them) plural. Make sure the whole sentence makes sense!

1. ਮੇਰੀ ਭੈਣ ਰੋਟੀ ਖਾਂਦੀ ਹੈ।
2. ਤੁਸੀਂ ਕੀ ਪੀਂਦੇ ਹੋ?
3. ਹਲਵਾਈ ਮਿਠਿਆਈ ਵੇਚਦਾ ਹੈ।
4. ਉਹ ਬਰਫ਼ੀ ਖ਼ਰੀਦਦੀ ਹੈ।
5. ਮੈਂ ਹਰ ਰੋਜ਼ ਦੁੱਧ ਲਿਆਉਂਦਾ ਹਾਂ।
6. ਮੈਂ ਤਾਜ਼ੀ ਸਬਜ਼ੀ ਪਸੰਦ ਕਰਦਾ ਹਾਂ।
7. ਉਹ ਆਲੂ ਉਬਾਲਦੀ ਹੈ।
8. ਮੈਂ ਟਮਾਟਰ ਤੋੜਦਾ ਹਾਂ।
9. ਉਹ ਆਦਮੀ ਕੀ ਵੇਚਦਾ ਹੈ?
10. ਮੇਰੀ ਵੱਡੀ ਭੈਣ ਦੁਕਾਨ ਤੇ ਕੰਮ ਕਰਦੀ ਹੈ।

Exercise 8.5 Fill in the blanks with the appropriate (imperfect participle) form of the verb in parentheses:

1. ਮੈਂ ਖਾਣਾ _____ ਹਾਂ। (ਪਕਾਉਣਾ)
2. ਬੀਜੀ ਖਾਣਾ _____ ਹਨ। (ਬਣਾਉਣਾ)
3. ਮੈਂ ਅੰਬ _____ ਹਾਂ। (ਚੁਪਣਾ)
4. ਉਹ ਬੈਂਗਣ ਨਹੀਂ_____। (ਖਾਣਾ)
5. ਮੁੰਡੇ ਜੂਸ _____ ਹਨ। (ਪੀਣਾ)
6. ਮੈਂ ਫ਼ਰੈਂਚ _____ ਹਾਂ। (ਸਿੱਖਣਾ)
7. ਤੂੰ ਅਖ਼ਬਾਰ _____ ਹੈਂ? (ਪੜ੍ਹਨਾ)
8. ਉਹ ਖ਼ਤ_____ ਹੈ। (ਲਿਖਣਾ)

Sri Satguru Jagjit Singh Ji eLibrary NamdhariElibrary@gmail.com

9. ਉਹ ਜਰਮਨ ਨਹੀਂ _____। (ਬੋਲਣਾ)
10. ਉਹ ਅੰਗ੍ਰੇਜ਼ੀ_____ ਹੈ। (ਲਿਖਣਾ)

Exercise 8.6 Translate:

1. ਮੇਜ਼ ਤੇ
2. ਦਿੱਲੀ ਤੋਂ
3. ਮੇਰੀ ਭੈਣ ਲਈ
4. ਕਮਰੇ ਵਿੱਚ
5. ਸਕੂਲ ਨੇੜੇ
6. ਤੁਹਾਡੇ ਨਾਲ
7. ਮਕਾਨ ਪਿੱਛੇ
8. ਅੱਜ ਤੱਕ
9. ਮੇਰੀ ਸਹੇਲੀ ਨਾਲ
10. ਉਸ ਖ਼ਾਤਿਰ
11. ਮੇਰੇ ਕੋਲ
12. ਕਲਾਸ ਬਾਅਦ
13. ਉਸ ਤੋਂ ਇਲਾਵਾ
14. ਉਸ ਤੋਂ ਮਗਰੋਂ
15. ਪਿੰਡ ਵਿੱਚ
16. ਉਸਤਾਦ ਨੂੰ
17. ਵ , ਧ ਤੋਂ ਪਹਿਲਾਂ
18. ਨਿਊ ਯੌਰਕ ਤੋਂ ਦੂਰ

Exercise 8.7 Make Punjabi sentences using the given phrases:

1. in the cars
2. far from the scho
3. with my sister
4. behind the house
5. in front of the school
6. in the middle of the village
7. in addition to the book
8. for my friend
9. on my chair
10. for my mother's sake

Exercise 8.8 ਕਲਾਸਰੂਮ ਵਿੱਚ: Describe your classroom using as many postpositions as possible:

Exercise 8.9 ਮੇਰਾ ਪਰਿਵਾਰ: Write 10-12 sentences, describing your family and yourself, using the grammar and vocabulary you have learned thus far. For example: Who is in your family? What do they do? Where do they live? Where were you born?

ਸ਼ਬਦਾਵਲੀ	**Vocabulary**
ਕਿਰਿਆਵਾਂ	*Verbs*
ਉਣਨਾ	to knit, weave (vt)
ਉਬਾਲਨਾ	to boil (vt)
ਆਉਣਾ	to come (vi)
ਸਹਿਣਾ	to bear, endure (vi)
ਸਿੱਖਣਾ	to learn (vt)

Sri Satguru Jagjit Singh Ji eLibrary NamdhariElibrary@gmail.com

ਸੌਣਾ	to sleep (vi)
ਹੋਣਾ	to be (vi)
ਕਹਿਣਾ	to say (vt)
ਕਰਨਾ	to do (vt)
ਖ਼ਰੀਦਣਾ	to buy (vt)
ਖਾਣਾ	to eat (vt)
ਗਾਉਣਾ	to sing (vt)
ਚੂਪਣਾ	to suck juice out of a fruit (mango/sugarcane) (vt)
ਜਾਣਨਾ	to know (vi)
ਜਾਣਾ	to go (vi)
ਨਾਸ਼ਤਾ ਕਰਨਾ	to have breakfast (vt)
ਪਸੰਦ ਕਰਨਾ	to like (vt)
ਪਕਾਉਣਾ	to prepare, cook (food, etc.) (vt)
ਪੜ੍ਹਨਾ	to read, study (vt)
ਪੜ੍ਹਾਉਣਾ	to teach (vt)
ਪੀਣਾ	to drink (vt)
ਬਣਾਉਣਾ	to make (vt)
ਬੋਲਣਾ	to say (vi)
ਮਿਲਨਾ	to meet, be met (vi)
ਰਹਿਣਾ	to stay, reside (vi)
ਲੜਨਾ	to fight (vi)
ਲਿਆਉਣਾ	to bring (vi)
ਲਿਖਣਾ	to write (vt)
ਲੈਣਾ	to take (vt)
ਵੇਚਣਾ	to sell (vt)

ਕੰਮ	*Work*
ਕੰਮ	work, deed (m)
ਮਿਹਨਤ	hard work, labor (f)
ਨੌਕਰੀ	job (f)
ਅਖ਼ਬਾਰ	newspaper (f)
ਖ਼ਤ, ਚਿੱਠੀ	letter (m, f)
ਛੁੱਟੀ; ਛੁੱਟੀਆਂ	break; vacation (f)
ਦਫ਼ਤਰ	office (m)

ਕਲਾਸਰੂਮ	*The Classroom*
ਸਕੂਲ	school (m)
ਸਬਕ਼	lesson (m)
ਕਲਾਸ	class (school) (f)
ਕਮਰਾ	room (m)

Sri Satguru Jagjit Singh Ji eLibrary NamdhariElibrary@gmail.com

ਕ਼ਲਮ	pen (f)
ਕਾ਼ਗ਼ਜ਼	paper (m)
ਕਾਪੀ	notebook (f)
ਕਿਤਾਬ	book (f)
ਕੁਰਸੀ	chair (f)
ਘੜੀ	clock, watch (f)
ਛੱਤ	ceiling, roof (f)
ਫ਼ਰਸ਼	floor (m)
ਕੰਧ	wall (f)
ਤਸਵੀਰ	picture, portrait (f)
ਦਰਵਾਜ਼ਾ, ਬੂਹਾ	door (m)
ਬਾਰੀ, ਖਿੜਕੀ	window (f)
ਪੜ੍ਹਦਾ	curtain (m)
ਪੱਖਾ	fan (m)
ਬੋਲੀ, ਜ਼ੁਬਾਨ, ਭਾਸ਼ਾ	language (f)
ਮਤਲਬ	meaning (m)
ਤਰਜੁਮਾ, ਉਲਥਾ, ਅਨੁਵਾਦ	translation (m)
ਇਮਤਿਹਾਨ	test, exam (m)
ਨਤੀਜਾ	outcome, result (m)

ਜ਼ਿੰਦਗੀ	*Life*
ਉਮਰ	age (f)
ਪੈਦਾ; ਪੈਦਾ ਹੋਣਾ	born (adj/u); to be born (vi)
ਸ਼ਾਦੀ, ਵਿਆਹ	wedding (f)
ਸ਼ਾਦੀ-ਸ਼ੁਦਾ	married (adj/u)
ਇਕੱਲਾ	alone; single (adj/i)
ਧਰਮ	*Religion*
ਗਿਰਜਾ	church (m)
ਗੁਰਦੁਆਰਾ	Sikh place of worship (m)
ਦਰਬਾਰ ਸਾਹਿਬ	the 'Golden Temple' complex, Amritsar (m)
ਲੰਗਰ	free community meal/kitchen (m)
ਮੰਦਰ	temple (m)
ਮਸੀਤ	mosque (f)
ਰੱਬ	God (m)
ਸਮਾਂ/ਵ਼ਕ਼ਤ	*Time*
ਸਮਾਂ, ਵ਼ਕ਼ਤ	time (m)
ਚਿਰ	duration, time (m)

Sri Satguru Jagjit Singh Ji eLibrary NamdhariElibrary@gmail.com

ਸਾਲ	year (m)
ਹਫ਼ਤਾ	week (m)
ਰੋਜ਼	daily (adv)
ਅਜੇ	yet, still (adv)

ਖਾਣਾ *Food*

ਖਾਣਾ	food (m)
ਰੋਟੀ	bread; food or meal generally (f)
ਚੌਲ	rice (m pl)
ਸਬਜ਼ੀ	vegetable (f)
ਆਲੂ	potato (m)
ਟਮਾਟਰ	tomato (m)
ਬਤਾਊਂ	eggplant (m)
ਫਲ	fruit (m)
ਅਨਾਨਾਸ	pineapple (m)
ਅੰਬ	mango (m)
ਸੇਬ	apple (m)
ਕੇਲਾ	banana (m)
ਖ਼ਰਬੂਜ਼ਾ	cantaloupe (m)
ਮਿੱਠਿਆਈ	sweet(s) (f)
ਹਲਵਾਈ	confectioner (m)
ਬਰਫ਼ੀ	a type of milk cake (f)
ਲੱਡੂ	ball-shaped sweet made of chickpea flour (m)
ਪਾਣੀ	water (m)
ਚਾਹ	tea (f)
ਜੂਸ, ਰਸ	juice (m)
ਦੁੱਧ	milk (m)
ਤਾਜ਼ਾ	fresh (adj/i)
ਰਸੋਈ	kitchen (f)
ਸਮੋਸਾ	a stuffed pastry filled with spiced potatoes (m)
ਕੈਂਟੀਨ	cafeteria (f)
ਸੁਆਦ	taste (m)

ਥਾਂਵਾਂ *Places*

ਸ਼ਹਿਰ	city (m)
ਮਰਕਜ਼	center (m)
ਪਿੰਡ	village (m)
ਮੁਲਕ, ਦੇਸ, ਦੇਸ਼	country, land (m)
ਸਰਕਾਰ	government (f)

Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ਣ	*Adjectives*
ਖ਼ੁਸ਼	happy (adj/u)
ਦੁਖੀ	sad (adj/u)
ਹੋਰ	more (adj/u)
ਘੱਟ	less (adj/u)

ਹੋਰ ਫ਼ਾਇਦੇਮੰਦ ਸ਼ਬਦ	*Other Useful Words*
ਹਰ	every, each
ਸਿਰਫ਼	only, simply (adv)
ਦੁਆਈ, ਦਵਾਈ	medicine (f)
ਸਾਹਿਤ	literature (m)
ਨਜ਼ਰ	glance, vision (f)
ਪਰ	but (conj.)
ਮਜ਼ਾ	fun (m)
ਮਜ਼ੇਦਾਰ	enjoyable, fun (adj/u)
ਮਿਹਰ	grace, kindness (f)
ਸ਼ੁਕਰ	thanks (m)

Sri Satguru Jagjit Singh Ji eLibrary NamdhariElibrary@gmail.com

Lesson 9
ਸਬਕ ੯
The Past Habitual Tense

§ 9.1 The past tense of ਹੋਣਾ

	Singular		Plural	
1st Person	ਮੈਂ ... ਸਾਂ।		ਅਸੀਂ ... ਸਾਂ।	
	I ... was.		We ... were.	
2nd Person	ਤੂੰ ... ਸੈਂ।		ਤੁਸੀਂ ... ਸੋ।	
	You ... were.		You ... were.	
3rd Person				
Proximate:	ਇਹ ... ਸੀ।		ਇਹ ... ਸਨ।	
	He/she/it/this ... was.		They/these ... were.	
Remote:	ਉਹ ... ਸੀ।		ਉਹ ... ਸਨ।	
	He/she/it/that ... was.		They/those ... were.[1]	

Examples:

ਮੈਂ ਕੱਲ੍ਹ ਘਰ ਸਾਂ।	I was at home yesterday.
ਤੁਸੀਂ ਪਾਰਟੀ ਤੇ ਸੋ।	You were at the party.
ਕਾਰ ਗਰਾਜ ਵਿੱਚ ਸੀ।	The car was in the garage.

Negation. The negative of the past tense is formed by placing the word ਨਹੀਂ right before the verb. Unlike with the present tense, the auxiliary form of ਹੋਣਾ is not dropped with the past tense.

ਮੈਂ ਕੱਲ੍ਹ ਘਰ ਨਹੀਂ ਸਾਂ।	I was not at home yesterday.
ਤੁਸੀਂ ਪਾਰਟੀ ਤੇ ਨਹੀਂ ਸੋ।	You were not at the party.
ਕਾਰ ਗਰਾਜ ਵਿੱਚ ਨਹੀਂ ਸੀ।	The car was not in the garage.

§ 9.2 The past habitual

The past auxiliary of the verb ਹੋਣਾ is used with the imperfect participle (introduced in Lesson 8) to create the past habitual. The past habitual consists of two parts:

1. The imperfect participle
2. The past tense (auxiliary) form of ਹੋਣਾ

[1] In spoken Punjabi, ਸੀ is sometimes used as a default form in every case.

Sri Satguru Jagjit Singh Ji eLibrary NamdhariElibrary@gmail.com

This form is used to express habitual behavior in the past, and is translated in English as 'used to.' For example, ਮੈਂ ਸਕੂਲ ਜਾਂਦੀ ਸਾਂ can be translated as, 'I used to go to school.'

Masculine	Feminine	
ਮੈਂ ਕਰਦਾ ਸਾਂ	ਮੈਂ ਕਰਦੀ ਸਾਂ	I used to do
ਤੂੰ ਕਰਦਾ ਸੈਂ	ਤੂੰ ਕਰਦੀ ਸੈਂ	You used to do
ਉਹ/ਇਹ ਕਰਦਾ ਸੀ	ਉਹ/ਇਹ ਕਰਦੀ ਸੀ	S/he, it used to do
ਅਸੀਂ ਕਰਦੇ ਸਾਂ	ਅਸੀਂ ਕਰਦੀਆਂ ਸਾਂ	We used to do
ਤੁਸੀਂ ਕਰਦੇ ਸੋ	ਤੁਸੀਂ ਕਰਦੀਆਂ ਸੋ	You used to do
ਉਹ/ਇਹ ਕਰਦੇ ਸਨ	ਉਹ/ਇਹ ਕਰਦੀਆਂ ਸਨ	They used to do

Examples:

ਤੂੰ ਦਫ਼ਤਰ ਵਿੱਚ ਕੰਮ ਕਰਦਾ ਸੈਂ।	You used to work at the office.
ਅਸੀਂ ਉਨ੍ਹਾਂ ਦੇ ਘਰ ਖਾਣਾ ਖਾਂਦੇ ਸਾਂ।	We used to eat at their house.

Negation. The negative in the past habitual tense is formed by reversing the order of the imperfect participle and the past auxiliary and preceding this by the word ਨਹੀਂ.

ਮੈਂ ਨਿਊ ਯੌਰਕ ਜਾਂਦਾ ਸਾਂ।	I used to go to New York.
ਮੈਂ ਨਿਊ ਯੌਰਕ ਨਹੀਂ ਸਾਂ ਜਾਂਦਾ।	I did not use to go to New York.
ਅਸੀਂ ਰੋਜ਼ ਕਾਲਜ ਜਾਂਦੀਆਂ ਸਾਂ।	We used to go to college everyday.
ਅਸੀਂ ਰੋਜ਼ ਕਾਲਜ ਨਹੀਂ ਸਾਂ ਜਾਂਦੀਆਂ।	We did not use to go to college everyday.
ਉਹ ਫ਼ਿਲਮਾਂ ਵੇਖਦੇ ਸਨ।	They used to watch movies.
ਉਹ ਫ਼ਿਲਮਾਂ ਨਹੀਂ ਸਨ ਵੇਖਦੇ।	They did not use to watch movies.

§ 9.3 Indirect verbal constructions

In Punjabi, various indirect verbal constructions are used to express wants and needs, likes and dislikes, states of being and knowing. Some of these expressions utilize the postposition ਨੂੰ, while others use the possessive forms. The use of indirect verbal constructions requires the use of the oblique case. Whereas in the direct case the subject and verb are in agreement, in indirect verbal constructions, the placement of a postposition following the subject reflects that the action is happening to the subject and the postposition blocks agreement between the subject and verb of the sentence. As a result, the verb does not agree with the subject but rather the object of the sentence.

The basic structure of the indirect verbal construction is:

Logical Subject ਨੂੰ + Direct Object (Grammatical subject) + Verb.

Sri Satguru Jagjit Singh Ji eLibrary NamdhariElibrary@gmail.com

1. S ਨੂੰ X ਪਸੰਦ ਹੈ। = 'S likes X'

'S' is the one who is doing the liking (the logical subject) and 'X' is the object liked. The verb ਹੋਣਾ conforms to the object X (the grammatical subject) and is conjugated accordingly:

ਮੈਨੂੰ ਫ਼ਿਲਮਾਂ ਪਸੰਦ ਹਨ ।	I like films. ('Films are pleasing to me').
ਤੁਹਾਨੂੰ ਨਾਟਕ ਪਸੰਦ ਹਨ।	You like plays.
ਉਨ੍ਹਾਂ ਨੂੰ ਸ਼ਿਵ ਬਟਾਲਵੀ ਦੇ ਗੀਤ ਪਸੰਦ ਹਨ।	They like the songs of Shiv Batalvi.[2]

Note that the object of liking can be an action described by a verb.

ਉਨ੍ਹਾਂ ਨੂੰ ਖੇਡਣਾ ਪਸੰਦ ਹੈ।	They like to play.
ਮੇਰੀ ਭੈਣ ਨੂੰ ਪੜ੍ਹਨਾ ਪਸੰਦ ਹੈ।	My sister likes to read.

2. S ਨੂੰ X ਦਾ ਸ਼ੌਕ਼ ਹੈ। = 'S is fond of X' or 'S likes X'

This construction is widely used to express hobbies and interests. 'X' is the object and/or activity of liking. Because verbal infinitives in this construction are followed by a postposition (ਦਾ), they must appear in their oblique case form, in which the final / ◌ਾ / is dropped.

ਸਾਨੂੰ ਟੀ. ਵੀ. ਵੇਖਣ ਦਾ ਸ਼ੌਕ਼ ਹੈ।	We like to watch TV.
ਉਸ ਨੂੰ ਨਾਟਕ ਲਿਖਣ ਦਾ ਸ਼ੌਕ਼ ਹੈ।	S/he likes to write plays.
ਮੈਨੂੰ ਪੰਜਾਬੀ ਗੀਤ ਸੁਣਨ ਦਾ ਸ਼ੌਕ਼ ਹੈ।	I like to listen to Punjabi songs.
ਤੁਹਾਨੂੰ ਤਾਸ਼ ਖੇਡਣ ਦਾ ਸ਼ੌਕ਼ ਹੈ?	Do you like to play cards?

3. S ਨੂੰ X ਚਾਹੀਦਾ ਹੈ। = 'S needs/wants X.' (Where 'X' is a noun)
= 'S needs to/should X.' (Where 'X' is a verb)

ਚਾਹੀਦਾ (wanted, needed), which derives from the verb ਚਾਹੁਣਾ (to want), functions like an adjective and is inflected according to the gender and number of the object, 'X.' This form is used to express general needs.

ਮੈਨੂੰ ਕੰਪਿਊਟਰ ਚਾਹੀਦਾ ਹੈ।	I need a computer.
ਤੁਹਾਨੂੰ ਕੀ ਚਾਹੀਦਾ ਹੈ?	What do you need?
ਉਨ੍ਹਾਂ ਨੂੰ ਕੈਮਰੇ ਚਾਹੀਦੇ ਹਨ?	Do they need cameras?
ਮੈਨੂੰ ਖ਼ਤ ਲਿਖਣਾ ਚਾਹੀਦਾ ਹੈ।	I should write the letter.
ਤੈਨੂੰ ਕਿਤਾਬ ਪੜ੍ਹਨੀ ਚਾਹੀਦੀ ਹੈ।	You should read the book.

4. S ਨੂੰ X ਦੀ ਲੋੜ ਹੈ। = 'S needs X.'

ਲੋੜ means 'need.'

[2] A famous Punjabi poet of the 20th century.

Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਘਰ ਦੀ ਲੋੜ ਹੈ।	S/he needs a house.
ਮੈਨੂੰ ਕਾਰ ਦੀ ਲੋੜ ਹੈ।	I need a car.

§ 9.4 Additional expressions with ਨੂੰ

1. ਨੂੰ appears with motion verbs to express various feelings and phenomena. S ਨੂੰ X ਚੜ੍ਹਨਾ, for example, can be used to express the feeling of getting tipsy after drinking alcohol, using the verb ਚੜ੍ਹਨਾ (to climb/rise):

ਉਸ ਨੂੰ ਸ਼ਰਾਬ ਬਹੁਤ ਜਲਦੀ ਚੜ੍ਹਦੀ ਹੈ।	S/he gets tipsy quickly.
or	
ਉਸ ਨੂੰ ਸ਼ਰਾਬ ਦਾ ਨਸ਼ਾ ਬਹੁਤ ਜਲਦੀ ਚੜ੍ਹਦਾ ਹੈ।	

In the first sentence, ਸ਼ਰਾਬ ('alcohol') is the grammatical subject, and in the second, ਨਸ਼ਾ ('intoxication') is the grammatical subject.

ਨੂੰ is sometimes used with ਆਉਣਾ to express an ability to do things. Note that in the sentences below, the grammatical subjects of the sentences are again different in Punjabi than they are in English. In the second and third sentences, the verbs ਪੜ੍ਹਨਾ and ਬੋਲਣਾ are inflected to make them agree with ਪੰਜਾਬੀ.

ਮੈਨੂੰ ਪੰਜਾਬੀ ਨਹੀਂ ਆਉਂਦੀ।	I don't know Punjabi. ('To me Punjabi doesn't come.')
ਤੁਹਾਨੂੰ ਪੰਜਾਬੀ ਪੜ੍ਹਨੀ ਆਉਂਦੀ ਹੈ?	Can you read Punjabi?
ਵਿਦਿਆਰਥੀਆਂ ਨੂੰ ਪੰਜਾਬੀ ਬੋਲਣੀ ਆਉਂਦੀ ਹੈ।	Students can speak Punjabi

'S ਨੂੰ X ਆਉਣਾ' is also used to express other meanings. Think of the way in English one says 'He gets angry,' or, 'She gets sick.' One does not actually 'get' these things; that is just how the phenomena are expressed idiomatically. In Punjabi, one says that these phenomena 'come' (ਆਉਣਾ).

ਮੈਨੂੰ ਉਸ ਦੀ ਯਾਦ ਆਉਂਦੀ ਹੈ।	I miss him/her.
ਤੁਹਾਨੂੰ ਬਹੁਤ ਗ਼ੁੱਸਾ ਆਉਂਦਾ ਹੈ।	You are very irritable.
ਉਸ ਨੂੰ ਪਹਾੜੀ ਸਫ਼ਰ ਵਿੱਚ ਉਲਟੀਆਂ ਆਉਂਦੀਆਂ ਹਨ।	S/he throws up during travel in the hills.

2. 'S ਨੂੰ X ਲੱਗਣਾ' is used to express feelings and effects, where 'X' is a feeling or quality. ਲੱਗਣਾ literally means 'to seem,' 'to strike,' or 'to attach.' With ਨੂੰ it enables one to express how one feels, or how things seem.

ਸੁਹਣਾ ਲੱਗਣਾ	to look beautiful
ਚੰਗਾ ਲੱਗਣਾ	to seem good

Sri Satguru Jagjit Singh Ji eLibrary NamdhariElibrary@gmail.com

ਭੁੱਖ ਲੱਗਣੀ	to feel hungry
ਗਰਮੀ ਲੱਗਣੀ	to feel hot
ਮੈਨੂੰ ਤੂੰ ਬਹੁਤ ਸੁਹਣੀ ਲੱਗਦੀ ਹੈਂ।	You look very beautiful. ('You seem to me to be very beautiful').
ਤੁਹਾਨੂੰ ਉਹ ਤਸਵੀਰ ਚੰਗੀ ਲੱਗਦੀ ਹੈ?	Do you like that painting?
ਤੁਸੀਂ ਉਸ ਨੂੰ ਬਹੁਤ ਚੰਗੇ ਲੱਗਦੇ ਹੋ।	S/he likes you very much.

3. ਨੂੰ can be used to express knowledge through the construction 'S ਨੂੰ [X] (ਦਾ) ਪਤਾ ਹੋਣਾ' (where 'X' is the object known):

ਉਸ ਨੂੰ ਪਤਾ ਨਹੀਂ।	He doesn't know. ('To him there is not knowledge').
ਮੈਨੂੰ ਕੁੱਝ ਨਹੀਂ ਪਤਾ।	I do not know anything.
ਉਨ੍ਹਾਂ ਨੂੰ ਤੁਹਾਡੇ ਆਉਣ ਦਾ ਪਤਾ ਹੈ।	They know about your arrival.

4. ਨੂੰ is used to mark the objects of transitive verbs. In the case of indirect objects it acts like 'to' in English.

ਮੈਂ ਸਬੀਨਾ ਨੂੰ ਕਿਤਾਬਾਂ ਦੇਂਦਾ ਹਾਂ।	I give books to Sabina.

ਨੂੰ is used with direct objects if they are animate (i.e. people and, often, other animals). When used with inanimate direct objects, ਨੂੰ marks them as definite (specific). It is not translated *per se*; it functions merely as a grammatical marker.

ਮੈਂ ਭਾਅ ਜੀ ਨੂੰ ਆਮ ਮਿਲਦੀ ਹਾਂ।	I meet brother often.
ਤੁਸੀਂ ਇਸ ਕਿਤਾਬ ਨੂੰ ਹਰ ਰੋਜ਼ ਪੜ੍ਹਦੇ ਹੋ?	Do you read this book everyday?

Note: Although ਨੂੰ can indicate movement 'to' a place, in such contexts it is generally omitted. However, the noun (place) is required to be in the oblique case to reflect its grammatical position. For example:

ਮੇਰੀ ਭੈਣ ਪਟਿਆਲੇ ਜਾਂਦੀ ਹੈ।	My sister goes to Patiala.
ਅਸੀਂ ਲਹੌਰ ਜਾਂਦੇ ਹਾਂ।	We go to Lahore.

Sri Satguru Jagjit Singh Ji eLibrary NamdhariElibrary@gmail.com

Dialogue **Taking a Cycle Rickshaw in Chandigarh**
ਗੱਲ-ਬਾਤ ਚੰਡੀਗੜ੍ਹ ਵਿੱਚ ਸਾਈਕਲ ਰਿਕਸ਼ਾ ਲੈਂਦੇ ਹੋਏ

ਰਿਕਸ਼ੇ ਵਾਲਾ:	ਹਾਂ ਜੀ, ਕਿੱਥੇ ਚੱਲੋਗੇ?
ਜੈਫ਼:	ਹੋਟਲ ਸ਼ਿਵਾਲਿਕ ਵਿਊ। ਕਿੰਨੇ ਪੈਸੇ?
ਰਿਕਸ਼ੇ ਵਾਲਾ:	ਪੰਜਾਹ ਰੁਪਏ।
ਜੈਫ਼:	ਪੰਜਾਹ ਰੁਪਏ ਤਾਂ ਬਹੁਤ ਜ਼ਿਆਦਾ ਹਨ। ਸ਼ਿਵਾਲਿਕ ਵਿਊ ਤਾਂ ਨੇੜੇ ਹੀ ਹੈ, ਆ ਰਿਹਾ ਸੈਕਟਰ ੧੭.
ਰਿਕਸ਼ੇ ਵਾਲਾ:	ਸਾਹਿਬ, ਕੀ ਗੱਲ ਕਰਦੇ ਹੋ? ਕਾਫ਼ੀ ਦੂਰ ਹੈ ਅਤੇ ਰਾਤ ਦਾ ਵੇਲਾ ਹੈ।
ਜੈਫ਼:	ਚੱਲ, ਤੀਹ ਲੈ ਲਈਂ।
ਰਿਕਸ਼ੇ ਵਾਲਾ:	ਚਲੋ ਪੈਂਤੀ ਦੇ ਦਿਓ। ਆਓ ਬੈਠੋ ਸਾਹਿਬ। ਤੁਸੀਂ ਕਿਹੜੇ ਮੁਲਕ ਤੋਂ ਆਏ ਹੋ?
ਜੈਫ਼:	ਮੈਂ ਅਮਰੀਕਾ ਦਾ ਰਹਿਣ ਵਾਲਾ ਹਾਂ।
ਰਿਕਸ਼ੇ ਵਾਲਾ:	ਤੁਸੀਂ ਪੰਜਾਬੀ ਚੰਗੀ ਬੋਲਦੇ ਹੋ।ਕਿੱਥੋਂ ਸਿੱਖੀ ਸੀ?
ਜੈਫ਼:	ਅਮਰੀਕਾ ਵਿੱਚ ਸਿੱਖੀ ਸੀ, ਤੇ ਛੇ ਮਹੀਨਿਆਂ ਤੋਂ ਪੰਜਾਬ ਵਿੱਚ ਰਹਿ ਰਿਹਾ ਹਾਂ।
ਰਿਕਸ਼ੇ ਵਾਲਾ:	ਇਹ ਤੁਹਾਡਾ ਹਿੰਦੁਸਤਾਨ ਦਾ ਪਹਿਲਾ ਗੇੜਾ ਹੈ?
ਜੈਫ਼:	ਨਹੀਂ, ਦੋ ਸਾਲ ਪਹਿਲਾਂ ਵੀ ਆਇਆ ਸਾਂ।
ਰਿਕਸ਼ੇ ਵਾਲਾ:	ਉਸ ਵਕ਼ਤ ਤੁਸੀਂ ਕਿੱਥੇ ਠਹਿਰੇ ਸੋ?
ਜੈਫ਼:	ਦੋ ਮਹੀਨੇ ਅੰਮ੍ਰਿਤਸਰ ਤੇ ਇੱਕ ਮਹੀਨਾ ਪਟਿਆਲੇ ਰਿਹਾ ਸਾਂ।
ਰਿਕਸ਼ੇ ਵਾਲਾ:	ਓਦੋਂ ਤੁਸੀਂ ਕੀ ਕੀਤਾ ਸੀ?
ਜੈਫ਼:	ਮੈਂ ਪੰਜਾਬੀ ਕਲਾ ਬਾਰੇ ਖੋਜ ਕਰਦਾ ਸਾਂ।
ਰਿਕਸ਼ੇ ਵਾਲਾ:	ਲਓ ਜੀ, ਗੱਲਾਂ ਗੱਲਾਂ ਵਿੱਚ ਪਤਾ ਹੀ ਨਹੀਂ ਲੱਗਿਆ ਤੇ ਤੁਹਾਡਾ ਹੋਟਲ ਆ ਗਿਆ।
ਜੈਫ਼:	ਇਹ ਲਓ ਪੈਂਤੀ ਰੁਪਏ, ਬਹੁਤ ਮਿਹਰਬਾਨੀ।

Exercise 9.1 Translate:

1. They used to buy clothes from this shop.
2. He used to live in Punjab.
3. My friend used to play the *tabla*.
4. We used to see many Hindi films.
5. I used to work in New York.
6. The people were hungry. (Phrase as, 'The people used to be hungry.')
7. The children used to read books.
8. Their house used to be in the middle of the city.
9. Did the professor (used to) know Arabic and Farsi?
10. Did you (used to) go to the market?

Exercise 9.2 Translate:

1. ਬੱਚੇ ਬਾਗ਼ ਵਿੱਚ ਖੇਡਦੇ ਸਨ।
2. ਮੌਸਮ ਬਹੁਤ ਖ਼ਰਾਬ ਸੀ।
3. ਚੰਬੇਲੀ ਦੇ ਫੁੱਲ ਖ਼ੁਸ਼ਬੂਦਾਰ ਸਨ।
4. ਮੇਰੇ ਪਿੰਡ ਵਿੱਚ ਬੋਹੜ ਦਾ ਦਰਖ਼ਤ ਸੀ।
5. ਮੁੰਡੇ ਹਰ ਸ਼ਾਮ ਖੇਤਾਂ ਵਿੱਚ ਕੰਮ ਕਰਦੇ ਸਨ।

Sri Satguru Jagjit Singh Ji eLibrary NamdhariElibrary@gmail.com

Exercise 9.3 Negate the sentences:

1. ਆਇਸ਼ਾ ਸਿਲਾਈ ਸਿੱਖਦੀ ਸੀ।
2. ਮੈਂ ਕਾਰ ਚਲਾਉਂਦਾ ਸਾਂ।
3. ਮਨਪ੍ਰੀਤ ਤਬਲਾ ਵਜਾਉਂਦੀ ਸੀ।
4. ਸਾਡੇ ਦੋਸਤ ਸ਼ਾਇਰੀ ਕਰਦੇ ਸਨ।
5. ਮੈਨੂੰ ਰਾਤੀਂ ਨੀਂਦ ਆਉਂਦੀ ਸੀ।

Exercise 9.4 Translate:

1. ਮੈਨੂੰ ਪੜ੍ਹਨਾ ਪਸੰਦ ਨਹੀਂ।
2. ਸਾਨੂੰ ਕੰਮ ਕਰਨਾ ਚਾਹੀਦਾ ਹੈ।
3. ਉਸ ਨੂੰ ਸਕੂਲ ਚੰਗਾ ਲੱਗਦਾ ਸੀ।
4. ਉਸ ਨੂੰ ਜਾਣਾ ਚਾਹੀਦਾ ਸੀ।
5. ਤੈਨੂੰ ਟੈਨਿਸ ਖੇਡਣ ਦਾ ਸ਼ੌਕ ਹੈ?

Exercise 9.5 Create a 10-12 sentence dialogue about your hobbies and interests, likes and dislikes.

ਸ਼ਬਦਾਵਲੀ	**Vocabulary**
ਕਿਰਿਆਵਾਂ	*Verbs*
ਚਲਾਉਣਾ	to drive (vt)
ਚੜ੍ਹਨਾ	to climb, rise (vi)
ਦੇਣਾ	to give (vt)
ਲੱਗਣਾ	to seem, attach, apply (vi)
ਵੇਖਣਾ	to see, watch (vt)
ਵਿਖਾਉਣਾ	to show (vt)
ਸੁਣਨਾ	to hear, listen (vt)
ਦੱਸਣਾ	to tell (vt)
ਖੇਡਣਾ	to play (sport, game, etc.) (vt)
ਵਜਾਉਣਾ	to play (instrument) (vt)
ਬਿਤਾਉਣਾ	to spend, pass (time) (vt)
ਪਸੰਦਾਂ ਤੇ ਲੋੜਾਂ	*Interests and Needs*
ਪਸੰਦ	liking, preference (f)
ਚਾਹੁਣਾ	to want (vt)
ਚਾਹੀਦਾ	wanted, required (adj/i)
ਲੋੜ	need (f)
ਜ਼ਰੂਰਤ	necessity, requirement (f)

Sri Satguru Jagjit Singh Ji eLibrary NamdhariElibrary@gmail.com

ਸ਼ੌਕ, ਸ਼ੌਂਕ	hobby, interest (m)
ਸੰਗੀਤ	music (m)
ਗੀਤ	song (m)
ਤਬਲਾ	*tabla*, pair of drums in Indian music (m)
ਸਫ਼ਰ	travel, journey (m)
- ਕਰਨਾ	to travel (vt)
ਸਿਲਾਈ	sewing (f)
- ਕਰਨਾ	to sew (vt)
ਖੇਡ; ਖੇਡਾਂ	game (f); sports (f pl)
ਤਾਸ਼	cards (f)
ਟੈਨਿਸ	tennis (f)
ਨਾਟਕ	drama, play (m)
ਫ਼ਿਲਮ	film (f)

ਭਾਵ ਤੇ ਹਾਲ — *Feelings and States*

ਗੁੱਸਾ	anger (m)
ਨੀਂਦ	sleep (f)
ਬੀਮਾਰੀ; ਬੀਮਾਰ	illness (f); ill (adj/u)
ਜ਼ੁਕਾਮ	cold (illness) (m)
ਬੁਖ਼ਾਰ	fever (m)
ਭੁੱਖ	hunger (f)
ਯਾਦ	memory (f)

ਕੁਦਰਤ — *Nature*

ਕੁਦਰਤ	nature (f)
ਕੁਦਰਤੀ	natural (adj/u)
ਜ਼ਮੀਨ	ground, land, soil (f)
ਦਰਿਆ	river (m)
ਸਮੁੰਦਰ	ocean (m)
ਛੱਪੜ	pond (m)
ਝੀਲ	lake (f)
ਬਨਾਸਪਤੀ	vegetation, flora (f)
ਦਰਖ਼ਤ	tree (m)
ਬੋਹੜ	banyan tree (m)
ਚੰਬੇਲੀ	jasmine (f)
ਮੌਸਮ	weather (m)
ਮੀਂਹ	rain (m)

Sri Satguru Jagjit Singh Ji eLibrary NamdhariElibrary@gmail.com

ਵਿਸ਼ੇਸ਼ਣ	*Adjectives*
ਆਮ	general, ordinary, common (adj/u)
ਖ਼ਾਸ	special, particular (adj/u)
ਵਧੀਆ	great, excellent (adj/u)
ਖ਼ਰਾਬ	bad; messed-up (adj/u)
ਖ਼ੁਸ਼ਬੂਦਾਰ	fragrant (adj/u)
ਹਲਕਾ	light (adj/i)
ਗੂੜ੍ਹਾ	dark (color) (adj/i)
ਫ਼ਾਖ਼ਤਾ	dove-colored (adj/i)
ਇਕੱਠਾ	all together (adj/i)
ਅਲੱਗ	separate (adj/u)
ਅਲੱਗ-ਅਲੱਗ	various, separate (adj/u)

ਟ੍ਰਾਂਸਪੋਰਟ	*Transport*
ਸਾਈਕਲ	cycle (m)
ਰਿਕਸ਼ਾ	rickshaw (m)
ਟੈਕਸੀ	taxi (f)
ਬੱਸ	bus (f)
ਹਵਾਈ ਜਹਾਜ਼	airplane (m)
ਰੇਲ-ਗੱਡੀ	train (f)
ਸਟੇਸ਼ਨ	station (m)
ਗੇੜਾ	turn, circuit (m)

ਸਮਾਂ/ਵਕ਼ਤ	*Time*
ਕੱਲ੍ਹ	tomorrow; yesterday (m)
ਸ਼ਾਮ	evening (f)
ਰਾਤੀਂ	'at night'

ਹੋਰ ਫ਼ਾਇਦੇਮੰਦ ਸ਼ਬਦ	*Other Useful Words*
ਰੁਪਈਆ	name used for Indian currency, *rupee* (m)
ਪੈਸਾ	money; *paisa*, one 100th of a rupee (m)
ਬਜ਼ਾਰ, ਮਾਰਕੀਟ	market (m, f)
ਪਤਾ	information; address (m)

Sri Satguru Jagjit Singh Ji eLibrary NamdhariElibrary@gmail.com

Lesson 10
ਸਬਕ ੧੦
Imperatives

§ 10.1 Imperatives

Imperatives are used to express orders and requests. Usage of specific forms is determined by a speaker's desired tone of voice and the context. There are two different forms of the regular imperative:

1. *Informal Singular:* When addressing someone as ਤੂੰ, the imperative consists of simply the root of the verb.

ਇਹ ਕੰਮ ਕਰ।	Do this work.
ਖ਼ਤ ਛੇਤੀ ਲਿਖ।	Write the letter quickly.
ਪੰਜਾਬੀ ਬੋਲਣੀ ਸਿੱਖ।	Learn to speak Punjabi.

2. *Formal Singular/Plural:* When addressing someone as ਤੁਸੀਂ, the imperative is formed by adding ਓ (or in some cases, ਵੋ) to the root.

ਕਿਰਪਾ ਕਰ ਕੇ ਕੁਰਸੀ ਤੇ ਬੈਠੋ।	Please/kindly sit on the chair.
ਖਾਣਾ ਖਾਓ ਤੇ ਦੁੱਧ ਪੀਓ/ਪੀਵੋ।	Eat food and drink milk.
ਤੇ ਵਾਰਿਸ ਸ਼ਾਹ ਦੀ ਹੀਰ ਸੁਣਾਓ।	And recite Varis Shah's *Hir*.

In imperative phrases the pronoun (ਤੂੰ or ਤੁਸੀਂ) is generally omitted.

Some verbs take irregular imperative forms for ਤੁਸੀਂ. The most common of these are:

ਦੇਣਾ: ਦਿਓ
ਲੈਣਾ: ਲਓ
ਸੌਣਾ: ਸਓਂ

Negation. To negate the imperative, place ਨਾ before the verb.

ਇਹ ਕੰਮ ਨਾ ਕਰ।	Don't do this work.
ਕਿਤਾਬ ਛੇਤੀ ਨਾ ਪੜ੍ਹ।	Don't read the book fast.
ਕਿਰਪਾ ਕਰ ਕੇ ਕੁਰਸੀ ਤੇ ਨਾ ਬੈਠੋ।	Please don't sit on the chair.

Sri Satguru Jagjit Singh Ji eLibrary NamdhariElibrary@gmail.com

§ 10.2 Polite imperatives

To make a request it is sufficient to use the ਤੁਸੀਂ form of the regular imperative. However, some dialects include additional forms that suggest an added 'please.'

1. With ਤੂੰ, the imperative consists of the root + ਈਂ (or ਵੀਂ).

ਥੋੜ੍ਹੀ ਰੋਟੀ ਖਾਈਂ।	Eat less food.
ਚਿੱਠੀ ਅਗਲੇ ਹਫ਼ਤੇ ਲਿਖੀਂ।	Write the letter next week.
ਸ਼ਾਮ ਨੂੰ ਸਟੇਸ਼ਨ ਆਈਂ।	Come to the railway station in the evening
ਪਾਣੀ ਪੀਈਂ/ਪੀਵੀਂ ।	Drink water.

Variant forms:

ਦੇਣਾ:	ਦੇਈਂ, ਦੇਵੀਂ
ਲੈਣਾ:	ਲਈਂ, ਲਵੀਂ
ਸੌਣਾ:	ਸੌਈਂ, ਸਵੀਂ

2. With ਤੁਸੀਂ, the imperative consists of the root + ਇਓ.

ਕਾਰ ਤੇਜ਼ ਨਾ ਚਲਾਇਓ।	Don't drive the car fast.
ਖਾਣਾ ਹੌਲੀ ਖਾਇਓ।	Eat the food slowly.
ਮਕਡੌਨਲਡਜ਼ ਨਾ ਜਾਇਓ।	Don't go to McDonald's.
ਕਾਫ਼ੀ ਨਾ ਪੀਇਓ।	Don't drink coffee.

§ 10.3 Verbal infinitives as imperatives

The verbal infinitive can also be used as an imperative, especially common in public notices and official instructions:

ਇੱਧਰ ਚੱਲਣਾ	Walk here.
ਪਰਸੋਂ ਆਉਣਾ	Come day after tomorrow.
ਦਰਵਾਜ਼ਾ ਬੰਦ ਰੱਖਣਾ	Keep the door closed.
ਛੇਤੀ ਕਰਨਾ	Please hurry.

ਨਾ is used for negative constructions:

ਮਾੜਾ ਖਾਣਾ ਨਾ ਖਾਣਾ!	Don't eat bad food!
ਆਪਣਾ ਸਾਮਾਨ ਨਾ ਭੁੱਲਣਾ!	Don't forget your luggage!

Sri Satguru Jagjit Singh Ji eLibrary NamdhariElibrary@gmail.com

§ 10.4 Conveying similarity or 'like'

There are several ways of expressing similarity. The inflecting postposition ਵਰਗਾ is used to compare objects or people with one another in terms of size, color, quality, etc.

ਤੇਰੇ ਦੋਸਤ ਦੀ ਸ਼ਕਲ ਮੇਰੇ ਭਰਾ ਵਰਗੀ ਹੈ।	Your friend resembles my brother.
ਤੁਹਾਡੇ ਵਰਗਾ ਦੁਨੀਆ ਵਿੱਚ ਕੋਈ ਨਹੀਂ।	There is nobody like you in the world.

Other terms for expressing equality or likeness are:

ਜਿਹਾ	like/-ish
ਵਾਂਙ/ਵਾਂਙੂੰ	like
[ਦੀ] ਤਰ੍ਹਾਂ	like

ਜਿਹਾ is a suffix that inflects to agree in number and gender with what follows, while the postpositions ਵਾਂਙ, ਵਾਂਙੂੰ, and ਤਰ੍ਹਾਂ remain invariable.

ਤੁਹਾਡੇ ਤੇ ਸਾਡੇ ਕੱਪੜੇ ਇੱਕੋ ਜਿਹੇ ਹਨ।	Your clothes and our clothes are alike.
ਅਸੀਂ ਉਸਤਾਦ ਜੀ ਵਾਂਙ ਚੰਗੀ ਪੰਜਾਬੀ ਬੋਲਦੇ ਹਾਂ।	Like the teacher, we speak Punjabi well.
ਉਹ ਕੁੜੀ ਆਪਣੀ ਭੈਣ ਵਾਂਙ ਲਿਖਦੀ ਹੈ।	That girl writes like her sister.
ਮੇਰੀ ਤਰ੍ਹਾਂ ਖੇਡ!	Play like me!

§ 10.5 ਕੋਈ and ਕੁੱਝ

ਕੋਈ and ਕੁੱਝ translate as 'someone'/'some' and 'something'/'some' respectively. In questions, ਕੋਈ and ਕੁੱਝ translate as 'anyone' and 'anything'/'any', while in negative sentences, they correspond to 'no one' and 'nothing.' Generally, when ਕੋਈ is used as a pronoun or as an adjective it refers to an animate objects while ਕੁੱਝ refers to an inanimate objects.

ਬੱਸ ਵਿੱਚ ਕੋਈ ਹੈ।	Someone is in the bus.
ਕੋਈ ਹੋਰ ਕਹਾਣੀ ਸੁਣਾਓ।	Tell me some other story.
ਸਾਡੇ ਘਰ ਕੁੱਝ ਤਸਵੀਰਾਂ ਹਨ।	There are some paintings in our house.
ਤੇਰੇ ਅਪਾਰਟਮੈਂਟ ਵਿੱਚ ਕੋਈ ਹੈ?	Is there anyone in your apartment?
ਤੁਹਾਡੇ ਕਮਰੇ ਵਿੱਚ ਕੁੱਝ ਹੈ?	Do you have anything in your room?
ਮੇਰੇ ਅਪਾਰਟਮੈਂਟ ਵਿੱਚ ਕੋਈ ਨਹੀਂ।	There is no one in my apartment.
ਮੇਰੇ ਕਮਰੇ ਵਿੱਚ ਕੁੱਝ ਨਹੀਂ।	There is nothing in my room.

The oblique form of ਕੋਈ is ਕਿਸੇ. It should not be confused with ਕਿਸ, the oblique form of ਕੌਣ. Note the difference between the two below.

Sri Satguru Jagjit Singh Ji eLibrary NamdhariElibrary@gmail.com

ਉਹ **ਕਿਸ** ਦਾ ਦੋਸਤ ਹੈ?	Whose friend is he?
ਉਹ **ਕਿਸੇ** ਦਾ ਦੋਸਤ ਨਹੀਂ।	He is not anyone's friend.
ਤੁਹਾਡੇ ਘਰ ਸਾਹਮਣੇ ਕਿਸੇ ਦੀ ਗੱਡੀ ਹੈ।	Someone's car is in front of your house.
ਬੱਸ ਵਿੱਚ ਕਿਸੇ ਕੋਲ ਟਿਕਟ ਹੈ?	Does anyone on the bus have a ticket?
ਕਿਸੇ ਹੋਰ ਦਿਨ ਆਉਣਾ।	Please come some other day.

Additional expressions using ਕੋਈ and ਕੁੱਝ

ਕੋਈ ਨਾ ਕੋਈ	someone or the other
ਕੁੱਝ ਨਾ ਕੁੱਝ	something or the other
ਕੋਈ ਹੋਰ	some other; some(one) else
ਕੁੱਝ ਹੋਰ	something else

ਕੋਈ ਨਾ ਕੋਈ ਗੱਲ ਜ਼ਰੂਰ ਹੈ।	Something or the other is certainly the matter.
ਕੁੱਝ ਨਾ ਕੁੱਝ ਤਾਂ ਦੱਸੋ।	Please tell us something or the other.
ਕੋਈ ਹੋਰ ਤਾਜ਼ਾ ਖ਼ਬਰ?	Any other new news?

Dialogue — Riding the Punjab Roadways Bus to Wagha
ਗੱਲ-ਬਾਤ — ਵਾਘੇ ਜਾਂਦੀ ਪੰਜਾਬ ਰੋਡਵੇਜ਼ ਦੀ ਬੱਸ ਤੇ

A conversation between Mary, a passenger and the bus conductor.

ਮੇਰੀ: ਮੁਆਫ਼ ਕਰਨਾ ਇਹ ਬੱਸ ਵਾਘੇ ਜਾਂਦੀ ਹੈ?

ਕੰਡਕਟਰ: ਇਹ ਬੱਸ ਅਟਾਰੀ ਤੱਕ ਜਾਵੇਗੀ। ਉਥੋਂ ਵਾਘਾ ਦੂਰ ਨਹੀਂ ਤੇ ਤੁਹਾਨੂੰ ਅਸਾਨੀ ਨਾਲ਼ ਰਿਕਸ਼ਾ ਮਿਲ਼ ਜਾਵੇਗਾ। ਤੁਸੀਂ ਇੱਥੇ ਨਵੇਂ ਲੱਗਦੇ ਹੋ? ਵਾਘੇ ਕੀ ਕਰਨ ਜਾ ਰਹੇ ਹੋ?

ਮੇਰੀ: ਮੈਂ ਅਮਰੀਕਾ ਤੋਂ ਹਾਂ ਤੇ ਇੱਥੇ ਪੰਜਾਬੀ ਸਭਿਆਚਾਰ ਪੜ੍ਹਨ ਆਈ ਹਾਂ। ਵਾਘੇ ਦੇ ਬਾਰਡਰ ਤੇ ਸ਼ਾਮ ਨੂੰ ਝੰਡੇ ਤਹਿ ਕਰਨ ਦੀ ਰਸਮ ਬਾਰੇ ਤਾਂ ਤੁਸੀਂ ਸੁਣਿਆ ਹੀ ਹੋਵੇਗਾ।

ਕੰਡਕਟਰ: ਵਾਹ ਬਈ ਵਾਹ! ਮੈਂ ਇਹ ਤਾਂ ਸੁਣਿਆ ਸੀ ਕਿ ਹਿੰਦੁਸਤਾਨੀ, ਵਡੇਰੀ ਗਿਣਤੀ ਵਿੱਚ, ਪੜ੍ਹਾਈ ਲਈ ਅਮਰੀਕਾ ਜਾਂਦੇ ਹਨ ਪਰ ਇਹ ਕਦੇ ਨਹੀਂ ਸੀ ਸੁਣਿਆ ਕਿ ਅਮਰੀਕਣ ਵੀ ਇੱਥੇ ਆ ਕੇ ਪੜ੍ਹਦੇ ਹਨ। ਹਾਂ, ਵਾਘਾ ਅੱਜ-ਕੱਲ੍ਹ ਕਾਫ਼ੀ ਮਸ਼ਹੂਰ ਹੋ ਚੁੱਕਿਆ ਹੈ। ਸਰਹੱਦ ਦੇ ਦੋਵੇਂ ਪਾਸਿਉਂ (ਯਾਨੀ ਲਹਿੰਦੇ ਤੇ ਚੜ੍ਹਦੇ ਪੰਜਾਬ ਦੋਵਾਂ ਤੋਂ) ਲੋਕ ਹੁਮ-ਹੁਮਾ ਕੇ ਇਸ ਰਸਮ ਨੂੰ ਵੇਖਣ ਆਉਂਦੇ ਹਨ। ਵਾਘੇ ਤੋਂ ਇਲਾਵਾ ਤੁਸੀਂ ਹੋਰ ਕਿਤੇ ਵੀ ਜਾਓਗੇ?

ਮੇਰੀ: ਮੈਂ ਪਹਿਲਾਂ ਲਹੌਰ ਰਹਿ ਚੁੱਕੀ ਹਾਂ ਤੇ ਉੱਥੇ ਮੇਰੇ ਕਈ ਦੋਸਤ ਰਹਿੰਦੇ ਹਨ। ਅਮਰੀਕਣ ਹੋਣ ਦਾ ਇੱਕ ਵੱਡਾ ਫ਼ਾਇਦਾ ਇਹ ਹੈ ਕਿ ਤੁਸੀਂ ਪੈਦਲ ਹੀ ਸਰਹੱਦ ਪਾਰ ਕਰ ਕੇ ਲਹੌਰ ਜਾ ਸਕਦੇ ਹੋ।

ਕੰਡਕਟਰ: ਤੁਸੀਂ ਬੜੀ ਕ੍ਰਿਸਮਤ ਵਾਲ਼ੇ ਹੋ ਬੀਬਾ ਜੀ। ਸਾਨੂੰ ਹਿੰਦੁਸਤਾਨੀਆਂ ਨੂੰ ਤਾਂ ਪਾਕਿਸਤਾਨ ਦੇ ਵੀਜ਼ੇ ਲਈ ਕਈ ਪਾਪੜ ਵੇਲਣੇ ਪੈਂਦੇ ਹਨ। ਚਲੋ, ਖ਼ੁਸ਼ੀਆਂ ਮਾਣੋ! ਰੱਬ ਤੁਹਾਨੂੰ ਕਾਮਯਾਬੀ ਬਖ਼ਸ਼ੇ।

ਮੇਰੀ: ਬਹੁਤ ਬਹੁਤ ਮਿਹਰਬਾਨੀ ਜੀ। ਰੱਬ ਰਾਖਾ!

Sri Satguru Jagjit Singh Ji eLibrary NamdhariElibrary@gmail.com

Exercise 10.1 Write 10 sentences in the imperative using formal and informal tones of voice. Then negate them.

Exercise 10.2 Translate the following sentences into Punjabi. Use both the informal and formal/plural imperatives for each sentence.

1. Please speak with her.
2. Tell me his name.
3. Put that book on this table.
4. Do not drink that dirty water.
5. Tell me the price of these flowers.
6. Do not ask me difficult questions.
7. Please take that book.
8. Sing a lullaby to the children.
9. Please bring me the newspaper.
10. Come back soon.

ਸ਼ਬਦਾਵਲੀ	**Vocabulary**
ਕਿਰਿਆਵਾਂ	*Verbs*
ਸੁਣਾਉਣਾ	to tell, recite (vt)
ਗੱਲ ਕਰਨੀ	to talk, converse (vt)
ਚੱਖਣਾ	to taste (vt)
ਚੱਲਣਾ	to move (vi)
ਤਹਿ ਕਰਨਾ	to fold (vt)
ਬੈਠਣਾ	to sit (vi)
ਵਿਸ਼ੇਸ਼ਣ ਤੇ ਕਿਰਿਆ ਵਿਸ਼ੇਸ਼ਣ	*Adjectives and Adverbs*
ਅਗਲਾ	next (adj/i)
ਪਿਛਲਾ	last, previous (adj/i)
ਹੌਲੀ	slowly; gently (adv)
ਛੇਤੀ, ਜਲਦੀ	quickly, early (adv)
ਦੇਰ; ਦੇਰ ਨਾਲ	lateness, delay (f); late (adv)
ਤੇਜ਼	fast, swift (adj/u)
ਇੱਧਰ, ਇਸ ਤਰਫ਼	this direction (adv)
ਉੱਧਰ, ਉਸ ਤਰਫ਼	that direction (adv)
ਵਾਪਸ	back (adv)
ਸਾਫ਼	clean (adj/u)
ਗੰਦਾ	dirty (adj/i)
ਮੈਲ਼ਾ	soiled (adj/i)

Sri Satguru Jagjit Singh Ji eLibrary NamdhariElibrary@gmail.com

ਹੁਣੇ	right now, immediately (adv)
ਹੁਮ-ਹੁਮਾ ਕੇ	in large numbers (adv)
ਮਸ਼ਹੂਰ	famous (adj/u)

ਹੋਰ ਫ਼ਾਇਦੇਮੰਦ ਸ਼ਬਦ *Other Useful Words*

ਸੁਆਲ, ਸਵਾਲ	question (m)
ਜੁਆਬ, ਜਵਾਬ	answer (m)
ਕ਼ੀਮਤ	price, cost (f)
ਸਭਿਆਚਾਰ	culture (m)
ਲੋਰੀ	lullaby (f)
ਜ਼ਰਾ	just, a little bit (adv)
ਯਾਨੀ	that is, meaning (adv)
ਚੜ੍ਹਦਾ ਪੰਜਾਬ	East (Indian) Punjab
ਲਹਿੰਦਾ ਪੰਜਾਬ	West (Pakistani) Punjab
ਪਾਪੜ ਵੇਲਨਾ	to run about doing things without much result (vt)
ਕਾਮਯਾਬੀ	success (f)

Sri Satguru Jagjit Singh Ji eLibrary NamdhariElibrary@gmail.com

Lesson 11
ਸਬਕ ੧੧
The Progressive Tense

§ 11.1 The progressive tense

The progressive tense indicates action in progress, past or present. Its construction consists of three parts:

1. The root of the main verb.

2. The particle ਰਿਹਾ, ਰਹੇ, ਰਹੀ, or ਰਹੀਆਂ, chosen so as to agree in number and gender with the subject.

3. The appropriate present auxiliary or past auxiliary form of the verb ਹੋਣਾ.

§ 11.2 The present progressive

The present progressive conveys action in progress in the present. Using the verb ਕਰਨਾ as an example, the conjugations of the present progressive are:

Masculine	Feminine	
ਮੈਂ ਸੁਣ ਰਿਹਾ ਹਾਂ	. . . ਰਹੀ ਹਾਂ	I am listening
ਤੂੰ ਸੁਣ ਰਿਹਾ ਹੈਂ	. . . ਰਹੀ ਹੈਂ	You are listening
ਉਹ ਸੁਣ ਰਿਹਾ ਹੈ	. . . ਰਹੀ ਹੈ	S/he listening
ਅਸੀਂ ਸੁਣ ਰਹੇ ਹਾਂ	. . . ਰਹੀਆਂ ਹਾਂ	We are listening
ਤੁਸੀਂ ਸੁਣ ਰਹੇ ਹੋ	. . . ਰਹੀਆਂ ਹੋ	You are listening
ਉਹ ਸੁਣ ਰਹੇ ਹਨ	. . . ਰਹੀਆਂ ਹਨ	They are listening

Examples:

ਅਸੀਂ ਪੰਜਾਬੀ ਪੜ੍ਹ ਰਹੇ ਹਾਂ।	We are reading Punjabi.
ਬੱਚੇ ਗੀਤ ਗਾ ਰਹੇ ਹਨ।	The kids are singing songs
ਮੈਂ ਗਰਮੀਆਂ ਵਿੱਚ ਪੰਜਾਬ ਜਾ ਰਹੀ ਹਾਂ।	I am going to Punjab in the summer.
ਮੈਂ ਲੰਡਨ ਨਹੀਂ ਜਾ ਰਿਹਾ।	I am not going to London.
ਤੁਸੀਂ ਪਸ਼ਤੋ ਬੋਲ ਰਹੇ ਹੋ?	Are you speaking Pashto?

Negation. ਨਹੀਂ is placed before the main verb. As with the simple present and the present habitual, the present tense auxiliarv form of ਹੋਣਾ is dropped when negating.

ਨਹੀਂ, ਅਸੀਂ ਸਿੰਧੀ ਬੋਲ ਰਹੇ ਹਾਂ।	No, we are speaking Sindhi.
ਉਹ ਦੁੱਧ ਨਹੀਂ ਪੀ ਰਹੇ।	They are not drinking milk.

Sri Satguru Jagjit Singh Ji eLibrary NamdhariElibrary@gmail.com

§ 11.3 The past progressive

The past progressive conveys action in progress in the past. Using the verb ਖਾਣਾ as an example, the conjugations of the past progressive are:

Masculine	Feminine	
ਮੈਂ ਖਾ ਰਿਹਾ ਸਾਂ	. . . ਰਹੀ ਸਾਂ	I was eating
ਤੂੰ ਖਾ ਰਿਹਾ ਸੈਂ	. . . ਰਹੀ ਸੈਂ	You were eating
ਉਹ ਖਾ ਰਿਹਾ ਸੀ	. . . ਰਹੀ ਸੀ	S/he was eating
ਅਸੀਂ ਖਾ ਰਹੇ ਸਾਂ	. . . ਰਹੀਆਂ ਸਾਂ	We were eating
ਤੁਸੀਂ ਖਾ ਰਹੇ ਸੋ	. . . ਰਹੀਆਂ ਸੋ	You were eating
ਉਹ ਖਾ ਰਹੇ ਸਨ	. . . ਰਹੀਆਂ ਸਨ	They were eating

Examples:

ਪਰਸੋਂ ਮੈਂ ਮਾਰਕੀਟ ਵਿੱਚ ਚੀਜ਼ਾਂ ਖ਼ਰੀਦ ਰਿਹਾ ਸਾਂ।	The day before yesterday, I was buying things in the market.
ਤੂੰ ਕੀ ਸੋਚ ਰਿਹਾ ਸੈਂ?	What were you thinking?
ਤੁਸੀਂ ਮੇਰੇ ਕੰਮ ਤੇ ਹੱਸ ਰਹੇ ਸੋ।	You were laughing at my work.
ਪਿਛਲੇ ਮੰਗਲਵਾਰ, ਉਹ ਕੀ ਕਰ ਰਹੇ ਸਨ?	What were they doing last Tuesday?

Negation. ਨਹੀਂ is placed before the main verb. In this case the auxiliary cannot be dropped, as it marks the action as happening in the past.

ਪਰਸੋਂ ਉਹ ਮਾਰਕੀਟ ਵਿੱਚ ਚੀਜ਼ਾਂ ਨਹੀਂ ਖ਼ਰੀਦ ਰਹੇ ਸਨ।	The day before yesterday, they were not buying things in the market.
ਤੁਸੀਂ ਮੇਰੇ ਕੰਮ ਤੇ ਨਹੀਂ ਹੱਸ ਰਹੇ ਸੋ।	You were not laughing at my work.

§ 11.4 The suffix ਵਾਲਾ

The suffix ਵਾਲਾ roughly conveys the sense of 'that which pertains to' and can be added to wide range of nouns, adverbs, adjective, and verbs. It functions like a postposition and puts the preceding phrase in the oblique case. It is also can be declined like an adjective and must inflect according to gender and number. It appears in the following ways:

1. Nouns and Adjectives: It indicates a 'possessor' of some thing or attribute and it also indicates someone who does something in particular.

ਕੱਪੜੇ ਵਾਲੀ ਦੁਕਾਨ	the cloth shop
ਘਰ ਵਾਲੇ	one's household members, family
ਟੈਕਸੀ ਵਾਲਾ	taxi-driver
ਫ਼ੁਹਾਰਿਆਂ ਵਾਲੀ ਪਾਰਕ	park with fountains
ਰਿਕਸ਼ੇ ਵਾਲਾ	rickshaw-driver

Sri Satguru Jagjit Singh Ji eLibrary NamdhariElibrary@gmail.com

ਲਾਲ ਸੂਟ ਵਾਲੀ ਔਰਤ	the woman with the red suit
ਬਾਰੀਆਂ ਵਾਲਾ ਕਮਰਾ	the room with windows

2. Verbal Infinitives: It may indicate the doer of an action. In these constructions, the infinitive form is used in its oblique form (i.e. without the final ਆ).

ਮੱਛੀ ਤਲਨ ਵਾਲਾ	fish-frier
ਸਬਜ਼ੀ ਵੇਚਣ ਵਾਲੇ	vegetable-sellers
ਰੱਦੀ ਖ਼ਰੀਦਣ ਵਾਲਾ	recycler, buyer of old newspapers
ਫੁੱਲ ਵੇਚਣ ਵਾਲੀ	flower-seller
ਫਲਾਂ ਦੀ ਦੁਕਾਨ ਵਾਲਾ	fruit-seller

3. Intention: It may indicate the intention to perform a particular action or impending action.

ਉਹ ਜਾਣ ਵਾਲੀ ਸੀ।	She was about to go.
ਕੁੱਝ ਹੋਣ ਵਾਲਾ ਹੈ।	Something is about to happen.
ਮੀਂਹ ਪੈਣ ਵਾਲਾ ਹੈ।	It is about to rain.

4. Descriptive: It may indicate that something is worth doing, seeing, etc.

ਅੰਮ੍ਰਿਤਸਰ ਵੇਖਣ ਵਾਲਾ ਸ਼ਹਿਰ ਹੈ।	Amritsar is a city worth seeing.
ਇਹ ਕੰਮ ਕਰਨ ਵਾਲਾ ਹੈ।	This work is/needs to be done.
ਇਹ ਕਿਤਾਬ ਪੜ੍ਹਨ ਵਾਲੀ ਹੈ।	This book is worth reading.

Note in this context the similar use of the postposition ਲਾਇਕ.

ਅੰਮ੍ਰਿਤਸਰ ਵੇਖਣ ਲਾਇਕ ਹੈ।	Amritsar is worth seeing.
ਉਹ ਕੰਮ ਕਰਨ ਲਾਇਕ ਹੈ।	That work is worth doing.
ਇਹ ਕਿਤਾਬ ਪੜ੍ਹਨ ਲਾਇਕ ਹੈ।	This book is worth reading.

Dialogue **At a *Dhaba***
ਗੱਲ-ਬਾਤ ਇੱਕ ਢਾਬੇ ਤੇ

ਗਾਹਕ: ਭਾਅ ਜੀ, ਖਾਣ ਲਈ ਕੀ ਕੁੱਝ ਹੈ?
ਢਾਬੇ ਵਾਲਾ: ਇਹ ਮੈਨਿਊ ਵੇਖੋ ਜੀ:

ਮਾਂਹ ਦੀ ਦਾਲ	੨੦ ਰੁਪਈਏ।
ਆਲੂ ਗੋਭੀ	੨੫ ਰੁਪਈਏ।
ਮਟਰ ਪਨੀਰ	੩੦ ਰੁਪਈਏ।
ਸਲਾਦ	੧੦ ਰੁਪਈਏ।
ਤੰਦੂਰੀ ਰੋਟੀ	੫ ਰੁਪਈਏ।
ਦਹੀਂ ਦੀ ਲੱਸੀ	੧੦ ਰੁਪਈਏ।

Sri Satguru Jagjit Singh Ji eLibrary NamdhariElibrary@gmail.com

ਗਾਹਕ: ਮੈਨੂੰ ਇੱਕ ਦਾਲ਼ ਦੀ ਪਲੇਟ, ਦੋ ਰੋਟੀਆਂ, ਤੇ ਸਲਾਦ ਦਿਓ।
ਢਾਬੇ ਵਾਲ਼ਾ: ਠੀਕ, ਪੀਣ ਲਈ ਕੁੱਝ?
ਗਾਹਕ: ਮਿੱਠੀ ਲੱਸੀ ਦਾ ਇੱਕ ਗਲਾਸ।
ਢਾਬੇ ਵਾਲ਼ਾ: ਤੁਸੀਂ ਬੈਠੋ ਤੇ ਖਾਣਾ ਮੈਂ ਹੁਣੇ ਲਿਆਇਆ।
ਗਾਹਕ: ਬਹੁਤ ਮਿਹਰਬਾਨੀ।
ਢਾਬੇ ਵਾਲ਼ਾ: ਹੋਰ ਕੁੱਝ?
ਗਾਹਕ: ਥੋੜ੍ਹਾ ਜਿਹਾ ਦਹੀਂ ਅਤੇ ਅਚਾਰ ਵੀ ਦਿਓ।
ਢਾਬੇ ਵਾਲ਼ਾ: ਇਹ ਲਓ ਜੀ ਤੇ ਇਹ ਅੰਬ ਦੀ ਚਟਣੀ ਵੀ ਵੇਖੋ...ਬਹੁਤ ਮਜ਼ੇਦਾਰ ਹੈ!
ਗਾਹਕ: ਕਿੰਨੇ ਪੈਸੇ ਬਣੇ, ਭਾਅ ਜੀ?
ਢਾਬੇ ਵਾਲ਼ਾ: ੫੦ ਰੁਪਈਏ ।
ਗਾਹਕ: ਇਹ ਲਓ ਜੀ।

Reading: Punjab
ਪਾਠ: ਪੰਜਾਬ

ਪੰਜਾਬ ਫ਼ਾਰਸੀ ਜ਼ੁਬਾਨ ਦੇ ਦੋ ਲਫ਼ਜ਼ਾਂ 'ਪੰਜ' ਤੇ 'ਆਬ' (ਪਾਣੀ/ਦਰਿਆ) ਦਾ ਮੇਲ਼ ਹੈ ਤੇ ਇਹ ਇਲਾਕ਼ਾ ਪੰਜ ਦਰਿਆਵਾਂ, ਸਤਲੁਜ, ਰਾਵੀ, ਚਨਾਬ, ਜਿਹਲਮ, ਤੇ ਸਿੰਧ, ਦੀ ਧਰਤੀ ਕਰ ਕੇ ਮਸ਼ਹੂਰ ਹੈ। ਇਨ੍ਹਾਂ ਪੰਜਾਂ ਦਰਿਆਵਾਂ ਤੋਂ ਇਲਾਵਾ ਇੱਥੇ ਬਿਆਸ ਤੇ ਸੁਆਂ ਵੀ ਵਗਦੇ ਹਨ ਤੇ ਬਰਸਾਤ ਦੇ ਮੌਸਮ ਵਿੱਚ ਘੱਗਰ ਦਰਿਆ ਵਿੱਚ ਵੀ ਕਾਫ਼ੀ ਪਾਣੀ ਹੋ ਜਾਂਦਾ ਹੈ। ਪੰਜਾਬ ਦੇ ਤਕ਼ਰੀਬਨ ਇੱਕ ਲੱਖ ਪੰਜਾਹ ਹਜ਼ਾਰ ਵਰਗ ਮੀਲ ਮੈਦਾਨੀ ਇਲਾਕ਼ੇ ਉੱਤੇ ਦਰਿਆਵਾਂ ਨੇ ਜ਼ਰਖ਼ੇਜ਼ ਮਿੱਟੀ ਦੀ ਤਹਿ ਵਿਛਾਈ ਹੈ ਤੇ ਸਿੰਜਾਈ ਲਈ ਜ਼ਮੀਨ ਹੇਠ ਪਾਣੀ ਦੀ ਵੀ ਕੋਈ ਕਮੀ ਨਹੀਂ। ਇਸ ਇਲਾਕ਼ੇ ਦੇ ਤਿੰਨ ਪਾਸਿਆਂ ਤੇ ਕ਼ੁਦਰਤੀ ਸਰਹੱਦਾਂ ਹਨ, ਉੱਤਰ ਵੱਲ ਹਿਮਾਲੀਆ ਪਰਬਤ, ਦੱਖਣ ਵੱਲ ਰਾਜਸਥਾਨ ਦਾ ਮਾਰੂਥਲ, ਤੇ ਪੱਛਮ ਵੱਲ ਸਿੰਧ ਦਰਿਆ ਹੈ। ਪੂਰਬ ਵੱਲ ਖੁੱਲ੍ਹਾ ਮੈਦਾਨ ਹੈ ਜੋ ਦਰਿਆ ਯਮੁਨਾ ਤੱਕ ਜਾਂਦਾ ਹੈ।

ਪੰਜਾਬ ਵਿੱਚ ਪੌਣ-ਪਾਣੀ ਦੀ ਅਦਲਾ-ਬਦਲੀ ਵੀ ਕਾਫ਼ੀ ਹੈ। ਦਸੰਬਰ ਤੇ ਜਨਵਰੀ ਦੇ ਮਹੀਨਿਆਂ ਵਿੱਚ ਦਿਨ ਛੋਟੇ ਹੁੰਦੇ ਹਨ, ਰਾਤ ਨੂੰ ਤਾਪਮਾਨ ਜ਼ੀਰੋ ਤੋਂ ਥੱਲੇ ਚਲਾ ਜਾਂਦਾ ਹੈ, ਤੇ ਕੱਕਰ ਤੇ ਧੁੰਧ ਆਮ ਹੀ ਪੈਂਦੇ ਹਨ। ਮਈ ਤੇ ਜੂਨ ਵਿੱਚ ਹਰਾਰਤ ਸੰਤਾਲ਼ੀ ਡਿਗ਼ਰੀ ਤੱਕ ਪਹੁੰਚਦੀ ਹੈ ਤੇ ਇਸ ਗਰਮੀ ਨਾਲ਼ ਬਨਾਸਪਤੀ ਬਿੱਲਕੁਲ ਝੁਲਸ ਜਾਂਦੀ ਹੈ। ਜੁਲਾਈ ਤੇ ਅਗਸਤ ਦੇ ਮਹੀਨਿਆਂ ਵਿੱਚ ਤਕ਼ਰੀਬਨ ਵੀਹ ਇੰਚ ਬਰਸਾਤ ਹੁੰਦੀ ਹੈ ਤੇ ਸਾਰੇ ਹਰਿਆਵਲ ਛਾ ਜਾਂਦੀ ਹੈ। ਜ਼ਰਖ਼ੇਜ਼ ਜ਼ਮੀਨ ਤੇ ਮੌਸਮ ਦੀ ਬਦਲੀ ਕਾਰਨ ਪੰਜਾਬ ਵਿੱਚ ਹਰ ਤਰ੍ਹਾਂ ਦੀ ਬਨਾਸਪਤੀ, ਦਰਖ਼ਤ, ਜਾਨਵਰ, ਤੇ ਪੰਛੀ ਮਿਲ਼ਦੇ ਹਨ ਤੇ ਸਾਰੀਆਂ ਕ਼ਿਸਮਾਂ ਦੇ ਅਨਾਜ, ਸਬਜ਼ੀਆਂ, ਤੇ ਫਲ਼ਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ।

ਵਿਚਾਰ-ਵਟਾਂਦਰੇ ਲਈ ਸੁਆਲ:

1. ਪੰਜਾਬ ਦੇ ਇਲਾਕ਼ੇ ਵਿੱਚ ਕਿਹੜੇ ਦਰਿਆ ਵਗਦੇ ਹਨ?
2. ਪੰਜਾਬ ਦੇ ਆਲ਼ੇ-ਦੁਆਲ਼ੇ ਕਿਹੜੀਆਂ ਕ਼ੁਦਰਤੀ ਸਰਹੱਦਾਂ ਹਨ?
3. ਪੰਜਾਬ ਵਿੱਚ ਕਿਸ ਕਿਸ ਤਰ੍ਹਾਂ ਦੀ ਬਨਾਸਪਤੀ ਉੱਗਦੀ ਹੈ?

Sri Satguru Jagjit Singh Ji eLibrary NamdhariElibrary@gmail.com

Exercise 11.1 Make sentences in the present and past progressive using the following verbs:

1. ਸੁਣਨਾ - to hear
2. ਸਿੱਖਣਾ - to learn
3. ਸੋਚਣਾ - to think
4. ਕਹਿਣਾ - to say
5. ਜਾਗਣਾ - to wake up
6. ਟੋਲਣਾ - to search, to look for
7. ਤੋਲਣਾ - to weigh
8. ਪਹਿਨਣਾ · to wear
9. ਫੜਨਾ - to hold
10. ਬੀਜਣਾ - to sow

Exercise 11.2 Translate the sentences and then negate them:

1. ਅਸੀਂ ਖ਼ਤ ਲਿਖ ਰਹੇ ਹਾਂ।
2. ਤੁਸੀਂ ਫ਼ਿਲਮ ਵੇਖ ਰਹੇ ਹੋ।
3. ਉਹ ਸਕੂਲ ਜਾ ਰਹੇ ਹਨ।
4. ਮੈਂ ਕਿਤਾਬਾਂ ਖ਼ਰੀਦ ਰਿਹਾ ਹਾਂ।
5. ਉਹ ਕਿਤਾਬ ਪੜ੍ਹ ਰਿਹਾ ਹੈ।
6. ਮੁਅੱਜ਼ਨ ਅਜ਼ਾਨ ਦੇ ਰਿਹਾ ਹੈ।
7. ਪੰਡਤ ਜੀ ਹਵਨ ਕਰ ਰਹੇ ਹਨ।
8. ਭਾਈ ਜੀ ਅਰਦਾਸ ਕਰ ਰਹੇ ਹਨ।
9. ਪਾਦਰੀ ਸਾਹਿਬ ਗਿਰਜੇ ਤੋਂ ਆ ਰਹੇ ਹਨ।
10. ਸ਼ਾਮ ਦਾ ਵਕ਼ਤ ਹੈ, ਸੂਰਜ ਡੁੱਬ ਰਿਹਾ ਹੈ।

Exercise 11.3 Translate:

1. Amarjit was reading in the park
2. What are you doing at home?
3. What were you doing last Saturday.
4. Last Wednesday she was cooking pasta.
5. This morning, I was eating bread with yoghurt.
6. I am listening to Hindi film music.
7. Kiran is dancing.
8. She is not going home. She is going to Jasjit's house.
9. We are not speaking Urdu; we are speaking Punjabi.
10. What are you saying?

Exercise 11.4 Create a 10-12 sentence dialogue on the topic of 'What are you doing?' In the dialogue, use as much of the present progressive as possible.

Sri Satguru Jagjit Singh Ji eLibrary NamdhariElibrary@gmail.com

ਸ਼ਬਦਾਵਲੀ — Vocabulary

ਕਿਰਿਆਵਾਂ — *Verbs*

ਸੋਚਣਾ	to think (vi)
ਹੱਸਣਾ	to laugh (vi)
ਜਾਗਣਾ	to wake up (vi)
ਝੁਲਸਣਾ	to scorch, burn (vi)
ਟੋਲਣਾ	to search for (vt)
ਠਹਿਰਨਾ	to stay (vi)
ਡੁੱਬਣਾ	to drown; to go down, to set (the sun) (vi)
ਤਲਨਾ	to fry (vt)
ਤੋਲਣਾ	to weigh (vt)
ਨੱਚਣਾ	to dance (vi)
ਪਹਿਨਣਾ	to wear, put on (vt)
ਪਹੁੰਚਣਾ	to arrive (vi)
ਪੈਣਾ	to fall, to lie down (vi)
ਫੜਨਾ	to grab, grasp (vt)
ਬੀਜਣਾ	to sow (vt)
ਰੱਖਣਾ	to keep, put (vt)
ਵਗਣਾ	to flow (vi)
ਵਿਛਾਉਣਾ	to spread (vt)

ਰਸਮੋ-ਰਿਵਾਜ — *Customs and Rituals*

ਹਵਨ	fire sacrifice (m)
ਅਰਦਾਸ	Sikh prayer (f)
ਅਜ਼ਾਨ	Islamic call-to-prayer (f)
ਮੁਅੱਜ਼ਨ	person who calls *azan* or Muslim call to prayer (m)

ਸਮਾਂ/ਵਕ਼ਤ — *Time*

ਸਵੇਰੇ	in the morning
ਪਰਸੋਂ	day before yesterday; day after tomorrow
ਗਰਮੀਆਂ	summer (f pl)
ਬਸੰਤ	spring (season) (f)
ਮੰਗਲਵਾਰ	Tuesday (m)
ਬੁੱਧਵਾਰ	Wednesday (m)
ਸ਼ਨਿੱਚਰਵਾਰ; ਹਫ਼ਤਾ	Saturday (m)

Sri Satguru Jagjit Singh Ji eLibrary NamdhariElibrary@gmail.com

ਖਾਣਾ	*Food*
ਢਾਬਾ	roadside restaurant, diner (m)
ਰੈਸਟੋਰੈਂਟ, 'ਹੋਟਲ'	restaurant (m)
ਅਚਾਰ	pickle (m)
ਅੰਬ ਦੀ ਚਟਣੀ	mango chutney (f)
ਸਲਾਦ	salad (m)
ਗੋਭੀ	cauliflower (f)
ਦਾਲ਼	pulses, lentils (f)
ਮਾਂਹ ਦੀ ਦਾਲ਼	black lentils (f)
ਪਨੀਰ	a type of soft cheese (m)
ਮਟਰ	peas (m pl)
ਭਿੰਡੀ	okra (f)
ਟੀਂਡਾ	squash gourd (m)
ਕਰੇਲਾ	bitter gourd (m)
ਘੀਆ	bottle gourd (m)
ਲੱਸੀ	buttermilk drink (f)
ਪਰੌਂਠਾ	fried flat-bread (m)
ਦਹੀਂ	yoghurt, curd (m)
ਤੰਦੂਰ	clay oven (m)
ਤੰਦੂਰੀ	cooked in a clay oven (adj/u)
ਮਿੱਠਾ	sweet (adj/i)
ਲਸਣ	garlic (m)
ਗੰਢੀ	bulb or piece (of garlic, ginger, turmeric) (f)
ਧਨੀਆ	cilantro, coriander (m)
ਗਲਾਸ	glass (m)
ਪਲੇਟ	plate (f)

ਧਰਤੀ ਤੇ ਪੌਣ-ਪਾਣੀ	*Land and Climate*
ਧਰਤੀ	land; earth (f)
ਬਰਸਾਤ	rain, rainy season (f)
ਮਿੱਟੀ	dirt, soil (f)
ਜ਼ਰਖ਼ੇਜ਼	fertile (adj/u)
ਕਾਸ਼ਤ	farming, cultivation (f)
ਸਿੰਜਾਈ	irrigation (f)
ਮੈਦਾਨ; ਮੈਦਾਨੀ	plain, field (m); level (adj/u)
ਸਰਹੱਦ	border (f)
ਪਰਬਤ	hill (m)
ਮਾਰੂਥਲ	desert (m)
ਤਾਪਮਾਨ	temperature (m)
ਹਰਾਰਤ	heat (f)

Sri Satguru Jagjit Singh Ji eLibrary NamdhariElibrary@gmail.com

ਸੂਰਜ	sun (m)
ਕੱਕਰ	frost (m)
ਧੁੰਧ	fog (f)
ਹਰਿਆਉਲ, ਹਰਿਆਵਲ	greenery (f)
ਅਨਾਜ	grain (m)

ਹੋਰ ਫ਼ਾਇਦੇਮੰਦ ਸ਼ਬਦ *Other Useful Words*

ਲਫ਼ਜ਼	word (m)
ਤਕ਼ਰੀਬਨ	approximately (adv)
ਵਰਗ	square (m)
ਮੇਲ	union, coming together (m)
ਅਦਲਾ-ਬਦਲੀ	interchange (f)
ਤਹਿ	layer; fold (f)
ਵੱਲ	on the side of, in the direction of, towards (adv, pp)
ਗਾਹਕ	customer (m)

Sri Satguru Jagjit Singh Ji eLibrary NamdhariElibrary@gmail.com

Lesson 12
ਸਬਕ ੧੨
The Future Tense and Subjunctive

§ 12.1 The future tense

The future tense indicates actions that will take place or actions that are assumed to be definite. It is formed by adding the following endings to the root of the verb.

	Masculine	Feminine
ਮੈਂ	. . . -ਆਂਗਾ	. . . -ਆਂਗੀ
ਤੂੰ	. . . -ਏਂਗਾ	. . . -ਏਂਗੀ
ਉਹ/ਇਹ	. . . -ਏਗਾ	. . . -ਏਗੀ
ਅਸੀਂ	. . . -ਆਂਗੇ	. . . -ਆਂਗੀਆਂ
ਤੁਸੀਂ	. . . -ਓਗੇ	. . . -ਓਗੀਆਂ
ਉਹ	. . . -ਣਗੇ(/ਨਗੇ).	. . . -ਣਗੀਆਂ(/ਨਗੀਆਂ) [1]

With ਬੈਠਣਾ, these forms would appear as follows:

Masculine	Feminine	
ਮੈਂ ਬੈਠਾਂਗਾ	ਬੈਠਾਂਗੀ	I will sit
ਤੂੰ ਬੈਠੇਂਗਾ	ਬੈਠੇਂਗੀ	You will sit
ਉਹ ਬੈਠੇਗਾ	ਬੈਠੇਗੀ	S/he, it will sit
ਅਸੀਂ ਬੈਠਾਂਗੇ	ਬੈਠਾਂਗੀਆਂ	We will sit
ਤੁਸੀਂ ਬੈਠੋਗੇ	ਬੈਠੋਗੀਆਂ	You will sit
ਉਹ ਬੈਠਣਗੇ	ਬੈਠਣਗੀਆਂ	They will sit

In the case of verbs whose root ends in a vowel, a ਵ may be inserted between the root and the appropriate ending (except in the 3rd person plural form). The example of ਜਾਣਾ follows:

ਮੈਂ ਜਾਵਾਂਗਾ	ਜਾਵਾਂਗੀ	I will go
ਤੂੰ ਜਾਵੇਂਗਾ	ਜਾਵੇਂਗੀ	You will go
ਉਹ ਜਾਵੇਗਾ	ਜਾਵੇਗੀ	S/he, it will go
ਅਸੀਂ ਜਾਵਾਂਗੇ	ਜਾਵਾਂਗੀਆਂ	We will go
ਤੁਸੀਂ ਜਾਵੋਗੇ	ਜਾਵੋਗੀਆਂ	You will go
ਉਹ ਜਾਣਗੇ	ਜਾਣਗੀਆਂ	They will go

[1] In the case of verbs whose root ends in ਣ, ਰ, ਲ, or ੜ, a ਨ is added in the 3rd person masculine and feminine plurals. ਤਰਨਾ - to swim, ਉਹ ਤਰਨਗੇ/ਤਰਨਗੀਆਂ; ਲੜਨਾ - to fight, ਉਹ ਲੜਨਗੇ/ਲੜਨਗੀਆਂ; ਗਿਣਨਾ - to count, ਉਹ ਗਿਣਨਗੇ/ਗਿਣਨਗੀਆਂ.

Sri Satguru Jagjit Singh Ji eLibrary NamdhariElibrary@gmail.com

Also note the case of the verb ਲੈਣਾ, which is irregular in its future tense conjugation:

ਮੈਂ ਲਵਾਂਗਾ	ਲਵਾਂਗੀ	I will take
ਤੂੰ ਲਵੇਂਗਾ	ਲਵੇਂਗੀ	You will take
ਉਹ ਲਵੇਗਾ	ਲਵੇਗੀ	S/he, it will take
ਅਸੀਂ ਲਵਾਂਗੇ	ਲਵਾਂਗੀਆਂ	We will take
ਤੁਸੀਂ ਲਵੋਗੇ	ਲਵੋਗੀਆਂ	You will take
ਉਹ ਲੈਣਗੇ	ਲੈਣਗੀਆਂ	They will take

Examples:

ਰਾਮ ਲੀਲ੍ਹਾ ਅਕਤੂਬਰ ਵਿੱਚ ਸ਼ੁਰੂ ਹੋਵੇਗੀ।	Ram Lila will begin in October.
ਦਿਵਾਲੀ ਤੇ ਲੋਕ ਦੀਵੇ ਜਗਾਉਣਗੇ।[2]	People will light lamps on the Divali.
ਰਮਜ਼ਾਨ ਦੌਰਾਨ ਮੁਸਲਮਾਨ ਰੋਜ਼ੇ ਰੱਖਣਗੇ।	During Ramadan, Muslims will observe fasts.
ਗੁਰਪੁਰਬ ਤੇ ਅਸੀਂ ਅੰਮ੍ਰਿਤਸਰ ਜਾਵਾਂਗੇ।	We will go to Amritsar on the *gurpurab*.
ਵਿਸਾਖੀ ਤੇ ਮੁੰਡੇ ਭੰਗੜਾ ਪਾਉਣਗੇ।	The boys will dance on Visakhi.
ਉਹ ਇਸ ਸਾਲ ਛੁੱਟੀਆਂ ਤੇ ਨਹੀਂ ਜਾਣਗੇ।	They will not go on vacation this year.
ਉਸ ਦਾ ਵਿਆਹ ਅਗਲੇ ਸਾਲ ਹੋਵੇਗਾ।	Her wedding will take place next year.

Negation. Add ਨਹੀਂ before the conjugated verb.

ਮੈਂ ਨਹੀਂ ਜਾਵਾਂਗਾ/ਜਾਵਾਂਗੀ।	I will not go.
ਉਹ ਇਸ ਸਾਲ ਛੁੱਟੀਆਂ ਤੇ ਨਹੀਂ ਜਾਣਗੇ।	They will not go on vacation this year.

§ 12.2 The future progressive

The future progressive conveys assumed action that will be in progress in the future. It is formed by using the future form of ਹੋਣਾ with the progressive construction.

Using the verb ਜਾਣਾ:

Masculine	Feminine	
ਮੈਂ ਜਾ ਰਿਹਾ ਹੋਵਾਂਗਾ	. . . ਰਹੀ ਹੋਵਾਂਗੀ	I will be going
ਤੂੰ ਜਾ ਰਿਹਾ ਹੋਵੇਂਗਾ	. . . ਰਹੀ ਹੋਵੇਂਗੀ	You will be going
ਉਹ ਜਾ ਰਿਹਾ ਹੋਵੇਗਾ	. . . ਰਹੀ ਹੋਵੇਗੀ	S/he, it will be going
ਅਸੀਂ ਜਾ ਰਹੇ ਹੋਵਾਂਗੇ	. . . ਰਹੀਆਂ ਹੋਵਾਂਗੀਆਂ	We will be going
ਤੁਸੀਂ ਜਾ ਰਹੇ ਹੋਵੋਗੇ	. . . ਰਹੀਆਂ ਹੋਵੋਗੀਆਂ	You will be going
ਉਹ ਜਾ ਰਹੇ ਹੋਣਗੇ	. . . ਰਹੀਆਂ ਹੋਣਗੀਆਂ	They will be going

[2] In the case of verbs containing an intervening ੳ in the infinitive form, the ੳ remains in the 3rd person plural conjugations.

Sri Satguru Jagjit Singh Ji eLibrary NamdhariElibrary@gmail.com

Examples:

ਉਹ ਕੱਲ੍ਹ ਸਮੁੰਦਰ ਵਿੱਚ ਸਫ਼ਰ ਕਰ ਰਹੇ ਹੋਣਗੇ।	They will be traveling in the ocean tomorrow.
ਅਸੀਂ ਅਗਲੇ ਹਫ਼ਤੇ ਨਵੀਂ ਗੱਡੀ ਖ਼ਰੀਦ ਰਹੇ ਹੋਵਾਂਗੇ।	Next week, we will be buying a new car.
ਪਰਸੋਂ ਤੁਸੀਂ ਇਮਤਿਹਾਨ ਦੇ ਰਹੇ ਹੋਵੋਗੇ।	The day after tomorrow, you will be taking the exam.

§ 12.3 Additional uses of the –ਗਾ ending

The verb endings -ਗਾ, -ਗੇ, -ਗੀ, ਗੀਆਂ (characteristic of the future tense) are used in Punjabi (in the Malwa and Doaba dialects) with the auxiliary verb ਹੈ to form: ਹੈਗਾ, ਹੈਗੇ, ਹੈਗੀ, ਹੈਗੀਆਂ. While often the use of these forms is merely incidental, they may add a subtle sense of surety.

ਇਹ ਕਿਤਾਬ ਮੇਰੇ ਘਰ ਹੈਗੀ।	This book is in my house.
ਮੇਰੇ ਦਫ਼ਤਰ ਵਿੱਚ ਉਹ ਫ਼ਾਈਲ ਹੈਗੀ।	That file is there in my office (for sure).
ਪੈੱਨ ਹੈਗਾ?	Got a pen?
ਤੁਹਾਡੀ ਕਲਾਸ ਵਿੱਚ ਕਿੰਨੇ ਲੋਕ ਹੈਗੇ?	How many people are there in your class?
ਦਫ਼ਤਰ ਵਿੱਚ ਬਹੁਤ ਸਾਰੀਆਂ ਕੁਰਸੀਆਂ ਹੈਗੀਆਂ।	The office has many chairs.

The past tense auxiliary form of ਹੋਣਾ, ਸੀ, can also be used with these endings.

ਪਿਛਲੇ ਸਾਲ ਉਹ ਸਾਡਾ ਗੁਆਂਢੀ ਸੀਗਾ।	Last year, he was our neighbor.
ਉੱਥੇ ਮੇਰੇ ਬਹੁਤ ਸਾਰੇ ਦੋਸਤ ਸੀਗੇ।	There were many friends of mine there.
ਸਕੂਲ ਵਿੱਚ ਪਾਰਟੀ ਸੀਗੀ।	In the school there was a party.
ਝੀਲ ਵਿੱਚ ਕਈ ਕਿਸ਼ਤੀਆਂ ਸੀਗੀਆਂ।	There were many boats in the lake.

§ 12.4 The subjunctive

The subjunctive covers a wide semantic range that expresses intention, possibility, wishes, suggestions, requests, and questions. It conveys the sense of 'may' and 'should' and is often indicated by the use of additional qualifications such as ਸ਼ਾਇਦ (perhaps).

The subjunctive is formed by adding the following endings to the root of the verb. Forms are the same for masculine and feminine subjects.

ਮੈਂ . . . -ਅਂ
ਤੂੰ . . . -ਏਂ
ਉਹ/ਇਹ . . . -ਏ
ਅਸੀਂ . . . -ਈਏ
ਤੁਸੀਂ . . . -ਓ
ਉਹ/ਇਹ. . . -ਣ(/ਨ)

Sri Satguru Jagjit Singh Ji eLibrary NamdhariElibrary@gmail.com

Using the verb ਬੈਠਣਾ as an example:

ਮੈਂ ਬੈਠਾਂ	I may/should sit
ਤੂੰ ਬੈਠੇਂ	You may/should sit
ਉਹ ਬੈਠੇ	S/he may/should sit
ਅਸੀਂ ਬੈਠੀਏ	We may/should sit
ਤੁਸੀਂ ਬੈਠੋ	You may/should sit
ਉਹ ਬੈਠਣ	They may/should sit

In the case of verbs whose root ends in a vowel, a ਵ is inserted between the root and the appropriate ending (except in the 3rd person plural form). This is omitted in some spoken dialects.

Using the verb ਜਾਣਾ:

ਮੈਂ ਜਾਵਾਂ	I may/should go
ਤੂੰ ਜਾਵੇਂ	You may/should go
ਉਹ ਜਾਵੇ	S/he may/should go
ਅਸੀਂ ਜਾਈਏ	We may/should go
ਤੁਸੀਂ ਜਾਓ	You may/should go
ਉਹ ਜਾਣ	They may/should go

Note that in all conjugations except the 1st person plural, the subjunctive is formed in the same way as the future minus the -ਗਾ, -ਗੇ, -ਗੀ, and -ਗੀਆਂ endings of that tense.

Negation. The subjunctive is negated by the particle ਨਾ, placed before the verb.

Examples:

ਮੈਂ ਅੰਦਰ ਆਵਾਂ?	May I come in?
ਉਹ ਸ਼ਾਇਦ ਕੱਲ੍ਹ ਪਾਰਕ ਜਾਣ।	They might go to the park tomorrow.
ਉਸ ਨੂੰ ਨਹੀਂ ਪਤਾ ਕਿ ਉਹ ਜਾਵੇ ਕਿ ਨਾ।	He doesn't know if he should go or not.
ਮੈਂ ਆਪਣੇ ਉਸਤਾਦ ਜੀ ਨੂੰ ਪੁੱਛਦਾ ਹਾਂ ਕਿ ਅਸੀਂ ਅੰਦਰ ਆਈਏ।	I ask our teacher if we could come inside.
ਅਸੀਂ ਇਹ ਕੰਮ ਹੁਣ ਖ਼ਤਮ ਕਰੀਏ।	We should finish this work now.

Differences between the future and subjunctive can be discerned in the following examples:

ਉਹ ਕੱਲ੍ਹ ਆਵੇਗੀ।	She will come tomorrow.
ਉਹ ਕੱਲ੍ਹ ਆਵੇ।	She may come tomorrow.
ਮੈਂ ਤੁਹਾਨੂੰ ਇੱਕ ਕਹਾਣੀ ਦੱਸਾਂਗਾ।	I will tell you a story.
ਮੈਂ ਤੁਹਾਨੂੰ ਇੱਕ ਕਹਾਣੀ ਦੱਸਾਂ।	May I tell you a story.

Sri Satguru Jagjit Singh Ji eLibrary NamdhariElibrary@gmail.com

ਅਸੀਂ ਕਿੱਥੇ ਜਾਵਾਂਗੇ?	Where will we go?
ਅਸੀਂ ਕਿੱਥੇ ਜਾਈਏ?	Where should we go?

§ 12.5 ਆਪਾਂ

Colloquial Punjabi often utilizes the special pronoun ਆਪਾਂ. While ਆਪਾਂ can be translated as 'we,' it includes the 2nd person (i.e. 'you'). Use of this pronoun is especially common with the subjunctive, where it is conjugated the same as for ਅਸੀਂ and gives the sense 'let us (all)':

ਆਪਾਂ ਬੈਠੀਏ।	Let's sit.
ਆਪਾਂ ਚੱਲੀਏ?	Shall we go?

§ 12.6 If/then statements: emphatic particles ਤਾਂ and ਹੀ

1. One common type of sentence that uses the subjunctive is the 'if/then' statement. ਜੇ means 'if,' and is used in the first clause. ਤਾਂ, which means 'then,' is used in the second clause.

ਜੇ ਭੁੱਖ ਲੱਗੇ, ਤਾਂ ਮੈਨੂੰ ਦੱਸੋ।	If [you] should get hungry, then tell me.
ਜੇ ਤੁਸੀਂ ਮੇਰੇ ਘਰ ਆਓ, ਤਾਂ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ।	If you come to my house, then I will be very pleased.

2. If/then statements that suggest an impossible or unlikely condition are expressed by using the imperfect participle alone.

ਜੇ ਡਾਕਟਰ ਹੁੰਦੀ, ਤਾਂ ਉਹ ਆਪਣੇ ਪਰਿਵਾਰ ਨੂੰ ਅਮਰੀਕਾ ਲੈ ਆਉਂਦੀ।	If she were a doctor, then she would bring her family to America.
ਜੇ ਅਸੀਂ ਰੇਡੀਓ ਸੁਣਦੇ, ਤਾਂ ਸਾਨੂੰ ਪਤਾ ਹੁੰਦਾ ਕਿ ਅੱਜ ਬਹੁਤ ਠੰਢ ਹੋਵੇਗੀ।	If we listened to the radio, then we would have known today was going to be very cold.

3. ਤਾਂ functions as a connective particle between clauses in constructions like 'if . . . then,' 'when . . . then':

ਜੇ ਉਹ ਮੈਨੂੰ ਪੁੱਛੇ, ਤਾਂ ਮੈਂ ਜ਼ਰੂਰ 'ਹਾਂ' ਕਹਾਂਗੀ।	If she asks me, then I will definitely say yes.
ਜੇ ਖਾਣ ਦੀ ਗੱਲ ਹੈ, ਤਾਂ ਮੈਂ ਤਿਆਰ ਹਾਂ।	If the issue is one of eating, then I am ready.
ਜੇ ਨੀਂਦ ਆ ਰਹੀ ਹੈ, ਤਾਂ ਆਓ ਚਾਹ ਪੀਵੀਏ।	If (you) are falling asleep, then let's drink tea.
ਜਦੋਂ ਮੀਂਹ ਪਵੇਗਾ, ਤਾਂ ਅਸੀਂ ਅੰਦਰ ਜਾਵਾਂਗੇ।	When it rains, then we will go inside.

Sri Satguru Jagjit Singh Ji eLibrary NamdhariElibrary@gmail.com

4. ਤਾਂ can also be used as an emphatic particle, in which case it has the meaning 'after all,' 'then' 'as for,' 'actually,' or 'in that case':

ਉਹ ਪੰਜਾਬੀ ਨਹੀਂ। ਉਹ ਤਾਂ ਸਿੰਧੀ ਹੈ।	She's not Punjabi. Actually she is Sindhi.
ਓਹੋ! ਮੈਂ ਤਾਂ ਸੋਚਿਆ ਕਿ ਲਹੌਰ ਰਹਿੰਦੇ ਹਨ ਤੇ ਪੰਜਾਬੀ ਹੋਣਗੇ।	Oh! [As for me,] I thought she lives in Lahore and must be Punjabi.

5. ਤਾਂ is also used in the following set phrases:

ਤਾਂ ਕਿ	So that . . .
ਫਿਰ ਤਾਂ	If that is the case, then . . .
ਮੈਂ ਫ਼ਾਰਸੀ ਸਿੱਖਦਾ ਹਾਂ ਤਾਂ ਕਿ ਮੈਂ ਈਰਾਨ ਜਾ ਸਕਾਂ।	I learn Farsi so that I can go to Iran.
ਆਓ ਅੰਦਰ ਚੱਲੀਏ ਤਾਂ ਕਿ ਬਰਸਾਤ ਤੋਂ ਬਚ ਸਕੀਏ।	Let us go inside so that we can be protected from the rain.
ਜੇ ਤੁਹਾਡਾ ਇਮਤਿਹਾਨ ਪਰਸੋਂ ਹੈ, ਤਾਂ ਫਿਰ ਤੁਹਾਨੂੰ ਪੜ੍ਹਨਾ ਚਾਹੀਦਾ ਹੈ।	If your exam is on the day after tomorrow, then you should study.

6. Another emphatic particle is ਹੀ, which directly emphasizes the word preceding it. It can also give the sense of 'only,' or 'just.' In colloquial speech it is usually pronounced ਈ.

ਮੇਰੀ ਜੇਬ ਵਿੱਚ ਦੋ ਰੁਪਈਏ ਹੀ ਹਨ।	I have only two rupees in my pocket.
ਸਾਡਾ ਘਰ ਨੇੜੇ ਹੀ ਹੈ।	Our house is just nearby.

§ 12.7 The conjunction ਪਰ

ਪਰ generally functions just like 'but' in English:

ਮੈਂ ਜਾਣਾ ਚਾਹੁੰਦੀ ਹਾਂ, ਪਰ ਮੇਰੀ ਸਿਹਤ ਮੈਨੂੰ ਇਜਾਜ਼ਤ ਨਹੀਂ ਦੇਵੇਗੀ।	I want to go, but my health won't allow me to go.
ਮੈਂ ਇਹ ਫ਼ਿਲਮ ਵੇਖਣੀ ਚਾਹੁੰਦੀ ਹਾਂ, ਪਰ ਮੇਰੇ ਕੋਲ ਸਮਾਂ ਨਹੀਂ।	I want to see this film, but I do not have time.

Sri Satguru Jagjit Singh Ji eLibrary NamdhariElibrary@gmail.com

Dialogue **Buying Vegetables**
ਗੱਲ-ਬਾਤ ਸਬਜ਼ੀਆਂ ਖ਼ਰੀਦਣਾ

ਸਬਜ਼ੀ ਵਾਲ਼ਾ: ਤਾਜ਼ੀਆਂ ਸਬਜ਼ੀਆਂ ਲੈ ਲਓ! ਤਾਜ਼ੀਆਂ ਸਬਜ਼ੀਆਂ ਲੈ ਲਓ!...ਭਿੰਡੀ, ਟੀਂਡੇ, ਕਰੇਲੇ, ਘੀਆ...ਆਓ ਬੀਬੀ ਜੀ, ਦੱਸੋ ਕੀ ਲਓਗੇ?

ਬੀਬੀ: ਭਲਾ, ਭਿੰਡੀ ਦਾ ਕੀ ਭਾਅ ਹੈ?

ਸਬਜ਼ੀ ਵਾਲ਼ਾ: ਤੀਹ ਰੁਪਏ ਕਿੱਲੋ, ਬੀਬੀ ਜੀ।

ਬੀਬੀ: ਹਾਏ ਹਾਏ, ਇੱਡੀ ਮਹਿੰਗੀ! ਤੇਰੀਆਂ ਕ਼ੀਮਤਾਂ ਤਾਂ ਹਮੇਸ਼ਾਂ ਅਸਮਾਨ ਨੂੰ ਛੋਂਹਦੀਆਂ ਨੇ। ਚੱਲ, ਅੱਧਾ ਕਿੱਲੋ ਦੇ ਦੇ।

ਸਬਜ਼ੀ ਵਾਲ਼ਾ: ਕੀ ਕਰੀਏ, ਬੀਬੀ ਜੀ। ਦੁਕਾਨ ਦਾ ਕਿਰਾਇਆ ਹਰ ਸਾਲ ਵਧ ਜਾਂਦਾ ਹੈ। ਹੋਰ ਦੱਸੋ, ਕੀ ਦਿਆਂ? ਘੀਆ ਲੈ ਲਉ ... ਤਾਜ਼ਾ ਹੈ ਤੇ ਤੁਹਾਨੂੰ ਸਿਰਫ਼ ਵੀਹ ਰੁਪਏ ਕਿੱਲੋ ਲਾਵਾਂਗਾ।

ਬੀਬੀ: ਚੰਗਾ ਫੇਰ, ਇੱਕ ਕਿੱਲੋ ਘੀਆ ਵੀ ਦੇ ਦੇ ਤੇ ਨਾਲ਼ ਦੋ-ਤਿੰਨ ਗੰਢੀਆਂ ਲਸਣ ਦੀਆਂ ਵੀ। ਅਤੇ ਧਨੀਆ ਦੇਣਾ ਨਾ ਭੁੱਲੀਂ।

ਸਬਜ਼ੀ ਵਾਲ਼ਾ: ਇਹ ਲਓ ਸਾਰਾ ਕੁੱਝ, ਬੀਬੀ ਜੀ।

Sri Satguru Jagjit Singh Ji eLibrary NamdhariElibrary@gmail.com

Reading: Hindus
ਪਾਠ: ਹਿੰਦੂ

ਨੈਣਾ ਦੇਵੀ ਦੀ ਯਾਤਰਾ

ਹਿੰਦੂ ਧਰਮ ਦੀ ਸ਼ੁਰੂਆਤ ੧੫੦੦ ਬੀ. ਸੀ. ਈ. ਦੇ ਨਜ਼ਦੀਕ ਪੰਜਾਬ ਵਿੱਚ ਹੋਈ ਤੇ ਹਿੰਦੂ ਲੋਕ ਉਸ ਸਮੇਂ ਤੋਂ ਇਸ ਇਲਾਕੇ ਵਿੱਚ ਲਗਾਤਾਰ ਵੱਸਦੇ ਆ ਰਹੇ ਹਨ। ਹਿੰਦੂਆਂ ਦੀ ਸਭ ਤੋਂ ਪੁਰਾਣੀ ਸਾਹਿਤਕ ਰਚਨਾ, ਰਿੱਗ ਵੇਦ, ਪੰਜਾਬ ਵਿੱਚ ਹੋਂਦ ਵਿੱਚ ਆਈ। ਪਾਣਿਨੀ ਵਰਗੇ ਮਹਾਨ ਵਿਦਵਾਨਾਂ ਨੇ ਵੀ ਆਪਣੀਆਂ ਪੁਸਤਕਾਂ ਇੱਥੇ ਹੀ ਲਿਖੀਆਂ। ਹਿੰਦੂ ਸਮਾਜ ਤਿੰਨ ਫ਼ਿਰਕਿਆਂ ਵਿੱਚ ਵੰਡਿਆ ਹੋਇਆ ਹੈ। ਕੁੱਝ ਸ਼ਿਵ ਜੀ ਦੇ ਪੁਜਾਰੀ ਹਨ, ਕੁੱਝ ਵਿਸ਼ਨੂ ਭਗਵਾਨ ਤੇ ਉਸ ਦੇ ਅਵਤਾਰਾਂ ਦੇ, ਤੇ ਬਾਕੀ ਲੋਕ ਦੇਵੀ ਨੂੰ ਆਪਣਾ ਇਸ਼ਟ ਮੰਨਦੇ ਹਨ। ਪੰਜਾਬ ਵਿੱਚ ਇਨ੍ਹਾਂ ਤਿੰਨਾਂ ਫ਼ਿਰਕਿਆਂ ਦੇ ਆਪਣੇ ਆਪਣੇ ਮੰਦਿਰ ਹਨ, ਜਿੱਥੇ ਇਹ ਲੋਕ ਆਪਣਿਆਂ ਇਸ਼ਟਾਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਹਨ ਅਤੇ ਉਨ੍ਹਾਂ ਦੀ ਸਿਫ਼ਤ ਵਿੱਚ ਰਚੇ ਭਜਨਾਂ ਦਾ ਕੀਰਤਨ ਕਰਦੇ ਹਨ। ਪੰਜਾਬ ਵਿੱਚ ਹਿੰਦੂ ਮਿਥਿਹਾਸ/ਇਤਿਹਾਸ ਨਾਲ਼ ਸੰਬੰਧ ਰੱਖਣ ਵਾਲ਼ੇ ਕਈ ਤੀਰਥ ਅਸਥਾਨ ਹਨ, ਜਿੱਥੇ ਲੋਕ ਸਾਲਾਨਾ ਯਾਤਰਾ ਲਈ ਜਾਂਦੇ ਹਨ। ਇਨ੍ਹਾਂ ਤੀਰਥਾਂ ਵਿੱਚ ਕੁਰੂਕਸ਼ੇਤਰ ਦਾ ਪਹਿਲਾ ਨੰਬਰ ਹੈ ਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਹਾਭਾਰਤ ਦੀ ਲੜਾਈ ਇਸ ਜਗ੍ਹਾ ਤੇ ਹੋਈ ਸੀ। ਦੇਵੀ ਦੇ ਪੁਰਾਤਨ ਮੰਦਿਰ ਆਮ ਤੌਰ ਤੇ ਪਹਾੜਾਂ ਵਿੱਚ ਮਿਲ਼ਦੇ ਹਨ। ਹਿੰਦੂ ਧਾਰਮਿਕ ਤਿਉਹਾਰਾਂ ਵਿੱਚ ਸ਼ਿਵਰਾਤਰੀ, ਜਨਮ ਅਸ਼ਟਮੀ, ਦਸਹਿਰਾ, ਦਿਵਾਲ਼ੀ, ਆਦਿ ਮਸ਼ਹੂਰ ਹਨ। ਵੀਹਵੀਂ ਸਦੀ ਦੇ ਮਸ਼ਹੂਰ ਪੰਜਾਬੀ ਨੇਤਾਵਾਂ ਵਿੱਚ ਲਾਲਾ ਲਾਜਪਤ ਰਾਇ, ਲਾਲਾ ਜਗਤ ਨਰਾਇਣ, ਤੇ ਇੰਦਰ ਕੁਮਾਰ ਗੁਜਰਾਲ ਆਦਿ ਦੇ ਨਾਂ ਆਉਂਦੇ ਹਨ ਤੇ ਧਨੀ ਰਾਮ ਚਾਤ੍ਰਿਕ ਤੇ ਸ਼ਿਵ ਬਟਾਲ਼ਵੀ ਦੀ ਪੰਜਾਬੀ ਸਾਹਿਤ ਨੂੰ ਅਮੁੱਲੀ ਦੇਣ ਹੈ।

ਵਿਚਾਰ-ਵਟਾਂਦਰੇ ਲਈ ਸੁਆਲ:

1. ਹਿੰਦੂਆਂ ਦਾ ਕਿਹੜਾ ਪੁਰਾਣਾ ਗ੍ਰੰਥ ਪੰਜਾਬ ਵਿੱਚ ਉਚਾਰਿਆ ਗਿਆ?
2. ਪੰਜਾਬ ਦੇ ਤਿੰਨ ਵੱਡੇ ਹਿੰਦੂ ਫ਼ਿਰਕਿਆਂ ਦੇ ਨਾਂ ਦੱਸੋ।
3. ਪੰਜਾਬ ਦਾ ਖ਼ਾਸ ਹਿੰਦੂ ਤੀਰਥ ਅਸਥਾਨ ਕਿਹੜਾ ਹੈ?

Sri Satguru Jagjit Singh Ji eLibrary NamdhariElibrary@gmail.com

Exercise 12.1 Fill in the blanks with the future form of the verb in parentheses:

1. ਇਸ ਸਾਲ ਮੈਂ ਕਾਲਜ ਜਾਣਾ _____। (to start)
2. ਪਰਸੋਂ ਉਹ ਪੀਤਸਾ _____। (to eat)
3. ਉਹ ਪਤਨੀ ਵਾਸਤੇ ਫੁੱਲ _____। (to buy)
4. ਅਗਲੇ ਮਹੀਨੇ ਮੈਂ ਆਪਣੇ ਰਿਸ਼ਤੇਦਾਰਾਂ ਨੂੰ _____। (to meet)
5. ਪ੍ਰੋਫ਼ੈਸਰ ਸਾਹਿਬਾ ਹਿੰਦੁਸਤਾਨ ਦਾ ਇਤਿਹਾਸ _____। (to teach)
6. ਮੇਰੀ ਭੈ ਵਕੀਲ _____। (to become)
7. ਮੈਂ ਅਮਰੀਕਾ ਵਿੱਚ ਟੈਕਸੀ _____। (to drive)
8. ਬਸੰਤ ਵਿੱਚ ਬੱਚੇ ਪਤੰਗ _____। (to fly)
9. ਤੁਸੀਂ ਮੇਰੀਆਂ ਭੈਣਾਂ ਨੂੰ ਸ਼ਹਿਰ ਵਿੱਚ _____। (to find)
10. ਅਸੀਂ ਉਨ੍ਹਾਂ ਨੂੰ ਪੈਸੇ _____। (to give)

Exercise 12.2 Translate the following short sentences into English and convert them into their plural forms in Punjabi:

1. ਉਹ ਲੱਭੇਗੀ।
2. ਤੂੰ ਗਾਵੇਂਗੀ।
3. ਮੈਂ ਜਾਵਾਂ?
4. ਤੂੰ ਦੌੜੇਂਗਾ।
5. ਉਹ ਬੈਠੇਗੀ।
6. ਮੈਂ ਬਦਲਾਂਗਾ।
7. ਤੂੰ ਧੋਵੇਂਗੀ।
8. ਤੂੰ ਨ੍ਹਾਵੇਂਗਾ।
9. ਉਹ ਰੋਵੇਗਾ।
10. ਉਹ ਕੰਮ ਕਰੇ।

Exercise 12.3 Translate the following short sentences into English and convert them into their singular forms in Punjabi:

1. ਅਸੀਂ ਦੌੜਾਂਗੇ।
2. ਉਹ ਛਾਲਾਂ ਮਾਰਨਗੇ।
3. ਤੁਸੀਂ ਖੇਡੋਗੇ।
4. ਅਸੀਂ ਵੇਖਾਂਗੇ।
5. ਉਹ ਹਾਰਨਗੇ।
6. ਤੁਸੀਂ ਜਿੱਤੋਗੇ।
7. ਚਾਹਵਾਂ ਚੱਲਣਗੀਆਂ।
8. ਭੰਗੜੇ ਪੈਣਗੇ।
9. ਮੌਜਾਂ ਹੋਣਗੀਆਂ।
10. ਕੁਰਸੀਆਂ ਟੁੱਟਣਗੀਆਂ।

Exercise 12.4 Create a 10-12 sentence dialogue on your upcoming holiday plans—where you plan to go, whom you will visit, etc. Incorporate the future and subjunctive as much as possible.

Sri Satguru Jagjit Singh Ji eLibrary NamdhariElibrary@gmail.com

ਸ਼ਬਦਾਵਲੀ Vocabulary

ਕਿਰਿਆਵਾਂ *Verbs*

ਉਡਾਉਣਾ	to fly (vt)
ਸਿਖਾਉਣਾ	to teach (vt)
ਸ਼ੁਰੂ ਹੋਣਾ	to start, begin (vi)
ਖ਼ਤਮ ਕਰਨਾ	to finish (vt)
ਗਿਣਨਾ	to count (vt)
ਚਮਕਣਾ	to shine, sparkle (vi)
ਜਗਾਉਣਾ	to light, ignite (vt)
ਟੁੱਟਣਾ	to break (vi)
ਜਿੱਤਣਾ	to win (vi)
ਹਾਰਨਾ	to lose, be defeated (vi)
ਪੁੱਛਣਾ	to ask (vi)
ਬਣਨਾ	to be made, become (vi)
ਬਦਲਨਾ	to change (vi, vt)
ਮਾਰਨਾ	to hit, to kill (vt)
ਰੁੱਝਣਾ	to get busy (vi)
ਰੋਣਾ	to cry, weep (vi)
ਲੱਭਣਾ	to seek; to find (vt)

ਰਿਸ਼ਤੇਦਾਰ *Relatives*

ਰਿਸ਼ਤੇਦਾਰ	relative (m, f)
ਪਤਨੀ	wife (f)
ਪਤੀ	husband (m)

ਤਿਉਹਾਰ *Festivals*

ਗੁਰਪੁਰਬ	festival associated with Sikh Gurus (m)
ਰਾਮ ਲੀਲ੍ਹਾ	stage play on the life of the Hindu deity Ram (f)
ਸ਼ਿਵਰਾਤਰੀ	festival celebrating the Hindu deity Shiva (f)
ਜਨਮ ਅਸ਼ਟਮੀ	festival celebrating the birth of the Hindu deity Krishna
ਦਸਹਿਰਾ	Hindu festival celebrating the conquest of evil (m)
ਪੂਜਾ	worship, offering (f)
ਰਮਜ਼ਾਨ	Islamic month of fasting (m)
ਰੋਜ਼ਾ	daily fast (m)

Sri Satguru Jagjit Singh Ji eLibrary NamdhariElibrary@gmail.com

ਧਰਮ	*Religion*
ਯਾਤਰਾ	pilgrimage (f)
ਕੀਰਤਨ	hymn singing (m)
ਤੀਰਥ	pilgrimage center (m)
ਅਵਤਾਰ	incarnation (m)
ਇਸ਼ਟ	deity, spiritual guide (m)
ਨੇਤਾ	leader (m)
ਫ਼ਿਰਕ਼ਾ	sect (m)
ਮਿਥਿਹਾਸ	mythology (m)
ਵਿਸ਼ਵਾਸ	belief, trust (m)

ਹੋਰ ਫ਼ਾਇਦੇਮੰਦ ਸ਼ਬਦ	*Other Useful Words*
ਸ਼ਾਇਦ	perhaps, maybe
ਜ਼ਰੂਰ	for sure, definitely (adv)
ਬਿਲਕੁਲ	entirely, completely (adv)
ਸਿਹਤ	health, fitness (f)
ਮੌਜ	enjoyment, delight; wave, surge (of emotion) (f)
ਪਤੰਗ	kite (m)
ਛਾਲ਼	jump, leap (f)
ਭੰਗੜਾ	a men's folk dance (m)
- ਪਾਉਣਾ	to do *bhangra* (vt)
ਕਹਾਣੀ	story (f)
ਕਥਾ	story, tale (f)
ਸਾਹਿਤਕ	literary (adj/u)
ਆਦਿ	et cetera (adv)
ਲਗਾਤਾਰ	continuously (adv)
ਪੁਰਾਤਨ	old, ancient (adj/u)
ਸ਼ੁਰੂਆਤ	beginning (f)
ਅਮੁੱਲਾ	invaluable (adj/i)
ਭਾਅ	rate, price (m)
ਵਧੇਰਾ	more (adj/i)
ਕਿੱਲੋ	kilogram (m)

Sri Satguru Jagjit Singh Ji eLibrary NamdhariElibrary@gmail.com

Lesson 13
ਸਬਕ ੧੩
The Perfect Tense

§ 13.1 The perfect tense

The perfect tense designates action that has been completed. Unlike the imperfect past tense (ਮੈਂ ਜਾਂਦਾ ਸਾਂ) and the past progressive tense (I was going - ਮੈਂ ਜਾ ਰਿਹਾ ਸਾਂ), the perfect tense refers to a one time action completed in the past. It is formed by adding the following endings to the root of the verb.

	Masculine	Feminine
Singular	. . . -ਇਆ	. . . -ਈ
Plural	. . . -ਏ	. . . -ਈਆਂ

Using the verb ਲਿਖਣਾ as an example:

	Masculine	Feminine
Singular	ਲਿਖਿਆ	ਲਿਖੀ
Plural	ਲਿਖੇ	ਲਿਖੀਆਂ

When the perfect participle is used alone, without any additional auxiliary forms of ਹੋਣਾ, it conveys the simple past tense, for example:

ਲਿਖਣਾ – to write
ਮੈਂ ਲਿਖਿਆ — I wrote

ਆਉਣਾ – to come
ਅਸੀਂ ਆਏ — We came

§ 13.2 Intransitive versus transitive verbs

Note that, unlike in other verb constructions, gender and number are the only relevant parameters in the conjugation of the perfect; Person (1st, 2nd, 3rd) has no bearing. However, when using the perfect one must also consider whether its conjugation agrees with the gender and number of the subject or the object (or with neither). The rules governing this agreement depend on whether a verb is intransitive or transitive.

1. Intransitive verbs: Intransitive verbs do not take an object and the verb is in agreement with the subject of the sentence.

ਮੁੰਡਾ ਦੌੜਿਆ।	The boy ran.
ਕੁੜੀਆਂ ਹੱਸੀਆਂ।	The girls laughed.

1. Transitive verbs[1]: Transitive verbs take an object and can be conjugated in two different ways, depending on whether the object is marked with a postposition or not.

   a. Transitive verbs without postpositions: When the object is not marked with a postposition, the verb agrees with the object of the sentence.

ਮੈਂ ਫ਼ਿਲਮਾਂ ਵੇਖੀਆਂ।	I watched films.
ਅਸੀਂ ਤੁਹਫ਼ੇ ਭੇਜੇ।	We sent gifts.

   b. Transitive verbs with postpositions: When the object is marked with the postposition ਨੂੰ, the verb takes the default conjugation of the masculine singular.

ਮੈਂ ਬੱਚਿਆਂ ਨੂੰ ਲਾਇਬ੍ਰੇਰੀ ਸਾਮ੍ਹਣੇ ਵੇਖਿਆ।	I saw the children in front of the library.
ਅਸੀਂ ਤੁਹਫ਼ਿਆਂ ਨੂੰ ਭੇਜਿਆ।	We sent the gifts.

§ 13.3 The postposition ਨੇ

In the case of a 3rd person (singular or plural) subject and a transitive verb, the subject must be followed by ਨੇ. The postposition ਨੇ, which indicates the agent of the sentence, places that noun/pronoun in the oblique case.

ਮੁੰਡੇ ਨੇ ਸਾਇੰਸ ਦੀਆਂ ਕਿਤਾਬਾਂ ਪੜ੍ਹੀਆਂ।	The boy read the science books.
ਉਸ ਨੇ ਮੈਨੂੰ ਆਪਣੀ ਕਿਤਾਬ ਵਿਖਾਈ।	He/she showed me his/her book.
ਉਨ੍ਹਾਂ ਨੇ ਇੱਕ ਤਸਵੀਰ ਖ਼ਰੀਦੀ।	They bought a picture.
ਉਨ੍ਹਾਂ ਨੇ ਫ਼ਿਲਮ ਕੱਲ੍ਹ ਰਾਤ ਵੇਖੀ।	They saw the film last night.

§ 13.4 Irregular forms of the perfect participle

Several verbs have irregular conjugations:

		Masculine	Feminine
ਕਰਨਾ	*Singular*	ਕੀਤਾ	ਕੀਤੀ
(to do, vt)	*Plural*	ਕੀਤੇ	ਕੀਤੀਆਂ

[1] A few verbs that might seem to be transitive operate as intransitive verbs in Punjabi. Some of these are: ਬੋਲਣਾ (to speak), ਮਿਲਨਾ (to meet), ਸਮਝਣਾ (to understand), ਲਿਆਉਣਾ (to bring), and ਭੁੱਲਣਾ (to forget).

Sri Satguru Jagjit Singh Ji eLibrary NamdhariElibrary@gmail.com

ਪੀਣਾ	ਪੀਤਾ	ਪੀਤੀ
(to drink, vt)	ਪੀਤੇ	ਪੀਤੀਆਂ
ਸਿਊਣਾ	ਸੀਤਾ	ਸੀਤੀ
(to stitch, vt)	ਸੀਤੇ	ਸੀਤੀਆਂ
ਦੇਣਾ	ਦਿੱਤਾ	ਦਿੱਤੀ
(to give, vt)	ਦਿੱਤੇ	ਦਿੱਤੀਆਂ
ਸੌਣਾ	ਸੁੱਤਾ	ਸੁੱਤੀ
(to sleep, vi)	ਸੁੱਤੇ	ਸੁੱਤੀਆਂ
ਧੋਣਾ	ਧੋਤਾ	ਧੋਤੀ
(to wash, vt)	ਧੋਤੇ	ਧੋਤੀਆਂ
ਨ੍ਹਾਉਣਾ	ਨ੍ਹਾਤਾ	ਨ੍ਹਾਤੀ
(to bathe, vi)	ਨ੍ਹਾਤੇ	ਨ੍ਹਾਤੀਆਂ
ਬੈਠਣਾ	ਬੈਠਾ	ਬੈਠੀ
(to sit, vi)	ਬੈਠੇ	ਬੈਠੀਆਂ
ਖਾਣਾ	ਖਾਧਾ	ਖਾਧੀ
(to eat, vt)	ਖਾਧੇ	ਖਾਧੀਆਂ
ਕਹਿਣਾ	ਕਿਹਾ	ਕਹੀ
(to say, vt)	ਕਹੇ	ਕਹੀਆਂ
ਰਹਿਣਾ	ਰਿਹਾ	ਰਹੀ
(to stay, vi)	ਰਹੇ	ਰਹੀਆਂ
ਜਾਣਾ	ਗਿਆ	ਗਈ
(to go, vi)	ਗਏ	ਗਈਆਂ
ਲੈਣਾ	ਲਿਆ	ਲਈ
(to take, vt)	ਲਏ	ਲਈਆਂ
ਪੈਣਾ	ਪਿਆ	ਪਈ
(to fall, vi)	ਪਏ	ਪਈਆਂ

Examples:

With intransitive verbs

ਪਿਛਲੇ ਸਾਲ ਮੈਂ ਕਨੇਡਾ ਗਈ ।	Last year I went to Canada.

Sri Satguru Jagjit Singh Ji eLibrary NamdhariElibrary@gmail.com

ਮੇਰੇ ਭਰਾ ਅਮਰੀਕਾ ਰਹੇ।	My brothers lived in the U.S.
ਸਾਰੇ ਲੋਕ ਫ਼ਰਸ਼ ਤੇ ਬੈਠੇ।	All the people sat on the floor.

With transitive verbs

ਮੈਂ ਸਕੂਲ ਵਿੱਚ ਕੰਮ ਕੀਤਾ।	I worked at school.
ਧੋਬੀ ਨੇ ਕੱਪੜੇ ਧੋਤੇ।	The washerman washed the clothes.
ਉਨ੍ਹਾਂ ਨੇ ਦਾਲ਼ ਖਾਧੀ।	They ate lentils.

§ 13.5 The present perfect

The present perfect indicates action that 'has' been completed, with respect to the present. It is formed by combining the perfect participle of a verb with the appropriate present tense auxiliary form of ਹੋਣਾ. In the case of intransitive verbs (which agree with the subject) all the personal forms of the auxiliary are possible. For transitive verbs the only possible auxiliary forms are the generic singular (ਹੈ) and plural (ਹਨ).

The paradigm for intransitive verbs is as follows:

	Masculine	Feminine
ਮੈਂ	. . . –ਇਆ ਹਾਂ	. . . –ਈ ਹਾਂ
ਤੂੰ	. . . –ਇਆ ਹੈਂ	. . . –ਈ ਹੈਂ
ਉਹ/ਇਹ	. . . –ਇਆ ਹੈ	. . . –ਈ ਹੈ
ਅਸੀਂ	. . . –ਏ ਹਾਂ	. . . –ਈਆਂ ਹਾਂ
ਤੁਸੀਂ	. . . –ਏ ਹੋ	. . . –ਈਆਂ ਹੋ
ਉਹ/ਇਹ	. . . –ਏ ਹਨ	. . . –ਈਆਂ ਹਨ

Using the verb ਆਉਣਾ as an example:

	Masculine	Feminine	
ਮੈਂ	ਆਇਆ ਹਾਂ	ਆਈ ਹਾਂ	I have come
ਤੂੰ	ਆਇਆ ਹੈਂ	ਆਈ ਹੈਂ	You have come
ਉਹ	ਆਇਆ ਹੈ	ਆਈ ਹੈ	S/he, it has come
ਅਸੀਂ	ਆਏ ਹਾਂ	ਆਈਆਂ ਹਾਂ	We have come
ਤੁਸੀਂ	ਆਏ ਹੋ	ਆਈਆਂ ਹੋ	You have come
ਉਹ	ਆਏ ਹਨ	ਆਈਆਂ ਹਨ	They have come

Examples:

ਪਿਤਾ ਜੀ ਪੰਜ ਮਿੰਟ ਪਹਿਲਾਂ ਸੁੱਤੇ ਹਨ।	Dad went to sleep five minutes ago.
ਮੇਰੀ ਸਹੇਲੀ ਅੰਮ੍ਰਿਤਸਰ ਗਈ ਹੈ।	My girlfriend has gone to Amritsar.
ਅਸੀਂ ਹੁਣੇ ਬੈਠੇ ਹਾਂ।	We have just sat down.

Sri Satguru Jagjit Singh Ji eLibrary NamdhariElibrary@gmail.com

The paradigm for transitive verbs is as follows:

	Masculine	Feminine
Singular	. . . –ਇਆ ਹੈ	. . . –ਈ ਹੈ
Plural	. . . –ਏ ਹਨ	. . . –ਈਆਂ ਹਨ

Using the verb ਲਿਖਣਾ as an example:

	Masculine	Feminine
Singular	ਲਿਖਿਆ ਹੈ	ਲਿਖੀ ਹੈ
Plural	ਲਿਖੇ ਹਨ	ਲਿਖੀਆਂ ਹਨ

Examples:

ਮੈਂ ਪਾਣੀ ਪੀਤਾ ਹੈ।	I have drunk water.
ਮੈਂ ਰਣਬੀਰ ਨੂੰ ਵੇਖਿਆ ਹੈ।	I saw Ranbir.
ਤੂੰ ਉਸ ਨੂੰ ਮੇਰੇ ਬਾਰੇ ਦੱਸਿਆ ਹੈ?	Have you told her about me?
ਕੰਧ ਤੇ ਤਸਵੀਰ ਲੱਗੀ ਹੈ।	A picture has been hung on the wall.
ਉਸ ਨੇ ਦੋਵੇਂ ਕਿਤਾਬਾਂ ਪੜ੍ਹੀਆਂ ਹਨ।	S/he has read both books.

§ 13.6 The past perfect

The past perfect, in a strict sense, indicates action that 'had' been completed, with respect to a past point of reference. However, it is also used merely to emphasize that the action happened in the past, in which case it may be translated similarly to the simple past tense. It is formed by combining the perfect participle with the past tense auxiliary form of ਹੋਣਾ. Its paradigms are exactly parallel to the present perfect, but with the substitution of past auxiliary forms.

Using the intransitive verb ਤੁਰਨਾ as an example:

	Masculine	Feminine	
ਮੈਂ	ਤੁਰਿਆ ਸਾਂ	ਤੁਰੀ ਸਾਂ	I had walked
ਤੂੰ	ਤੁਰਿਆ ਸੈਂ	ਤੁਰੀ ਸੈਂ	You had walked
ਉਹ	ਤੁਰਿਆ ਸੀ	ਤੁਰੀ ਸੀ	S/he, it had walked
ਅਸੀਂ	ਤੁਰੇ ਸਾਂ	ਤੁਰੀਆਂ ਸਾਂ	We had walked
ਤੁਸੀਂ	ਤੁਰੇ ਸੋ	ਤੁਰੀਆਂ ਸੋ	You had walked
ਉਹ	ਤੁਰੇ ਸਨ	ਤੁਰੀਆਂ ਸਨ	They had walked

Sri Satguru Jagjit Singh Ji eLibrary NamdhariElibrary@gmail.com

Using the transitive verb ਵੇਖਣਾ as an example:

	Masculine	Feminine
Singular	ਵੇਖਿਆ ਸੀ	ਵੇਖੀ ਸੀ
Plural	ਵੇਖੇ ਸਨ	ਵੇਖੀਆਂ ਸਨ

Examples:

ਉਹ ਬਟਵਾਰੇ ਤੋਂ ਪਹਿਲਾਂ ਅਮਰੀਕਾ ਗਿਆ ਸੀ।	He had gone to the U.S. before the Partition.
ਉਸ ਨੇ ਮੇਜ਼ ਤੇ ਸਭ ਕਿਤਾਬਾਂ ਰੱਖੀਆਂ ਸਨ।	She had put all the books on the table. *or* She put all the books on the table.
ਮੈਂ ਕੱਲ੍ਹ ਸ਼ਹਿਰ ਵਿੱਚ ਮੀਰਾ ਨੂੰ ਵੇਖਿਆ ਸੀ।	I saw Mira in town yesterday.
ਪਿਛਲੇ ਹਫ਼ਤੇ, ਅਸੀਂ ਛੋਲੇ ਭਠੂਰੇ ਖਾਧੇ ਸਨ।	Last week, we ate chick peas with puffy fried bread.

§ 13.7 The perfect form of ਹੋਣਾ

The perfect form of ਹੋਣਾ is used to indicate a change in state that is complete. In this way, it is distinct from the auxiliary past tense of ਹੋਣਾ that you have learned earlier (ਸਾਂ, ਸੈਂ, ਸੀ, ਸੋ, ਸਨ), which merely marks a past time. The forms are:

	Masculine	Feminine
Singular	ਹੋਇਆ	ਹੋਈ
Plural	ਹੋਏ	ਹੋਈਆਂ

Examples:

ਮੁੰਡਾ ਦੁਖੀ ਹੋਇਆ।	The boy became sad.
ਕੀ ਹੋਇਆ?	What happened?

§ 13.8 Participial constructions

The perfect form of ਹੋਣਾ can be used to create verbal adjectives. For example:

ਦੌੜਦਾ ਹੋਇਆ ਆਦਮੀ	running man
ਟੁੱਟੀ ਹੋਈ ਕੁਰਸੀ	broken chair

In these constructions, the perfect participle of ਹੋਣਾ (agreeing with the noun being modified) follows either the imperfect participle or the perfect participle. In the examples above, ਦੌੜਦਾ

Sri Satguru Jagjit Singh Ji eLibrary NamdhariElibrary@gmail.com

is the imperfect participle of ਦੌੜਨਾ (to run), and ਟੁੱਟੀ is the perfect participle of ਟੁੱਟਣਾ (to break). Distinguish:

ਮਰਦਾ ਹੋਇਆ ਫ਼ੌਜੀ ਜ਼ਮੀਨ ਤੇ ਡਿੱਗਿਆ।	The dying soldier fell to the earth.
ਮਰਿਆ ਹੋਇਆ ਫ਼ੌਜੀ ਜ਼ਮੀਨ ਤੇ ਡਿੱਗਿਆ।	The dead soldier fell to the earth.

Dialogue ਗੱਲ-ਬਾਤ — At the Tailor Shop ਦਰਜ਼ੀ ਦੀ ਦੁਕਾਨ ਤੇ

ਰੂਪ:	ਨਮਸਤੇ, ਮਾਸਟਰ ਜੀ[2]! ਪਿਛਲੇ ਹਫ਼ਤੇ ਮੈਂ ਆਪਣੀ ਸਹੇਲੀ ਨਾਲ਼ ਆਈ ਸਾਂ। ਤੁਹਾਨੂੰ ਯਾਦ ਹੋਵੇਗਾ . . . ਉਹ ਕੁੱਝ ਸੀਤੀਆਂ ਹੋਈਆਂ ਚੀਜ਼ਾਂ ਲੈਣ ਆਈ ਸੀ।
ਮਾਸਟਰ ਜੀ:	ਹਾਂ ਜੀ, ਮੈਨੂੰ ਬਿਲਕੁਲ ਯਾਦ ਹੈ। ਦੱਸੋ, ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?
ਰੂਪ:	ਮੈਂ ਇੱਕ ਸੂਟ (ਸਲਵਾਰ ਕਮੀਜ਼) ਤੇ ਇੱਕ ਲਹਿੰਗਾ ਸਿਵਾਉਣਾ ਹੈ ਅਤੇ ਕੱਪੜਾ ਨਾਲ਼ ਲੈ ਕੇ ਆਈ ਹਾਂ। ਇਹ ਵੇਖੋ, ਬੜਾ ਹੀ ਸੁਹਣਾ ਰੰਗ ਹੈ।
ਮਾਸਟਰ ਜੀ:	ਹਾਂ ਜੀ, ਕੱਪੜਾ ਵੀ ਵਧੀਆ ਹੈ। ਤੁਸੀਂ ਸੂਟ ਕਿਹੜੇ ਸਟਾਈਲ ਵਿੱਚ ਸਿਵਾਉਣਾ ਹੈ?
ਰੂਪ:	ਕਮੀਜ਼ ਪੂਰੀ ਲੰਬਾਈ ਵਾਲ਼ੀ ਹੋਣੀ ਚਾਹੀਦੀ ਹੈ ਅਤੇ ਸਲਵਾਰ ਪਟਿਆਲੇ ਸ਼ਾਹੀ ਸਟਾਈਲ ਵਿੱਚ। ਲਹਿੰਗੇ ਲਈ, ਮੈਂ ਟਾਪ ਸਲੀਵ-ਲੈਸ ਚਾਹੁੰਦੀ ਹਾਂ ਅਤੇ ਹੇਠਾਂ ਇੱਕ ਸੁਹਣਾ ਜਿਹਾ ਬਾਰਡਰ।
ਮਾਸਟਰ ਜੀ:	ਹੋ ਜਾਵੇਗਾ ਜੀ! ਇਹ ਕੋਈ ਖ਼ਾਸ ਮੌਕੇ ਲਈ ਹੈ?
ਰੂਪ:	ਹਾਂ ਜੀ, ਬੰਬਈ ਵਿੱਚ ਮੇਰੇ ਚਾਚੇ ਦੀ ਕੁੜੀ ਦਾ ਵਿਆਹ ਹੈ ਤੇ ਮੈਂ ਬਰਾਤ ਆਉਣ ਵੇਲੇ ਟਾਪੋ-ਟਾਪ ਕੱਪੜੇ ਪਾਉਣਾ ਚਾਹੁੰਦੀ ਹਾਂ।
ਮਾਸਟਰ ਜੀ:	ਚੰਗਾ, ਤੁਸੀਂ ਦੋ ਮਿੰਟ ਬੈਠੋ ਤੇ ਮੈਂ ਬਿੱਟੂ (ਸਹਾਇਕ ਦਰਜ਼ੀ) ਕੋਲੋਂ ਤੁਹਾਡਾ ਨਾਪ ਲਿਖਵਾਉਂਦਾ ਹਾਂ। ਕੁੱਝ ਠੰਢਾ-ਸ਼ੰਡਾ ਪੀਉਗੇ ਜਾਂ ਚਾਹ ਮਗਵਾਂਵਾ?
ਰੂਪ:	ਠੰਢਾ ਠੀਕ ਹੈ। ਮਿਹਰਬਾਨੀ।
ਮਾਸਟਰ ਜੀ:	ਬਿੱਟੂ, ਨਾਪ ਲਿਖੀ ਤਾਂ : ਮੋਰ ੧੬ ਛਾਤੀ ੩੬ ਬਾਂਹ ੧੭ ਗੁੱਟ ੫ ਕਮਰ ੨੭ ਲੱਕ ੩੬ ਲੰਬਾਈ ੩੮ ਚਾਕ ੧੪ ਘੇਰਾ ੨੬ ਮੁਹਰੀ ੧੨
ਰੂਪ :	ਕੱਪੜੇ ਕਦੋਂ ਤੱਕ ਤਿਆਰ ਹੋ ਜਾਣਗੇ, ਮਾਸਟਰ ਜੀ?
ਮਾਸਟਰ ਜੀ:	ਤਿੰਨ ਚਾਰ ਦਿਨ ਤਾਂ ਲੱਗ ਹੀ ਜਾਣਗੇ।
ਰੂਪ :	ਚੰਗਾ। ਤੁਸੀਂ ਬਿੱਟੂ ਦੇ ਹੱਥ ਕੱਪੜੇ ਮੇਰੇ ਘਰ ਭਿਜਵਾ ਦਿਓਗੇ?
ਮਾਸਟਰ ਜੀ:	ਹਾਂ ਜੀ, ਬਿਲਕੁਲ ਪਹੁੰਚ ਜਾਣਗੇ।

[2] Tailors are often referred to with the generic title of 'ਮਾਸਟਰ ਜੀ'.

Sri Satguru Jagjit Singh Ji eLibrary NamdhariElibrary@gmail.com

Reading: Buddhists
ਪਾਠ: ਬੋਧੀ



ਬੋਧੀ ਮੱਠ, ਧਰਮਸਾਲਾ

ਬੁੱਧ ਧਰਮ ਗੰਗਾ ਦੀ ਵਾਦੀ ਵਿੱਚ ਚਾਰ ਸੌ ਬੀ. ਸੀ. ਈ. ਦੇ ਨਜ਼ਦੀਕ ਹੋਂਦ ਵਿੱਚ ਆਇਆ। ਬੋਧੀਆਂ ਦਾ ਬੁਨਿਆਦੀ ਵਿਸ਼ਵਾਸ ਅਹਿੰਸਾ ਅਤੇ ਨੈਤਿਕ ਕ਼ਦਰਾਂ-ਕ਼ੀਮਤਾਂ ਤੇ ਉਸਾਰੀ ਜ਼ਿੰਦਗੀ ਹੈ। ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ ਹੀ ਬੁੱਧ ਧਰਮ ਦੇ ਪੈਰੋਕਾਰ ਪੰਜਾਬ ਵਿੱਚ ਪਹੁੰਚ ਗਏ ਤੇ ਉਨ੍ਹਾਂ ਨੇ ਤਕਸ਼ਿਲਾ ਨਾਂ ਦੇ ਸ਼ਹਿਰ ਨੂੰ ਆਪਣਾ ਕੇਂਦਰ ਬਣਾਇਆ। ਵਿਮਲਾਕੀਰਤੀ ਜਿਹੇ ਵਿਦਵਾਨਾਂ ਨੇ ਇਸ ਸ਼ਹਿਰ ਵਿੱਚ ਰਹਿ ਕੇ ਲੋਕਾਂ ਨੂੰ ਸਿੱਖਿਆ ਦਿੱਤੀ ਅਤੇ ਆਪਣੀਆਂ ਪੁਸਤਕਾਂ ਲਿਖੀਆਂ। ਇਨ੍ਹਾਂ ਸਮਿਆਂ ਵਿੱਚ ਬੋਧੀਆਂ ਦੇ ਮੱਠ ਸਾਰੇ ਪੰਜਾਬ ਵਿੱਚ ਫੈਲੇ ਹੋਏ ਸਨ ਤੇ ਉਨ੍ਹਾਂ ਦੇ ਖੰਡਰ ਕਈ ਜਗ੍ਹਾ ਤੇ ਅੱਜ ਵੀ ਵੇਖੇ ਜਾ ਸਕਦੇ ਹਨ। ਪੰਜਵੀਂ ਸਦੀ ਤੋਂ ਬਾਅਦ ਪੰਜਾਬ ਵਿੱਚ ਬੁੱਧ ਧਰਮ ਦਾ ਪਤਨ ਸ਼ੁਰੂ ਹੋ ਗਿਆ ਤੇ ਆਉਣ ਵਾਲਿਆਂ ਸਮਿਆਂ ਵਿੱਚ ਬੋਧੀ ਲੋਕ ਇਸ ਖ਼ਿੱਤੇ ਵਿੱਚੋਂ ਹੌਲੀ ਹੌਲੀ ਖ਼ਤਮ ਹੋ ਗਏ। ਗਿਆਰਵੀਂ ਸਦੀ ਵਿੱਚ *ਅਲ ਹਿੰਦ* ਦੇ ਲਿਖਾਰੀ, ਅਲ-ਬਿਰੂਨੀ, ਦੀ ਲਹੌਰ ਦੇ ਆਲ਼ੇ-ਦੁਆਲ਼ੇ ਬੋਧੀਆਂ ਨੂੰ ਮਿਲਣ ਦੀ ਕੋਸ਼ਿਸ਼ ਨਾਕਾਮ ਰਹੀ। ਇਹ ਦਿਲਚਸਪ ਵਾਰਤਾ ਹੈ ਕਿ ਵੀਹਵੀਂ ਸਦੀ ਵਿੱਚ ਬੁੱਧ ਧਰਮ ਪੰਜਾਬ ਦੇ ਇਲਾਕ਼ੇ ਵਿੱਚ ਇੱਕ ਨਵੀਂ ਸ਼ਕਲ ਇਖ਼ਤਿਆਰ ਕਰ ਕੇ ਫਿਰ ਦਾਖ਼ਲ ਹੋਇਆ ਹੈ। ੧੯੫੮ ਵਿੱਚ ਬੋਧੀ ਰਹਿਨੁਮਾ ਦਲਾਈ ਲਾਮਾ ਨੂੰ ਤਿੱਬਤ ਛੱਡ ਕੇ ਹਿੰਦੁਸਤਾਨ ਆਉਣਾ ਪਿਆ ਤੇ ਉਨ੍ਹਾਂ ਦਾ ਡੇਰਾ ਧਰਮਸਾਲਾ ਨਾਮੀ ਸ਼ਹਿਰ ਵਿੱਚ ਕਰ ਦਿੱਤਾ ਗਿਆ। ਪਿਛਲਿਆਂ ਦਹਾਕਿਆਂ ਵਿੱਚ ਧਰਮਸਾਲਾ ਇੱਕ ਮਸ਼ਹੂਰ ਬੋਧੀ ਕੇਂਦਰ ਬਣ ਗਿਆ ਹੈ ਤੇ ਹਰ ਸਾਲ ਜੁਲਾਈ ਵਿੱਚ ਕਈ ਮੁਲਕਾਂ ਤੋਂ ਬੋਧੀ ਲੋਕ ਦਲਾਈ ਲਾਮਾ ਦੇ ਦਰਸ਼ਨਾਂ ਲਈ ਧਰਮਸਾਲਾ ਆਉਂਦੇ ਹਨ।

ਵਿਚਾਰ-ਵਟਾਂਦਰੇ ਲਈ ਸੁਆਲ:

1. ਪੰਜਾਬ ਵਿੱਚ ਬੁੱਧ ਧਰਮ ਦਾ ਪਤਨ ਕਦੋਂ ਹੋਇਆ?
2. ਪੰਜਾਬ ਵਿੱਚ ਬੁੱਧ ਧਰਮ ਦੇ ਕੇਂਦਰ ਕਿੱਥੇ ਕਿੱਥੇ ਹਨ/ਸਨ?
3. ਮੌਜੂਦਾ ਸਮੇਂ ਵਿੱਚ ਬੁੱਧ ਧਰਮ ਪੰਜਾਬ ਵਿੱਚ ਕਿਵੇਂ ਵਾਪਸ ਆਇਆ?

Sri Satguru Jagjit Singh Ji eLibrary NamdhariElibrary@gmail.com

Exercise 13.1 Fill in the blanks with the appropriate form of the perfect participle of the verbs given in parentheses. Then, translate the sentences into English:

1. ਤਿੰਨ ਸਾਲ ਪਹਿਲਾਂ ਮੈਂ ਹਿੰਦੁਸਤਾਨ _____। (to go)
2. ਮੇਰੇ ਦਾਦੀ ਜੀ ਨੇ ਸੰਗੀਤ _____। (to listen/hear)
3. ਪੰਜ ਦਿਨ ਪਹਿਲਾਂ ਮੇਰੇ ਦੋਸਤ ਦਿੱਲੀ ਤੋਂ _____। (to come)
4. ਉਸ ਨੇ ਬਹੁਤ ਸੁਆਦ ਖਾਣਾ _____। (to make/cook)
5. ਬਹੁਤ ਕੰਮ ਹੋਣ ਦੇ ਬਾਵਜੂਦ ਵੀ ਉਹ ਮੈਨੂੰ ਮਿਲਨ _____। (to come)
6. ਮੇਰੀ ਭੈਣ ਲਈ ਉਸ ਨੇ ਤੁਹਫ਼ਾ _____। (to buy)
7. ਮੇਰੀ ਸਹੇਲੀ ਦੇ ਜਨਮ-ਦਿਨ ਲਈ ਮੈਂ ਕੇਕ _____। (to make)
8. ਪਾਰਟੀ ਵਿੱਚ ਫ਼ਰੀਨਾ ਨੇ ਕਹਾਣੀ _____ (to tell)
9. ਪਿਛਲੇ ਸਾਲ ਅਸੀਂ ਵਾਰਿਸ ਸ਼ਾਹ ਦੀ *ਹੀਰ* _____। (to read)
10. ਮਨਪ੍ਰੀਤ ਦੇ ਘਰ ਉਨ੍ਹਾਂ ਨੇ ਪਕੌੜੇ _____। (to cook)

Exercise 13.2 Fill in the blanks with the appropriate form of the perfect participle of the verbs given in parentheses. Then, translate the sentences into English:

1. ਸਕੂਲ ਜਾਣ ਤੋਂ ਪਹਿਲਾਂ ਮੈਂ _____। (to bathe)
2. ਕੱਲ੍ਹ ਰਾਤ ਮੈਂ ਬੀਜੀ ਨਾਲ਼ ਫ਼ੋਨ ਤੇ ਗੱਲਾਂ _____। (to do)
3. ਉਸ ਨੇ _____ ਕਿ ਤੂੰ ਬੜੀ ਸੁਹਣੀ ਹੈਂ। (to say)
4. ਸੀਤਾ ਨੇ ਬਹੁਤ ਸਾਰੀਆਂ ਕਿਤਾਬਾਂ _____ ਸਨ। (to buy)
5. ਉਸ ਨੇ ਮੈਨੂੰ ਤੁਹਫ਼ਾ _____ ਸੀ। (to give)
6. ਉਸ ਨੇ ਅਖ਼ਬਾਰ _____। (to read)
7. ਉਹ ਮੁੰਡਾ ਉਸ ਕੁੜੀ ਨੂੰ ਸੈਮੀਨਾਰ ਵਿੱਚ _____ ਸੀ। (to meet)
8. ਪਿਛਲੇ ਹਫ਼ਤੇ ਅਸੀਂ ਨਾਭੇ _____। (to go)
9. ਤੁਸੀਂ ਤਾਜ ਮਹਿਲ _____। (to see)
10. ਉਸ ਨੇ ਮੈਨੂੰ ਖ਼ਤ _____। (to write)

Exercise 13.3 Translate the following sets of sentences into English using appropriate forms of the perfect tense:

1. I drank milk. I have drunk milk. I had drunk milk.
2. I went to Delhi. I have gone to Delhi. I had gone to Delhi.
3. He saw her. He has seen her. He had seen her.
4. They did a lot of work. They have done a lot of work. They had done a lot of work.
5. She came home. She has come home. She had come home.

Exercise 13.4 Create a 10-12 sentence dialogue involving what you did yesterday. For example: Where did you go? Whom did you meet? What did you eat?

Sri Satguru Jagjit Singh Ji eLibrary NamdhariElibrary@gmail.com

Exercise 13.5 Translate the following passage into English:

ਚੰਡੀਗੜ੍ਹ ਦਾ ਰਾਕ ਗਾਰਡਨ

ਚਾਲ੍ਹੀ ਸਾਲ ਪਹਿਲਾਂ, ਨੇਕ ਚੰਦ, ਇੱਕ ਸਰਕਾਰੀ ਕਰਮਚਾਰੀ, ਕੂੜੇ ਦੀਆਂ ਚੀਜ਼ਾਂ ਤੋਂ ਮੂਰਤੀਆਂ ਬਣਾਉਣ ਲੱਗਾ। ਸ਼ੁਰੂ ਵਿੱਚ, ਇੱਕ ਛੋਟੇ ਜਿਹੇ ਬਗ਼ੀਚੇ ਵਿੱਚ, ਉਸ ਨੇ ਇਨਸਾਨਾਂ, ਜਾਨਵਰਾਂ ਤੇ ਕੁਦਰਤੀ ਨਜ਼ਾਰਿਆਂ ਦੀਆਂ ਮੂਰਤੀਆਂ ਬਣਾਈਆਂ। ਇਨ੍ਹਾਂ ਨੂੰ ਬਣਾਉਣ ਵਿੱਚ ਨੇਕ ਚੰਦ ਨੇ ਟੁੱਟੀਆਂ ਹੋਈਆਂ ਵੰਙਾਂ ਤੇ ਖਾਲੀ ਬੋਤਲਾਂ, ਆਦਿ ਵਰਤੀਆਂ। ਹਾਲਾਂ ਕਿ ਬਹੁਤ ਸਾਰੇ ਲੋਕ ਇਨ੍ਹਾਂ ਚੀਜ਼ਾਂ ਨੂੰ ਫ਼ਜ਼ੂਲ ਸਮਝਦੇ ਸਨ, ਨੇਕ ਚੰਦ ਨੇ ਆਪਣੇ ਕਲਾਤਮਕ ਨਜ਼ਰੀਏ ਰਾਹੀਂ ਇਨ੍ਹਾਂ ਦੀ ਕਾਇਆ ਪਲਟ ਦਿੱਤੀ। ਇਹ ਨਿੱਕਾ ਜਿਹਾ ਬਗ਼ੀਚਾ ਸੁਖਨਾ ਝੀਲ ਅਤੇ ਹਾਈ ਕੋਰਟ ਦੇ ਵਿਚਾਲੇ ਸੀ। ਸ਼ੁਰੂ ਵਿੱਚ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਨੇਕ ਚੰਦ ਕੀ ਕਰ ਰਿਹਾ ਹੈ ਕਿਉਂਕਿ ਇਹ ਬਗ਼ੀਚਾ ਇਮਾਰਤਾਂ ਦੇ ਪਿੱਛੇ ਲੁਕਿਆ ਹੋਇਆ ਸੀ। ਚਾਰ ਸਾਲਾਂ ਤਕ ਰਾਕ ਗਾਰਡਨ ਦੇ ਕਰਤਾ ਨੇ ਆਪਣੀ ਕਿਰਤ ਲੋਕਾਂ ਦੀ ਨਜ਼ਰ ਤੋਂ ਬਚਾਈ ਰੱਖੀ। ਜਿਸ ਇਲਾਕੇ ਵਿੱਚ ਉਹ ਇਸ ਨੂੰ ਬਣਾ ਰਿਹਾ ਸੀ ਅਤੇ ਜਿਹੜੀਆਂ ਚੀਜ਼ਾਂ ਦੀ ਵਰਤੋਂ ਉਹ ਕਰ ਰਿਹਾ ਸੀ, ਉਹ ਦੋਵੇਂ ਹੀ ਗ਼ੈਰ-ਕਾਨੂੰਨੀ ਸਨ। ਪਰ ਜਦੋਂ ਨੇਕ ਚੰਦ ਨੇ ਇਸ ਪ੍ਰਾਜੈਕਟ ਦਾ ਭੇਦ ਖੋਲ੍ਹਿਆ, ਉਸ ਨੂੰ ਸਜ਼ਾ ਮਿਲਨ ਦੀ ਬਜਾਏ, ਇੱਜ਼ਤ ਨਾਲ਼ ਨਿਵਾਜਿਆ ਗਿਆ ਅਤੇ ਪ੍ਰਾਜੈਕਟ ਨੂੰ ਸਿਰੇ ਲਾਉਣ ਲਈ ਸਰਕਾਰ ਵੱਲੋਂ ਸਾਧਨ ਦਿੱਤੇ ਗਏ। ਉਸ ਤੋਂ ਬਾਅਦ, ਇਹ ਪ੍ਰਾਜੈਕਟ ਰਾਕ ਗਾਰਡਨ ਦੇ ਨਾਮ ਨਾਲ਼ ਪ੍ਰਸਿੱਧ ਹੋ ਗਿਆ। ਉਹ ਕਿਰਤ ਜਿਸ ਦੀ ਸ਼ੁਰੂਆਤ ਨਿੱਕੇ ਜਿਹੇ ਬਗ਼ੀਚੇ ਤੋਂ ਹੋਈ ਸੀ, ਹੁਣ ੨੫ ਕਿੱਲਿਆਂ ਉੱਤੇ ਫੈਲੀ ਹੋਈ ਹੈ ਅਤੇ ਹਿੰਦੁਸਤਾਨ ਦੀਆਂ ਸਭ ਤੋਂ ਮਸ਼ਹੂਰ ਟੂਰਿਸਟ ਥਾਂਵਾਂ ਵਿੱਚੋਂ ਇੱਕ ਹੈ। ਇਹ ਪੂਰੀ ਦੁਨੀਆ ਵਿੱਚ ਪ੍ਰਸਿੱਧ ਹੈ। ਰਾਕ ਗਾਰਡਨ ਵਿੱਚ ਹਜ਼ਾਰਾਂ ਮੂਰਤੀਆਂ ਹਨ ਜਿਹੜੀਆਂ ਫ਼ਾਲਤੂ ਚੀਜ਼ਾਂ ਤੋਂ ਬਣੀਆਂ ਹਨ ਅਤੇ ਉੱਚੀਆਂ ਕੰਧਾਂ, ਪੱਥਰ ਦੀਆਂ ਪਗਡੰਡੀਆਂ, ਤੇ ਝਰਨਿਆਂ ਵਿਚਕਾਰ ਸਥਿਤ ਹਨ। ੧੯੮੩ ਵਿੱਚ, ਨੇਕ ਚੰਦ ਨੂੰ ਇਸ ਵਡਮੁੱਲੀ ਦੇਣ ਲਈ ਪਦਮ ਸ਼੍ਰੀ ਦੇ ਇਨਾਮ ਨਾਲ਼ ਸਨਮਾਨਿਤ ਕੀਤਾ ਗਿਆ। ਅੰਤਰਰਾਸ਼ਟਰੀ ਪੱਧਰ ਤੇ ਵੀ, ਉਹ ਕਾਫ਼ੀ ਨਾਮੀ-ਗਰਾਮੀ ਹਸਤੀ ਮੰਨੇ ਜਾਂਦੇ ਹਨ। ਜੇ ਤੁਹਾਨੂੰ ਕਦੇ ਵੀ ਚੰਡੀਗੜ੍ਹ ਜਾਣ ਦਾ ਮੌਕਾ ਮਿਲੇ, ਤਾਂ ਰਾਕ ਗਾਰਡਨ ਦਾ ਚੱਕਰ ਜ਼ਰੂਰ ਲਾਉਣਾ।

ਸ਼ਬਦਾਵਲੀ	**Vocabulary**
ਕਿਰਿਆਵਾਂ	*Verbs*
ਡਿੱਗਣਾ	to fall (vi)
ਤੁਰਨਾ	to walk (vi)
ਲੁਕਣਾ	to hide (vi)
ਨਜ਼ਰ ਤੋਂ ਬਚਾਈ ਰੱਖਣਾ	to keep something hidden/concealed (vt)
ਨਿਵਾਜਣਾ	to honor, patronize (vt)
ਸਿਰੇ ਲਾਉਣਾ	to complete or finish something (vt)
ਫੈਲਣਾ	to spread, disperse (vi)
ਸਨਮਾਨਿਤ ਕਰਨਾ	to honor (vt)
ਇਖ਼ਤਿਆਰ ਕਰਨਾ	to adopt, follow (vt)
ਵਿਸ਼ੇਸ਼ਣ	*Adjectives*
ਸਿਆਸੀ	political (adj/u)
ਸਰਕਾਰੀ	governmental (adj/u)
ਗ਼ੈਰ-ਕਾਨੂੰਨੀ	illegal (adj/u)
ਪ੍ਰਸਿੱਧ	famous, well-known (adj/u)
ਵਡਮੁੱਲਾ	precious (adj/i)
ਅੰਤਰਰਾਸ਼ਟਰੀ	international (adj/u)

Sri Satguru Jagjit Singh Ji eLibrary NamdhariElibrary@gmail.com

ਨਾਮੀ, ਨਾਮੀ-ਗਰਾਮੀ	famous, well-known (adj/u)
ਪੂਰਾ	complete, full (adj/i)
ਫ਼ਜ਼ੂਲ	useless, worthless (adj/u)
ਦਿਲਚਸਪ	interesting (adj/u)
ਫ਼ਾਲਤੂ	spare, extra, excess, useless (adj/u)
ਸਥਿਤ	located, situated (adj/u)
ਬੁਨਿਆਦੀ	fundamental , basic (adj/u)
ਦਾਖ਼ਲ	entered, admitted (adj/u)

ਮਾਪ *Measurement*

ਗਿਣਤੀ	count, total (f)
ਮਾਪ, ਨਾਪ	measurement (m)
ਲੰਬਾਈ	length, height (f)
ਚੌੜਾਈ	width (f)
ਚੌੜਾ	wide (adj/i)
ਤੰਗ	narrow (adj/u)
ਵਜ਼ਨ	weight (m)
ਪਤਲਾ	thin, slender (adj/i)
ਹੌਲਾ	lightweight (adj/i)
ਭਾਰਾ	heavy (adj/i)
ਮੋਂਰ	shoulder blade (m)
ਛਾਤੀ	chest (f)
ਗੁੱਟ	wrist (m)
ਲੱਕ	hip (m)
ਚਾਕ	the side seams on a shirt/ਕਮੀਜ਼ (m)
ਘੇਰਾ	circumference (of the bottom of the shirt) (m)
ਮੁਹਰੀ	circumference of the bottom openings of loose pants/ਸਲਵਾਰ (f)
ਪਟਿਆਲਾ-ਸ਼ਾਹੀ	a style emanating from Patiala, an erstwhile princely city (adj/u)

ਧਰਮ *Religion*

ਮੂਰਤੀ	image, icon, sculpture (f)
ਅਹਿੰਸਾ	non-violence (f)
ਨੈਤਿਕ	moral, ethical (adj/u)
ਕਦਰਾਂ-ਕੀਮਤਾਂ	values, norms (f pl)
ਪੈਰੋਕਾਰ	follower, devotee (m)
ਰਹਿਨੁਮਾ	leader, guide (m)
ਮੱਠ	monastery (m)
ਡੇਰਾ	camp, lodging, monastery (m)

Sri Satguru Jagjit Singh Ji eLibrary NamdhariElibrary@gmail.com

ਕੰਮ	*Work*
ਮੌਕਾ	opportunity (m)
ਕਰਮਚਾਰੀ	worker, official, employee (m)
ਸਹਾਇਕ	assistant (adj/u; m)
ਕਰਤਾ	creator (m)
ਕਿਰਤ	work, occupation; creation (f)
ਉਸਾਰੀ	construction (f)
ਕਲਾ	art, craft (f)
ਕਲਾਤਮਕ	artistic (adj/u)
ਖੋਜ	research (f)
ਇੱਜ਼ਤ	honor (f)
ਇਨਾਮ	reward, prize (m)
ਸਾਧਨ	means (m)
ਸੇਵਾ	service (f)
ਕੋਸ਼ਿਸ਼	try, attempt (f)
ਕਾਮਯਾਬ	successful (adj/u)
ਨਾਕਾਮ	unsuccessful (adj/u)

ਥਾਂਵਾਂ	*Places*
ਕੇਂਦਰ	center (m)
ਵਾਦੀ	valley (f)
ਖੰਡਰ	cave (m)
ਖ਼ਿੱਤਾ	region, territory (m)
ਬਗ਼ੀਚਾ	small garden (m); diminutive of ਬਾਗ਼ (garden)
ਅਜਾਇਬ ਘਰ	museum (m)

ਸਮਾਂ/ਵਕ਼ਤ	*Time*
ਵੇਲਾ	period in time (m,
ਦਹਾਕਾ	decade (m)
ਹਮੇਸ਼ਾਂ	forever, always (adv)

ਹੋਰ ਫ਼ਾਇਦੇਮੰਦ ਸ਼ਬਦ	*Other Useful Words*
ਹਸਤੀ	person; existence, being, life (f)
ਤੁਹਫ਼ਾ	gift (m)
ਕੂੜਾ	trash, waste (m)
ਨਜ਼ਾਰਾ	sight, scene (m)
ਕਾਇਆ	body, constitution; appearance (f)
- ਪਲਟਣਾ	to change the face, appearance of

Sri Satguru Jagjit Singh Ji eLibrary NamdhariElibrary@gmail.com

ਭੇਦ/ਭੇਤ	secret, mystery (m)
- ਖੋਲਣਾ	to discover, divulge or reveal a secret (vt)
ਕਿੱਲਾ	acre (m)
ਪੱਥਰ	stone (m)
ਪਗਡੰਡੀ	footpath, pathway (f)
ਝਰਨਾ	fountain, stream (m)
ਪੱਧਰ	level, plane, standard (f)
ਚੱਕਰ	circle, rotation, revolution (m)
- ਲਾਉਣਾ/ਮਾਰਨਾ	to journey to and back
ਪਤਨ	decline, downfall (m)
ਵਾਰਤਾ	story, account (f)
ਹਾਲਾਂ ਕਿ	though, although, even though (conj)

Sri Satguru Jagjit Singh Ji eLibrary NamdhariElibrary@gmail.com

Lesson 14
ਸਬਕ ੧੪
Auxiliary and Conjunct Verbs

§ 14.1 The auxiliary verbs ਸਕਣਾ and ਚੁੱਕਣਾ

In auxiliary verb constructions, a main verb determines the primary semantic import of the sentence, and an auxiliary verb supplies additional meaning. Auxiliary verbs can never be used as independent verbs. Here we look at two auxiliary verbs: ਸਕਣਾ 'to be able to' and ਚੁੱਕਣਾ 'to have finished doing.'

1. The verb ਸਕਣਾ is used to convey ability, in the following structure:

Verbal root + ਸਕਣਾ (conjugated appropriately)

Examples:

ਮੈਂ ਪੰਜਾਬੀ ਬੋਲ ਸਕਦੀ ਹਾਂ।	I am able to speak Punjabi.
ਮੇਰੀ ਪਤਨੀ ਮੇਰੇ ਨਾਲ ਨਹੀਂ ਜਾ ਸਕਦੀ।	My wife cannot go with me.
ਮੈਂ ਸ਼ਾਮ ਤੱਕ ਕੰਮ ਖ਼ਤਮ ਕਰ ਸਕਦਾ ਹਾਂ।	I can finish the work by evening.
ਤੁਸੀਂ ਮੇਰੇ ਲਈ ਖ਼ਤ ਲਿਖ ਸਕਦੇ ਹੋ?	Can you write a letter for me?

2. The verb ਚੁੱਕਣਾ is used to convey that an action has finished. It occurs in the following structure:

Verbal root + ਚੁੱਕਣਾ (conjugated appropriately)

Examples:

ਉਹ ਖਾਣਾ ਖਾ ਚੁੱਕਿਆ ਹੈ।	He has already eaten food.
ਮੈਂ ਖ਼ਤ ਲਿਖ ਚੁੱਕੀ ਹਾਂ।	I have already written the letter.
ਤੁਸੀਂ ਸੋਡਾ ਪੀ ਚੁੱਕੇ ਹੋ?	Have you already drunk the soda?

Note that both ਸਕਣਾ and ਚੁੱਕਣਾ are intransitive verbs and so the agentive postposition ਨੇ is never used with them, even if the main verb is transitive.

§ 14.2 Conjunct verbs

Conjunct verbs can be formed by combining nouns and adjectives with a verbal infinitive to create unique verbal meanings. The verb mostly combined with nouns and adjectives is ਕਰਨਾ. Examples of such conjunct verbs follow.

ਕੰਮ ਕਰਨਾ	to work
ਇਨਕਾਰ ਕਰਨਾ	to refuse

Sri Satguru Jagjit Singh Ji eLibrary NamdhariElibrary@gmail.com

ਠੀਕ ਕਰਨਾ	to fix
ਖ਼ੁਸ਼ ਕਰਨਾ	to make happy
ਬੰਦ ਕਰਨਾ	to close, shut
ਸ਼ੁਰੂ ਕਰਨਾ	to begin
ਖ਼ਤਮ ਕਰਨਾ	to finish
ਸਾਫ਼ ਕਰਨਾ	to clean
ਤਿਆਰ ਕਰਨਾ	to prepare
ਯਾਦ ਕਰਨਾ	to remember, memorize
ਯਾਦ ਆਉਣਾ	to remember
ਧੋਖਾ ਦੇਣਾ	to deceive
ਧੋਖਾ ਖਾਣਾ	to be deceived
ਜੁਆਬ ਦੇਣਾ	to give an answer
ਸੁਆਲ ਪੁੱਛਣਾ	to ask a question
ਸ਼ੋਰ ਮਚਾਉਣਾ	to make noise/trouble
ਹਲ਼ ਵਾਹੁਣਾ	to plough

Some constructions require a postposition to link them to their object (represented by 'X').

X ਦਾ ਇਸਤੇਮਾਲ/ਵਰਤੋਂ ਕਰਨਾ	to use, to employ X
X ਦਾ ਇਲਾਜ ਕਰਨਾ	to cure X
X ਦੀ ਉਡੀਕ ਕਰਨਾ	to wait for X
X ਦੀ ਕੋਸ਼ਿਸ਼ ਕਰਨੀ	to try to do X
X ਦੀ ਤਲਾਸ਼ ਕਰਨੀ	to search for X
X ਦੀ ਤਾਰੀਫ਼ ਕਰਨੀ	to praise X
X ਦੀ ਮਦਦ ਕਰਨੀ	to help X
X ਦੀ ਦੇਖ-ਭਾਲ਼ ਕਰਨੀ	to look after X, to take care of
X ਦੀ ਯਾਦ ਆਉਣੀ	to miss X
X ਤੇ ਹਮਲਾ ਕਰਨਾ	to attack X

Examples:

ਮੇਰੀ ਮਦਦ ਕਰੋ।	Assist me.
ਕਾਰ ਠੀਕ ਕਰਨ ਲਈ ਮਕੈਨਿਕ ਚਾਬੀ ਤੇ ਪੇਚਕਸ ਦਾ ਇਸਤੇਮਾਲ ਕਰਦਾ ਹੈ।	To fix the car the mechanic uses a wrench and a screwdriver.
ਅਸੀਂ ਦੋ ਘੰਟੇ ਤੁਹਾਡੀ ਉਡੀਕ ਕੀਤੀ।	We waited two hours for you.
ਬੂਹਾ ਬੰਦ ਕਰ ਕੇ ਕਮਰਾ ਸਾਫ਼ ਕਰ।	Shut the door and clean the room.
ਸਾਢੇ ਛੇ ਵਜੇ ਉਹ ਸ਼ਾਮ ਦੀ ਰੋਟੀ ਖਾਣੀ ਸ਼ੁਰੂ ਕਰਨਗੇ।	They will begin to eat dinner at 6:30.
ਪਾਰਕ ਵਿੱਚ ਬੱਚੇ ਬਹੁਤ ਸ਼ੋਰ ਮਚਾਉਂਦੇ ਹਨ।	Kids make a lot of noise in the park.
ਮੈਂ ਆਪਣੀ ਭਾਣਜੀ ਦੀ ਚੰਗੀ ਦੇਖ-ਭਾਲ਼ ਕਰਦਾ ਹਾਂ।	I look after my niece well.

Sri Satguru Jagjit Singh Ji eLibrary NamdhariElibrary@gmail.com

§ 14.3 Sequential action: the conjunctive participle ਕੇ

Sequential actions are expressed with the help of ਕੇ appended to the verbal root. The conjunctive particle followed by another verb links action together in a sequence. The conjunctive particle can be loosely translated as 'having done X.' For example:

ਲਿਖ ਕੇ	having written
ਖਾ ਕੇ	having eaten
ਕਰ ਕੇ	having done

Examples:

ਮੇਰੀ ਭੈਣ ਅਮਰੀਕਾ ਆ ਕੇ ਸਕੂਲ ਗਈ।	My sister came to the U.S. and went to school. (Having come to the U.S., my sister went to school).
ਮੇਰੀ ਧੀ ਵੱਡੀ ਹੋ ਕੇ ਸਕੂਲ ਜਾਣਾ ਸ਼ੁਰੂ ਕਰੇਗੀ।	My daughter will start going to school after getting older.
ਮੈਂ ਹਰ ਰੋਜ਼ ਖਾਣਾ ਖਾ ਕੇ, ਸਕੂਲ ਦਾ ਕੰਮ ਕਰ ਕੇ, ਤੇ ਨ੍ਹਾ ਕੇ ਸੌਂਦਾ ਹਾਂ।	Everyday, I go to sleep after having eaten food, done my homework, and bathed.

Additional uses of the conjunctive particle:

1. ਕਰ ਕੇ

After nouns and pronouns it means 'because of' or 'due to':

ਇਸ ਕਰ ਕੇ	because of this; therefore; so
ਬਰਫ਼ ਕਰ ਕੇ	due to the snow

After some adjectives it forms adverbs:

ਆਮ	general	ਆਮ ਕਰ ਕੇ	generally

2. ਰਲ਼ ਕੇ

From ਰਲ਼ਨਾ ('to meet, mix'), it means 'together':

ਅਸੀਂ ਉਨ੍ਹਾਂ ਨਾਲ਼ ਰਲ਼ ਕੇ ਗਾਵਾਂਗੇ।	We will sing together with them.

3. ਜਾਣ ਕੇ

From ਜਾਣਨਾ ('to know'), it means 'knowingly':

ਉਹ ਜਾਣ ਕੇ ਸਕੂਲ ਨਹੀਂ ਗਿਆ।	He did not go to school knowingly.

Sri Satguru Jagjit Singh Ji eLibrary NamdhariElibrary@gmail.com

4. ਛੱਡ ਕੇ

From ਛੱਡਣਾ ('to leave'), it means 'leaving aside,' 'apart from':

ਬੰਗਾਲੀ ਛੱਡ ਕੇ, ਮੈਂ ਹੋਰ ਸਾਰੀਆਂ ਹਿੰਦੁਸਤਾਨੀ ਜ਼ੁਬਾਨਾਂ ਸਿੱਖੀਆਂ ਹਨ।	Leaving aside Bengali, I have learned all other Indian languages.

§ 14.4 Expressing compulsion

To express compulsion, there are two constructions in Punjabi.

1. Using ਪੈਣਾ

ਪੈਣਾ means to fall. In this indirect construction, it is as if one is saying that it 'falls upon' someone to do something. ਪੈਣਾ, like ਚਾਹੀਦਾ, must agree with the action that has to be done and is used to express a strong sense of compulsion:

ਮੈਨੂੰ ਚਿੱਠੀ ਲਿਖਣੀ ਪੈਂਦੀ ਹੈ।	I have to write the letter. ('Writing the letter falls to me.')
ਤੁਹਾਨੂੰ ਫਿਰ ਆਉਣਾ ਪਵੇਗਾ।	You will have to come again.

2. Using a verbal infinitive, followed by an auxiliary form of ਹੋਣਾ. This construction has a wide range of use beyond just expressing compulsion.

This form is used to describe a planned action, something that is 'to be' done. Relative to the previous construction, it is used to express a milder sense of compulsion, or a one-time/immediate obligation. It consists of the infinitive followed by an auxiliary form of the verb ਹੋਣਾ:

ਮੈਂ ਪੜ੍ਹਨਾ ਹੈ।	I am to read. / I have to read.
ਤੁਸੀਂ ਕਿੱਥੇ ਜਾਣਾ ਸੀ?	Where were you to go?

Intransitive examples:

ਅਸੀਂ ਮੁਲਤਾਨ ਜਾਣਾ ਹੈ।	We are to go to Multan.
ਉਨ੍ਹਾਂ ਨੇ ਕਲਾਨੌਰ ਜਾਣਾ ਹੈ।	They are to go to Kalahari.
ਤੂੰ ਨਿਊ ਯੌਰਕ ਕਿਉਂ ਜਾਣਾ ਹੈ?	Why do you have to go to New York?

Transitive examples:

ਮੈਂ ਅਖ਼ਬਾਰ ਪੜ੍ਹਨੀ ਹੈ।	I am to read the newspaper.
ਮੈਂ ਰਸਾਲੇ ਪੜ੍ਹਨੇ ਹਨ।	I am to read the magazines.
ਮੈਂ ਨਾਟਕ ਪੜ੍ਹਨਾ ਹੈ।	I am to read the play.
ਮੈਂ ਨਜ਼ਮਾਂ ਪੜ੍ਹਨੀਆਂ ਹਨ।	I am to read the poems.

Sri Satguru Jagjit Singh Ji eLibrary NamdhariElibrary@gmail.com

As with the perfect form, if the object of a transitive verb is a definite object marked with ਨੂੰ, the verb takes the default, masculine singular form:

ਅਸੀਂ ਨਵੀਂ ਕਿਤਾਬ ਨੂੰ ਪੜ੍ਹਨਾ ਹੈ।	We are to read the new book.
ਮੈਂ ਪੁਰਾਣੀਆਂ ਇਮਾਰਤਾਂ ਨੂੰ ਵੇਖਣਾ ਸੀ।	I was to see the old buildings.

Similar to and yet, distinct from the perfect, this construction uses the agentive postposition ਨੇ when the (implied) subject of a sentence is a 3rd person noun or pronoun. This holds true both for transitive and intransitive verbs.

ਮੁੰਡੇ ਨੇ ਬਹੁਤ ਕੰਮ ਕਰਨਾ ਸੀ।	The boy was going to work a lot.
ਉਨ੍ਹਾਂ ਨੇ ਸਾਡੇ ਵਾਸਤੇ ਖਾਣਾ ਪਕਾਉਣਾ ਸੀ।	They were to cook for us.
ਉਸ ਨੇ ਖ਼ਤ ਲਿਖਣਾ ਸੀ।	She was to write a letter.
ਬੱਚਿਆਂ ਨੇ ਜਲਦੀ ਸੌਣਾ ਸੀ।	The kids were to sleep early.
ਵਿਦੇਸ਼ੀਆਂ ਨੇ ਦਿੱਲੀ ਹੋ ਕੇ ਆਉਣਾ ਸੀ।	The foreigners were to come via Delhi.

§ 14.5 Negation in Punjabi

Though negation has been covered earlier, a summary of its various uses is provided here. Sentence negation in Punjabi is expressed with two negating particles, ਨਾ and ਨਹੀਂ. ਨਾ is used with the subjunctive and imperative forms of verbs. It is also used in if/then and neither/nor statements, along with some types of infinitive phrases. ਨਹੀਂ is used in most other cases. The different uses of both these negating particles are exemplified below.

ਨਾ

Subjunctive:

ਮੈਂ ਚਾਹੁੰਦਾ ਹਾਂ ਕਿ ਉਹ ਨਾ ਜਾਵੇ।	I want that s/he should not go.
ਅਸੀਂ ਉੱਥੇ ਜਾਈਏ ਕਿ ਨਾ (ਜਾਈਏ)?	Should we go there or not?

Imperative:

ਕਲਾਸ ਵਿੱਚ ਨਾ ਬੋਲ!	Do not speak in class!
ਇਹ ਕਿਤਾਬ ਨਾ ਪੜ੍ਹੋ!	Do not read this book!

If/then:

ਜੇ ਅਸੀਂ ਸੈਂਟਾ ਬਾਰਬਰਾ ਨਾ ਹੁੰਦੇ, ਤਾਂ ਸਮੁੰਦਰ ਦਾ ਅਨੰਦ ਕਿਸ ਤਰ੍ਹਾਂ ਮਾਣਦੇ?	If we were not in Santa Barbara, then how could we enjoy the beauty of the ocean?
ਜੇ ਉਸ ਕੋਲ ਪੈਸੇ ਨਾ ਹੁੰਦੇ, ਤਾਂ ਉਹ ਕਦੇ ਵੀ ਕਾਰ ਨਾ ਖ਼ਰੀਦ ਸਕਦੀ।	If she did not have the money, then she would never have been able to buy a car.

Sri Satguru Jagjit Singh Ji eLibrary NamdhariElibrary@gmail.com

Neither/Nor:

ਮੈਂ ਨਾ ਲਹੌਰ ਗਿਆ ਨਾ ਕ਼ਸੂਰ।	I went neither to Lahore nor to Qasur.
ਤੁਸੀਂ ਨਾ ਪੰਜਾਬੀ ਸਿੱਖੀ ਨਾ ਹਿੰਦੀ।	You learned neither Punjabi nor Hindi.

Infinitive Phrases:

ਕੰਮ ਨਾ ਕਰਨਾ ਬੁਰੀ ਗੱਲ ਹੈ।	Not doing work is a bad thing.
ਸਮੇਂ ਤੇ ਨਾ ਖਾਣਾ ਚੰਗਾ ਨਹੀਂ।	Not eating at proper times is not good.

ਨਹੀਂ:

ਨਹੀਂ ਜੀ, ਅਸੀਂ ਮਾਸ ਨਹੀਂ ਖਾਂਦੇ।	No, we don't eat meat.
ਤੂੰ ਪਿੰਡੀ[1] ਜਾਣਾ ਹੈ ਕਿ ਨਹੀਂ?	Do you plan to go to Pindi or not?

Recipe **Shahi Panīr**
ਤਰੀਕ਼ਾ ਸ਼ਾਹੀ ਪਨੀਰ

ਸਮੱਗਰੀ:

੨੫੦	ਗਰਾਮ ਪਨੀਰ
੧	ਵੱਡਾ ਪਿਆਜ਼
੧	ਅਧਰਕ ਦਾ ਛੋਟਾ ਟੁਕੜਾ
੪	ਤੁਰੀਆਂ ਲਸਣ
੨	ਹਰੀਆਂ ਮਿਰਚਾਂ
੧/੨	ਚਮਚਾ (ਟੀ ਸਪੂਨ) ਪੀਸੀ ਕਾਲ਼ੀ ਮਿਰਚ
੧	ਚਮਚਾ ਪੀਸੀ ਹਲਦੀ
੧/੨	ਚਮਚਾ ਲੂਣ
੧/੨	ਚਮਚਾ ਗਰਮ ਮਸਾਲਾ
੪	ਵੱਡੇ ਚਮਚੇ ਮਲਾਈ
੧੫-੨੦	ਕਾਜੂਆਂ ਦੇ ਟੁਕੜੇ, ਲੂਣ, ਸੁਆਦ ਮੁਤਾਬਿਕ

ਤਰੀਕਾ:

1. ਕੜਾਹੀ ਵਿੱਚ ਅੱਠ ਚਮਚੇ ਤੇਲ ਗਰਮ ਕਰੋ।
2. ਪਨੀਰ ਦੇ ਛੋਟੇ ਛੋਟੇ ਟੁਕੜੇ ਕਰ ਕੇ ਹਲਕੇ ਜਿਹੇ ਤਲ ਲਓ।
3. ਮਸਾਲੇ ਦੀ ਤਿਆਰੀ: ਪਿਆਜ਼, ਅਧਰਕ, ਤੇ ਲਸਣ ਕੱਟ ਕੇ ਗਰਮ ਤੇਲ ਵਿੱਚ ਭੁੰਨੋ। ਜਦੋਂ ਤੇਲ ਅਲੱਗ ਹੋਣ ਲੱਗੇ, ਤਾਂ ਲੂਣ, ਮਿਰਚਾਂ ਤੇ ਹਲਦੀ ਪਾਓ। ਇਸ ਤੋਂ ਬਾਅਦ ਕਾਜੂ ਦੇ ਟੁਕੜੇ ਪਾ ਕੇ ਥੋੜ੍ਹੀ ਥੋੜ੍ਹੀ ਅੱਗ ਤੇ ਪਕਾਓ।
4. ਤਲੇ ਹੋਏ ਪਨੀਰ ਦੇ ਟੁਕੜੇ, ਇੱਕ ਚਮਚਾ ਮਲਾਈ, ਤੇ ਮਸਾਲਾ ਰਲ਼ਾ ਦਿਓ ਤੇ ਫਿਰ ਇਸ ਨੂੰ ੫ ਮਿੰਟ ਥੋੜ੍ਹੀ ਥੋੜ੍ਹੀ ਅੱਗ ਤੇ ਪਕਾਓ।
5. ਬਚੀ ਹੋਈ ਮਲਾਈ ਤੇ ਕਾਜੂਆਂ ਨਾਲ ਸਜਾ ਕੇ ਮੇਜ਼ ਤੇ ਰੱਖੋ।

[1] The short name for Rawalpindi, a city in West Punjab.

Sri Satguru Jagjit Singh Ji eLibrary NamdhariElibrary@gmail.com

Dialogue **On the Telephone**
ਗੱਲ-ਬਾਤ ਟੈਲੀਫ਼ੋਨ ਤੇ

ਬੀਜੀ:	ਹੈਲੋ...?
ਮੰਨੀ:	ਬੀਜੀ, ਮੈਂ ਲੰਡਨ ਤੋਂ ਮੰਨੀ ਬੋਲ ਰਹੀ ਹਾਂ।
ਬੀਜੀ:	ਬੇਟਾ, ਸਭ ਠੀਕ-ਠਾਕ ਤਾਂ ਹੈ? ਦੇਰ ਬਾਅਦ ਫ਼ੋਨ ਕੀਤਾ।
ਮੰਨੀ:	ਸਭ ਠੀਕ ਹੈ, ਬੀਜੀ, ਮੈਂ ਇਮਤਿਹਾਨ ਵਿੱਚ ਰੁੱਝੀ ਹੋਈ ਸਾਂ। ਦਾਰ ਜੀ ਕਿੱਥੇ ਹਨ।
ਬੀਜੀ:	ਇੱਕ ਮਿੰਟ ਹੋਲਡ ਰੱਖ, ਮੈਂ ਉਨ੍ਹਾਂ ਨੂੰ ਬੁਲਾਉਂਦੀ ਹਾਂ।
ਦਾਰ ਜੀ:	ਹੈਲੋ, ਬੇਟਾ! ਕੀ ਹਾਲ ਹੈ, ਪੜ੍ਹਾਈ ਕਿਵੇਂ ਚੱਲ ਰਹੀ ਹੈ?
ਮੰਨੀ:	ਬਿਲਕੁਲ ਠੀਕ ਹੈ, ਦਾਰ ਜੀ। ਇਮਤਿਹਾਨ ਠੀਕ ਚੱਲ ਰਹੇ ਹਨ, ਤੇ ਦੋ ਹਫ਼ਤੇ ਬਾਅਦ ਮੈਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਵਾਪਸ ਆਵਾਂਗੀ।
ਦਾਰ ਜੀ:	ਬੇਟਾ, ਸ਼ੁਕਰ ਹੈ ਕਿ ਸਾਲ ਕਾਮਯਾਬੀ ਨਾਲ਼ ਖ਼ਤਮ ਹੋਇਆ।
ਮੰਨੀ:	ਬੀਜੀ ਲਈ ਜਾਂ ਤੁਹਾਡੇ ਲਈ ਕੋਈ ਚੀਜ਼ ਲਿਆਵਾਂ?
ਦਾਰ ਜੀ:	ਨਹੀਂ, ਨਹੀਂ, ਅੱਜ-ਕੱਲ੍ਹ ਸਭ ਕੁੱਝ ਪੰਜਾਬ ਵਿੱਚ ਮਿਲ਼ਦਾ ਹੈ।
ਮੰਨੀ:	ਠੀਕ ਹੈ, ਦਾਰ ਜੀ। ਇੱਕ ਦੋ ਦਿਨਾਂ ਵਿੱਚ ਮੈਂ ਤੁਹਾਨੂੰ ਟੈਲੀਫ਼ੋਨ ਕਰਾਂਗੀ ਤੇ ਆਪਣਾ ਦਿੱਲੀ ਪਹੁੰਚਣ ਦਾ ਪ੍ਰੋਗਰਾਮ ਕੱਲ੍ਹ ਦੱਸਾਂਗੀ।
ਦਾਰ ਜੀ:	ਠੀਕ ਹੈ, ਮੈਂ ਤੁਹਾਨੂੰ ਏਅਰ ਪੋਰਟ ਤੇ ਮਿਲਾਂਗਾ। ਬਹੁਤ ਬਹੁਤ ਪਿਆਰ!

Sri Satguru Jagjit Singh Ji eLibrary NamdhariElibrary@gmail.com

Reading: Jains
ਪਾਠ: ਜੈਨੀ



ਜੈਨ ਮੰਦਰ, ਚੰਡੀਗੜ੍ਹ

ਬੁੱਧ ਧਰਮ ਵਾਂਙ ਜੈਨ ਧਰਮ ਵੀ ਗੰਗਾ ਦੀ ਵਾਦੀ ਵਿੱਚ ਪੈਦਾ ਹੋਇਆ ਤੇ ਥੋੜ੍ਹੀ ਦੇਰ ਬਾਅਦ ਪੰਜਾਬ ਵਿੱਚ ਆ ਗਿਆ। ਅਹਿੰਸਾ ਵਿੱਚ ਅਤੁੱਟ ਵਿਸ਼ਵਾਸ ਰੱਖਣ ਵਾਲ਼ੇ ਇਨ੍ਹਾਂ ਲੋਕਾਂ ਦੀ ਗਿਣਤੀ ਪੰਜਾਬ ਵਿੱਚ ਹਮੇਸ਼ਾਂ ਥੋੜ੍ਹੀ ਹੀ ਰਹੀ ਪਰ ਇਨ੍ਹਾਂ ਦਾ ਇਤਿਹਾਸ ਇਸ ਇਲਾਕ਼ੇ ਵਿੱਚ ਪਿੱਛਲੇ ਦੋ ਹਜ਼ਾਰ ਸਾਲ ਤੋਂ ਲਗਾਤਾਰ ਚੱਲਦਾ ਆ ਰਿਹਾ ਹੈ। ਕਾਂਗੜਾ, ਸਰਹਿੰਦ ਤੇ ਥਾਨੇਸਰ, ਇਨ੍ਹਾਂ ਦੇ ਖ਼ਾਸ ਤੀਰਥ ਅਸਥਾਨ ਹਨ ਜਿੱਥੇ ਸਾਰੇ ਹਿੰਦੁਸਤਾਨ ਤੋਂ ਜੈਨ ਲੋਕ ਸਾਲਾਨਾ ਯਾਤਰਾ ਲਈ ਆਉਂਦੇ ਹਨ। ਕਾਂਗੜੇ ਦੇ ਜੈਨ ਮੰਦਿਰ ਵਿੱਚ ਆਦਿ ਨਾਥ ਦੀ ਮੂਰਤੀ ਹੈ ਜੋ ਕੋਈ ਦਸਵੀਂ ਸਦੀ ਦੀ ਬਣੀ ਦੱਸੀ ਜਾਂਦੀ ਹੈ। ਜੈਨ ਲੋਕ ਜ਼ਿਆਦਾਤਰ ਵਪਾਰੀ ਹਨ ਅਤੇ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਵੱਸੇ ਹੋਏ ਹਨ। ਲੁਧਿਆਣਾ ਇਨ੍ਹਾਂ ਲੋਕਾਂ ਦਾ ਕੇਂਦਰ ਹੈ ਅਤੇ ੯੦% ਸਵੈਟਰ ਬਣਾਉਣ ਦਾ ਵਪਾਰ ਜੈਨ ਪਰਿਵਾਰਾਂ ਦੇ ਹੱਥਾਂ ਵਿੱਚ ਹੈ। ਪੰਜਾਬੀ ਜੈਨ ਮੁਨੀ, ਅਚਾਰੀਆ ਸੁਸ਼ੀਲ ਕੁਮਾਰ ਜੀ (੧੯੨੬-੧੯੮੪), ਪਹਿਲੇ ਧਾਰਮਿਕ ਨੇਤਾ ਸਨ ਜੋ ਸਮੁੰਦਰ ਪਾਰ ਕਰ ਕੇ ੧੯੭੫ ਵਿੱਚ ਬਾਹਰਲੇ ਮੁਲਕਾਂ ਵਿੱਚ ਆਏ। ਉਨ੍ਹਾਂ ਨੇ ਨਿਊ ਜਰਸੀ ਵਿੱਚ ਆਪਣਾ ਡੇਰਾ ਕ਼ਾਇਮ ਕੀਤਾ ਤੇ ਇਸ ਜਗ੍ਹਾ ਦਾ ਨਾਂ ਸਿੱਧਾਚਲਮ ਰੱਖਿਆ। ਜੈਨੀਆਂ ਦੇ ਧਾਰਮਿਕ ਤਿਉਹਾਰ ਮਹਾਂਵੀਰ ਜੈਯੰਤੀ (ਅਪਰੈਲ) ਤੇ ਪਰਯੂਸ਼ਨਾ (ਸਤੰਬਰ) ਹਨ। ਵੱਲਭ ਸਮਾਰਕ, ਇੱਕ ਬਹੁਤ ਵੱਡਾ ਜੈਨ ਮੰਦਿਰ, ਦਿੱਲੀ ਤੋਂ ਕਰਨਾਲ਼ ਦੇ ਰਸਤੇ ਵਿੱਚ ਵੇਖਿਆ ਜਾ ਸਕਦਾ ਹੈ।

ਵਿਚਾਰ-ਵਟਾਂਦਰੇ ਲਈ ਸੁਆਲ:

1. ਪੰਜਾਬ ਵਿੱਚ ਜੈਨ ਧਰਮ ਦੇ ਤੀਰਥ ਅਸਥਾਨ ਕਿਹੜੇ ਹਨ?
2. ਪੰਜਾਬ ਦੇ ਕਿਹੜੇ ਮੁੱਖ ਵਪਾਰ ਜੈਨੀਆਂ ਦੇ ਹੱਥਾਂ ਵਿੱਚ ਹਨ?
3. ਜੈਨ ਧਰਮ ਦੀਆਂ ਨਾਮੀ ਹਸਤੀਆਂ ਦੇ ਨਾਂ ਦੱਸੋ?

Sri Satguru Jagjit Singh Ji eLibrary NamdhariElibrary@gmail.com

Exercise 14.1 Translate:

1. ਮੈਂ ਬੀਮਾਰ ਹਾਂ, ਇਸ ਕਰ ਕੇ ਮੈਂ ਕੱਲ੍ਹ ਸਕੂਲ ਨਹੀਂ ਜਾ ਸਕਦਾ।
2. ਉਹ ਅੰਗ੍ਰੇਜ਼ੀ ਬੋਲ ਸਕਦਾ ਹੈ।
3. ਅਸੀਂ ਦਿੱਲੀ ਜਾ ਸਕਦੇ ਹਾਂ।
4. ਕੀ ਤੁਸੀਂ ਗੁਜਰਾਤੀ ਦੀ ਕਿਤਾਬ ਪੜ੍ਹ ਸਕਦੇ ਹੋ?
5. ਤੁਸੀਂ ਕੱਲ੍ਹ ਕਾਨਸਰਟ ਤੇ ਆ ਸਕਦੇ ਹੋ?
6. ਕੀ ਤੁਸੀਂ ਉਹ ਕੰਮ ਕਰ ਸਕਦੇ ਹੋ?
7. ਮੈਂ ਪਨੀਰ ਬਣਾ ਸਕਦੀ ਹਾਂ।
8. ਮੈਂ ਫ਼ਿਲਮ ਨਹੀਂ ਵੇਖ ਸਕਦਾ।
9. ਮੈਂ ਇਹ ਕਿਤਾਬ ਨਹੀਂ ਪੜ੍ਹ ਸਕਦਾ।
10. ਇਹ ਕ਼ਮੀਜ਼ ਬਹੁਤ ਮਹਿੰਗੀ ਹੈ, ਮੈਂ ਨਹੀਂ ਖ਼ਰੀਦ ਸਕਦੀ।

Exercise 14.2 Translate:

1. I can cook Mexican food.
2. My friend can play the tabla.
3. She can speak Hindi.
4. Can you sing that song?
5. He can work today.
6. I can read Urdu.
7. They are able to come to our party.
8. He can drink a lot of alcohol.
9. I cannot come to your house.
10. Can you do this work for me?

Exercise 14.3 Translate each sentence into Punjabi in two ways: 1. Using the present perfect; 2. Using the verb ਚੁੱਕਣਾ.

Example:
She has [already] eaten food.
ਉਸ ਨੇ ਖਾਣਾ ਖਾਧਾ ਹੈ। ਉਹ ਖਾਣਾ ਖਾ ਚੁੱਕੀ ਹੈ।

1. He has [already] gone to the office.
2. She has [already] written the letter.
3. We have [already] seen this foreign film.
4. We have [already] visited the Darbar Sahib in Amritsar.
5. Have you [already] finished your work?
6. He has [already] arrived home.
7. I have [already] read this story.
8. They have [already] had tea.

Exercise 14.4 Translate:

1. I cannot fix your car.
2. When will you clean your room?
3. Who are you waiting for?

Sri Satguru Jagjit Singh Ji eLibrary NamdhariElibrary@gmail.com

4. Perhaps I will finish my work before the party.
5. How can I refuse your request?
6. They praised you highly.
7. I am looking for a new job.
8. Who looks after their children?
9. Rich people should help poor people.
10. Punjabi students should try to speak Punjabi everyday.

Exercise 14.5 Fill in the blanks with the appropriate forms of the verbs given below:

1. ਤੂੰ ਮੈਨੂੰ ਬਹੁਤ _____ _____ਹੈਂ।
2. ਬੱਚਿਓ, ਤੁਸੀਂ ਆਪਣਾ ਹੋਮਵਰਕ _____ _____ ਹੈ?
3. ਮੇਰੀਆਂ ਅੱਖਾਂ ਕਦੇ _____ ਨਹੀਂ _____।
4. ਫ਼ੌਜੀਆਂ ਨੇ ਬੇਗੁਨਾਹ ਲੋਕਾਂ ਤੇ _____ _____।
5. ਤੁਹਾਡੀ ਬੀਮਾਰੀ ਦਾ _____ ਡਾਕਟਰ ਨਹੀਂ _____ _____।
6. ਰਾਤ ਦਾ ਖਾਣਾ ਹੁਣੇ _____ _____।
7. ਉਸ ਨੇ ਦਰਵਾਜ਼ਾ ਬਹੁਤ ਜ਼ੋਰ ਨਾਲ _____ _____।
8. ਉਹ ਆਪਣਾ ਕਮਰਾ ਅਜੇ _____ _____ ਰਹੀ ਹੈ।
9. ਤੂੰ ਮੇਰੇ ਨਾਲ ਝੂਠ ਬੋਲ ਰਹੀ ਹੈਂ। ਤੂੰ ਮੈਨੂੰ _____ _____ ਹੈ।
10. ਉਨ੍ਹਾਂ ਨੇ ਸਾਡੀਆਂ ਚਿੱਠੀਆਂ ਦੇ _____ ਨਹੀਂ _____।

ਹਮਲਾ ਕਰਨਾ, ਤਿਆਰ ਕਰਨਾ, ਬੰਦ ਕਰਨਾ, ਯਾਦ ਆਉਣਾ, ਧੋਖਾ ਖਾਣਾ
ਸਾਫ਼ ਕਰਨਾ, ਧੋਖਾ ਦੇਣਾ, ਜੁਆਬ ਦੇਣਾ, ਸ਼ੁਰੂ ਕਰਨਾ, ਇਲਾਜ ਕਰ ਸਕਣਾ

Exercise 14.6 Translate:

1. My friend Aman went to the store and bought some chickpeas.
2. My sister Shalini goes to school and works in the library.
3. Ṣhahla stayed in Lahore and studied Urdu and Punjabi literature.
4. Today I made breakfast, ate, and went to school.
5. Pritam went to the store yesterday and bought a book about Punjabi music.
6. Each morning my grandfather gets up and bathes.
7. I went to the library and looked for a book.
8. Having arrived at Coney Island we ate hot dogs.

Exercise 14.7 Write a recipe in Punjabi for your favorite food item (appetizer, entrée, dessert, etc.). Utilize imperative forms as well as the conjunctive participle. Some verbs that may be useful are ਮਿਲਾਉਣਾ (to mix), ਕੱਟਣਾ (to cut), ਡਾਹੁਣਾ (to place), ਰਗੜਨਾ (to grind, mash), ਗੁੰਨ੍ਹਣਾ (to knead), ਰਿੰਨ੍ਹਣਾ (to cook).

Sri Satguru Jagjit Singh Ji eLibrary NamdhariElibrary@gmail.com

ਸ਼ਬਦਾਵਲੀ **Vocabulary**

ਕਿਰਿਆਵਾਂ *Verbs*

ਸਕਣਾ	to be able to (vi)
ਚੁੱਕਣਾ	to have finished doing something (vi)
ਸਜਾਉਣਾ	to decorate, adorn (vt)
ਛੱਡਣਾ	to give up, leave off, let go (vt)
ਬਚਣਾ	to avoid, be saved (vi)
ਡਾਹੁਣਾ	to put, place, set
ਕੱਟਣਾ	to cut (vt)
ਗੁੰਨ੍ਹਣਾ	to knead (vt)
ਮਿਲਾਉਣਾ, ਰਲਾਉਣਾ	to mix (vt)
ਰਲਨਾ	to mix, mingle, combine (vi)
ਪੱਕਣਾ	to ripen, get cooked (vi)
ਭੁੰਨਣਾ	to roast (vt)
ਰਿੰਨ੍ਹਣਾ	to cook (vt)
ਪੀਸਣਾ	to grind (vt)
ਰਗੜਨਾ	to grind, mash (vt)

ਸਾਹਿਤ/ਅਦਬ *Literature*

ਸਾਹਿਤ/ਅਦਬ	literature (m)
ਨਜ਼ਮ	poem (f)
ਕਿੱਸਾ	tale, story (m)
ਵਾਰ	heroic ballad (f)
ਰਸਾਲਾ	magazine (m)

ਖਾਣਾ *Food*

ਸਮੱਗਰੀ	ingredients (f)
ਛੋਲੇ	chickpeas (m pl)
ਪਿਆਜ਼	onion (m)
ਤੁਰੀ	clove (of garlic, etc.)
ਮਸਾਲਾ	spice (m)
ਅਧਰਕ	ginger (m)
ਹਲਦੀ	turmeric (f)
ਮਿਰਚ	chili pepper (f)
ਕਾਜੂ	cashew (m)
ਮਾਸ	meat (m)
ਸ਼ਰਾਬ	alcohol (f)
ਤੇਲ	oil (m)

Sri Satguru Jagjit Singh Ji eLibrary NamdhariElibrary@gmail.com

ਮਲਾਈ	cream (f)
ਚਮਚਾ	spoon (m)
ਕੜਾਹੀ	wok (f)
ਚਾਕੂ	knife (m)

ਹੋਰ ਫ਼ਾਇਦੇਮੰਦ ਸ਼ਬਦ *Other Useful Words*

ਅੱਗ	fire, flame (f)
ਬਰਫ਼	ice, snow (f)
ਸ਼ੋਰ	noise, clamor (m)
ਹਮਲਾ	attack, invasion (m)
ਤਰੀਕਾ	method, way (m)
ਬਾਕੀ	remaining (adj/u); remainder (m)
ਟੁਕੜਾ	piece, portion (m)
ਅਤੁੱਟ	plentiful (adj/u)
ਉਡੀਕ	wait (f)
ਅਨੰਦ	joy, pleasure (m)
ਪਿਆਰ	love (m)
ਮੁਹੱਬਤ	love (f)
ਇਸਤੇਮਾਲ, ਵਰਤੋਂ	use (m, f)
ਇਲਾਜ	cure, treatment (m)
ਤਲਾਸ਼	search (f)
ਤਾਰੀਫ਼, ਸਿਫ਼ਤ	praise (f)
ਤਿਆਰੀ	readiness, preparation (f)
ਦੇਖ-ਭਾਲ	care, maintenance (f)
ਧੋਖਾ	deception, deceit (m)
ਮਦਦ	help (f)
ਬੇਨਤੀ	request (f)
ਮੁੱਖ	face; main, chief (m)
ਕਾਇਮ	established, existing (adj/u)

Sri Satguru Jagjit Singh Ji eLibrary NamdhariElibrary@gmail.com

Lesson 15
ਸਬਕ ੧੫
Time Expressions

§ 15.1 Units of time

ਸਕਿੰਟ	second (m)
ਮਿੰਟ	minute (m)
ਘੰਟਾ	hour (m)
ਪਲ	a unit of time comprising a moment (m)
ਘੜੀ	a unit of time comprising a few minutes; watch/clock (f)
ਪਹਿਰ	a unit of time comprising about three hours (m)
ਅੱਜ	today (m)
ਅੱਜ-ਕੱਲ੍ਹ	these days (adv)
ਕੱਲ੍ਹ	yesterday; tomorrow (m)
ਭਲਕੇ	tomorrow (adv)
ਪਰਸੋਂ	day after tomorrow or day before yesterday (m)
ਹਫ਼ਤਾ	week (m)
ਅਗਲੇ ਹਫ਼ਤੇ	next week (adv)
ਪਿਛਲੇ ਹਫ਼ਤੇ	last week (adv)
ਮਹੀਨਾ	month (m)
ਸਾਲ/ਵਰ੍ਹਾ	year (m)
ਦਹਾਕਾ	decade (m)
ਸਦੀ	century (f)

§ 15.2 Daily cycle

ਸਵੇਰ	morning (f)
ਸਵੇਰੇ	in the morning (adv)
ਦੁਪਹਿਰ	noon (f)
ਦੁਪਹਿਰੇ	at noon (adv)
ਦਿਨ	day (m)
ਦਿਨੇ	during the day (adv)
ਸ਼ਾਮ	evening (f)
ਸ਼ਾਮੀਂ	in the evening (adv)
ਰਾਤ	night (f)
ਰਾਤੀਂ	at night (adv)

Sri Satguru Jagjit Singh Ji eLibrary NamdhariElibrary@gmail.com

§ 15.3 Days of the week

ਸੋਮਵਾਰ, *ਪੀਰ**	Monday
ਮੰਗਲਵਾਰ	Tuesday
ਬੁੱਧਵਾਰ	Wednesday
ਵੀਰਵਾਰ, *ਜੁੱਮੇਰਾਤ*	Thursday
ਸ਼ੁੱਕਰਵਾਰ, *ਜੁੱਮਾ*	Friday
ਸ਼ਨਿੱਚਰਵਾਰ, *ਹਫ਼ਤਾ*	Saturday
ਐਤਵਾਰ	Sunday

* The italicized names are used in West Punjab.

§ 15.4 Months of the year

The Gregorian calendar is in common use in Punjab today, with the names of its months derived from English. Months of the native Punjabi lunar calendar, used mainly to determine seasonal festivals, are given in Appendix III.

ਜਨਵਰੀ	January (f)
ਫ਼ਰਵਰੀ	February (f)
ਮਾਰਚ	March (f)
ਅਪਰੈਲ	April (f)
ਮਈ	May (f)
ਜੂਨ	June (f)
ਜੁਲਾਈ	July (f)
ਅਗਸਤ	August (m)
ਸਤੰਬਰ	September (m)
ਅਕਤੂਬਰ	October (m)
ਨਵੰਬਰ	November (m)
ਦਸੰਬਰ	December (m)

§ 15.5 Seasons

ਰੁੱਤ, ਮੌਸਮ	season (f, m)
ਬਸੰਤ, ਬਹਾਰ	spring (f)
ਗਰਮੀ, ਹੁਨਾਲ਼	summer (f)
ਬਰਸਾਤ	rainy season, monsoon (f)
ਪਤਝੜ, ਖ਼ਿਜ਼ਾਂ	fall (f)
ਸਰਦੀ, ਸਿਆਲ਼	winter (f, m)

Sri Satguru Jagjit Singh Ji eLibrary NamdhariElibrary@gmail.com

§ 15.6 Dates

For the 1st day of the month, the ordinal number, ਪਹਿਲੀ, is used, whereas for all the following days the cardinal numbers are used.

ਪਹਿਲੀ ਮਈ	1 May
ਮਈ ਦੀ ਪਹਿਲੀ ਤਾਰੀਖ਼	the first of May
ਦੋ ਅਕਤੂਬਰ	2 October
ਤਿੰਨ ਦਸੰਬਰ	3 December

Other time expressions involving the word ਤਾਰੀਖ਼ (date) are as follows:

ਅੱਜ ਕੀ ਤਾਰੀਖ਼ ਹੈ?	What is the date today?
ਜਨਮ ਦੀ ਤਾਰੀਖ਼	date of birth
ਮਰਨ ਦੀ ਤਾਰੀਖ਼	date of death

The postposition ਨੂੰ expresses 'on' a date, as in:

ਸੱਤ ਜਨਵਰੀ ਨੂੰ	or	
ਜਨਵਰੀ ਦੀ ਸੱਤ ਤਾਰੀਖ਼ ਨੂੰ		on 7 January
ਤੇਰਾਂ ਜੂਨ ਨੂੰ	or	
ਜੂਨ ਦੀ ਤੇਰਾਂ ਤਾਰੀਖ਼ ਨੂੰ		on 13 June

§ 15.7 Clock time

Clock time is expressed using perfect forms of the verb ਵੱਜਣਾ, 'to strike' or 'to sound.' Accordingly, one o'clock is ਇੱਕ ਵੱਜਿਆ ਹੈ (one has struck) and two o' clock is ਦੋ ਵੱਜੇ ਹਨ (two have struck). The terms used to express quarter, half, and three-quarter hours are ਸਵਾ, ਸਾਢੇ, and ਪੌਣੇ respectively. The 1:30, ਡੇਢ, and 2:30, ਢਾਈ are the only 'half-hour' time expressions that do not use ਸਾਢੇ, and hence are irregular.

X ਵੱਜੇ ਹਨ।	It is X o' clock (for all times except those involving ਇੱਕ)
X ਵੱਜੇ . . .	At the strike of X (for all times)
ਅੱਠ ਵੱਜੇ ਹਨ।	It is 8.
ਅੱਠ ਵਜੇ, ਮੈਂ ਉਠਿਆ ਸਾਂ।	At 8, I had gotten up.
ਪੌਣਾ ਇੱਕ ਵੱਜਿਆ ਹੈ	12:45
ਇੱਕ ਵੱਜਿਆ ਹੈ	1:00
ਸਵਾ ਇੱਕ ਵੱਜਿਆ ਹੈ	1:15
ਡੇਢ ਵੱਜਿਆ ਹੈ	1:30
ਪੌਣੇ ਦੋ ਵੱਜੇ ਹਨ	1:45

Sri Satguru Jagjit Singh Ji eLibrary NamdhariElibrary@gmail.com

ਸਵਾ ਦੋ ਵੱਜੇ ਹਨ	2:15
ਢਾਈ ਵੱਜੇ ਹਨ	2:30
ਪੌਣੇ ਤਿੰਨ ਵੱਜੇ ਹਨ	2:45
ਤਿੰਨ ਵੱਜੇ ਹਨ	3:00
ਸਵਾ ਤਿੰਨ ਵੱਜੇ ਹਨ	3:15
ਸਾਢੇ ਤਿੰਨ ਵੱਜੇ ਹਨ	3:30
ਪੌਣੇ ਚਾਰ ਵੱਜੇ ਹਨ	3:45
ਪੂਰਾ ਇੱਕ ਵੱਜਿਆ ਹੈ	It's 1:00 sharp
ਪੂਰੇ ਸੱਤ ਵੱਜੇ ਹਨ	It's 7:00 sharp
ਕਿੰਨੇ ਵੱਜੇ ਹਨ?	What time is it?
ਕੀ ਵੱਜਿਆ ਹੈ?	What time is it?
ਟਾਈਮ/ਵਕ਼ਤ/ਸਮਾਂ ਕੀ ਹੈ?	What time is it?

Time expressions indicating minutes before the hour are expressed using the oblique infinitive form, ਵੱਜਣ, followed by ਵਿੱਚ or ਨੂੰ. Time expressions indicating minutes past the hour are expressed using the conjunctive participle ਵੱਜ ਕੇ and the auxiliary present or present perfect conjugation of ਹੋਣਾ.

ਅੱਠ ਵੱਜਣ ਵਿੱਚ/ਨੂੰ ਦਸ ਮਿੰਟ ਹਨ *or* ਅੱਠ ਵੱਜਣ ਵਿੱਚ/ਨੂੰ ਦਸ ਮਿੰਟ ਬਾਕੀ ਹਨ	7:50
ਅੱਠ ਵੱਜਣ ਵਿੱਚ/ਨੂੰ ਦਸ ਮਿੰਟ ਤੇ *or* ਅੱਠ ਵੱਜਣ ਤੋਂ ਦਸ ਮਿੰਟ ਪਹਿਲਾਂ	At 7:50
ਅੱਠ ਵੱਜ ਕੇ ਦਸ ਮਿੰਟ ਹੋਏ ਹਨ	8:10
ਅੱਠ ਵੱਜ ਕੇ ਦਸ ਮਿੰਟ ਤੇ	At 8:10
ਛੇ ਵੱਜ ਕੇ ਚੌਵੀ ਮਿੰਟ ਹੋਏ ਹਨ	6:24

Distinctions between 'a.m.' and 'p.m.' can be made by referring to the part of the day (morning, afternoon, evening, night).

ਸਵੇਰ ਦੇ ਯਾਰਾਂ ਵੱਜੇ ਹਨ।	11 a.m. (in the morning)
ਦੁਪਹਿਰ ਦੇ ਬਾਰਾਂ ਵੱਜੇ ਹਨ।	12 p.m. (noon)
ਸ਼ਾਮ ਦੇ ਛੇ ਵੱਜੇ ਹਨ।	6 p.m. (in the evening)
ਰਾਤ ਦੇ ਦਸ ਵੱਜੇ ਹਨ।	10 p.m. (at night)

Sri Satguru Jagjit Singh Ji eLibrary NamdhariElibrary@gmail.com



Dialogue ***Giddha* and *Bhangra* at Khalsa College**
ਗੱਲ-ਬਾਤ ਖ਼ਾਲਸਾ ਕਾਲਜ ਵਿੱਚ ਗਿੱਧਾ ਅਤੇ ਭੰਗੜਾ

ਅਮਰ:	ਸ਼ਮੀਨਾ, ਤੂੰ ਬਹੁਤ ਚਿਰ ਬਾਅਦ ਮਿਲੀ ਹੈਂ, ਅੱਜ-ਕੱਲ੍ਹ ਕੀ ਕਰ ਰਹੀ ਹੈਂ?
ਸ਼ਮੀਨਾ:	ਹਾਂ, ਅਸੀਂ ਕਾਫ਼ੀ ਚਿਰ ਬਾਅਦ ਮਿਲੇ ਹਾਂ। ਦਰਅਸਲ, ਮੈਂ ਇੱਕ ਗਿੱਧੇ ਦੇ ਮੁਕਾਬਲੇ ਲਈ ਤਿਆਰੀ ਕਰ ਰਹੀ ਹਾਂ ਤੇ ਇਸ ਲਈ ਅੱਜ-ਕੱਲ੍ਹ ਕੁੱਝ ਜ਼ਿਆਦਾ ਹੀ ਮਸਰੂਫ਼ ਹਾਂ।
ਅਮਰ:	ਇਹ ਤਾਂ ਬਹੁਤ ਚੰਗੀ ਗੱਲ ਹੈ। ਮੁਕਾਬਲਾ ਕਦੋਂ ਤੇ ਕਿੱਥੇ ਹੈ? ਅਤੇ ਇਸ ਵਿੱਚ ਕਿੰਨੀਆਂ ਟੀਮਾਂ ਸ਼ਾਮਿਲ ਹੋਣਗੀਆਂ?
ਸ਼ਮੀਨਾ:	ਪ੍ਰੋਗਰਾਮ ਇਸ ਵੀਕੈਂਡ ਖ਼ਾਲਸਾ ਕਾਲਜ ਵਿੱਚ ਹੀ ਹੈ। ਪੰਜਾਬੀ ਯੂਨੀਵਰਸਿਟੀ (ਪਟਿਆਲਾ), ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ), ਤੇ ਜੀ. ਐਨ. ਡੀ. ਯੂ. (ਅੰਮ੍ਰਿਤਸਰ) ਦੀਆਂ ਟੀਮਾਂ ਵੀ ਹਿੱਸਾ ਲੈ ਰਹੀਆਂ ਹਨ। ਗਿੱਧਾ ਤੇ ਭੰਗੜਾ ਦੋਵਾਂ ਦੀਆਂ ਟੀਮਾਂ ਹੋਣਗੀਆਂ।
ਅਮਰ:	ਮੇਰਾ ਕਜ਼ਨ ਸਰਬਜੀਤ ਵੀ ਭੰਗੜੇ ਦਿਆਂ ਮੁਕਾਬਲਿਆਂ ਵਿੱਚ ਹਿੱਸਾ ਲੈਂਦਾ ਹੈ। ਉਹ ਅਮਰੀਕਾ ਵਿੱਚ ਪੜ੍ਹਦਾ ਹੈ। ਉਸ ਦੀ ਯੂਨੀਵਰਸਿਟੀ ਦੀ ਭੰਗੜੇ ਦੀ ਟੀਮ ਹੈ। ਉਹ ਮੈਨੂੰ ਦੱਸਦਾ ਸੀ ਕਿ ਉੱਥੇ ਵੀ ਲੋਕ ਭੰਗੜਾ ਬਹੁਤ ਪਸੰਦ ਕਰਦੇ ਹਨ। ਅਮਰੀਕਣ ਵੀ ਟੀਮਾਂ ਵਿੱਚ ਹਿੱਸਾ ਲੈਂਦੇ ਹਨ।
ਸ਼ਮੀਨਾ:	ਵਾਹ! ਇਹ ਬੜੀ ਦਿਲਚਸਪ ਗੱਲ ਹੈ।
ਅਮਰ:	ਹਾਂ, ਮੈਨੂੰ ਤਾਂ ਇਵੇਂ ਹੀ ਲੱਗਦਾ ਹੈ। ਮੈਂ ਸਰਬਜੀਤ ਨੂੰ ਕਹਾਂਗਾ ਕਿ ਸਾਨੂੰ ਆਪਣੇ ਪ੍ਰੋਗਰਾਮ ਦੀ ਰਿਕਾਰਡਿੰਗ ਘੱਲੇ।
ਸ਼ਮੀਨਾ:	ਮਿਹਰਬਾਨੀ! ਉਨ੍ਹਾਂ ਦਾ ਪ੍ਰੋਗਰਾਮ ਵੇਖ ਕੇ ਬਹੁਤ ਖ਼ੁਸ਼ੀ ਹੋਵੇਗੀ।
ਅਮਰ:	ਚੰਗਾ ਸ਼ਮੀਨਾ, ਤੇਰੀ ਟੀਮ ਦੇ ਪਹਿਲੇ ਨੰਬਰ ਤੇ ਆਉਣ ਲਈ ਸ਼ੁੱਭ ਇੱਛਾਵਾਂ।
ਸ਼ਮੀਨਾ:	ਮਿਹਰਬਾਨੀ, ਅਮਰ! ਤੈਨੂੰ ਮਿਲ ਕੇ ਹਮੇਸ਼ਾਂ ਖ਼ੁਸ਼ੀ ਹੁੰਦੀ ਹੈ।

Sri Satguru Jagjit Singh Ji eLibrary NamdhariElibrary@gmail.com

Reading: Muslims
ਪਾਠ: ਮੁਸਲਮਾਨ



ਈਦਗਾਹ, ਮਲੇਰਕੋਟਲਾ

ਪੰਜਾਬ ਵਿੱਚ ਮੁਸਲਮਾਨੀ ਵਿਸ਼ਵਾਸਾਂ ਦਾ ਆਗ਼ਾਜ਼ ਮੁਹੰਮਦ ਬਿਨ ਕ਼ਾਸਿਮ ਦੀ ਮੁਲਤਾਨ ਵਿੱਚ ੭੩੦ ਈਸਵੀ ਦੇ ਨਜ਼ਦੀਕ ਉਸਾਰੀ ਮਸਜਿਦ ਨਾਲ਼ ਹੋਇਆ। ਦਸਵੀਂ ਸਦੀ ਦੇ ਅਖ਼ੀਰ ਵਿੱਚ ਪੰਜਾਬ ਮਹਿਮੂਦ ਗ਼ਜ਼ਨੀ ਦੇ ਰਾਜ ਦਾ ਹਿੱਸਾ ਬਣ ਗਿਆ ਤੇ ਇਸ ਤੋਂ ਬਾਅਦ ਦੀਆਂ ਸਦੀਆਂ ਵਿੱਚ ਕੁੱਝ ਅਰਬੀ, ਈਰਾਨੀ, ਤੇ ਹੋਰ ਆਲ਼ੇ-ਦੁਆਲ਼ੇ ਦੇ ਮੁਲਕਾਂ ਦੇ ਮੁਸਲਮਾਨ ਲੋਕ ਪੰਜਾਬ ਆ ਕੇ ਵੱਸ ਗਏ। ਇਸ ਸਮੇਂ ਹਾਂਸੀ, ਪਾਕਪਟਨ, ਪਾਣੀਪਤ, ਮੁਲਤਾਨ, ਲਹੌਰ, ਵਗ਼ੈਰਾ ਸ਼ਹਿਰਾਂ ਵਿੱਚ ਮਸਜਿਦਾਂ ਤੇ ਖ਼ਾਨਗ਼ਾਹਾਂ ਮੌਜੂਦ ਸਨ। ਇਸ ਤਰ੍ਹਾਂ ਲੱਗਦਾ ਹੈ ਕਿ ਸੋਲ੍ਹਵੀਂ ਸਦੀ ਤੱਕ ਕਾਫ਼ੀ ਪੰਜਾਬੀ ਲੋਕ ਵੀ ਇਸਲਾਮ ਕ਼ਬੂਲ ਕਰ ਚੁਕੇ ਸਨ ਤੇ ਮੁਸਲਮਾਨ ਪੰਜਾਬੀ ਭਾਈਚਾਰੇ ਵਿੱਚ ਬਹੁਸੰਮਤੀ ਵਿੱਚ ਸਨ। ਪੰਜਾਬੀ ਮੁਸਲਮਾਨ ਸੁੰਨੀ, ਸ਼ੀਆ, ਤੇ ਸੂਫ਼ੀ ਫ਼ਿਰਕਿਆਂ ਵਿੱਚ ਵੰਡੇ ਹੋਏ ਹਨ। ਇਨ੍ਹਾਂ ਦੇ ਖ਼ਾਸ ਤਿਉਹਾਰ ਈਦ ਉਲ-ਫ਼ਿਤਰ ਤੇ ਈਦ ਉਲ-ਅਦਾਹ ਹਨ ਤੇ ਖ਼ਾਨਗਾਹਾਂ ਤੇ ਸੂਫ਼ੀ ਪੀਰਾਂ ਦੇ ਉਰਸ ਸ਼ਾਨੋ-ਸ਼ੌਕ਼ਤ ਨਾਲ਼ ਮਨਾਏ ਜਾਂਦੇ ਹਨ। ਪੰਜਾਬੀ ਮੁਸਲਮਾਨ ਚਿੰਤਕਾਂ ਦੀ ਇਸਲਾਮੀ ਸੋਚ ਨੂੰ ਅਹਿਮ ਦੇਣ ਹੈ। ਇਨ੍ਹਾਂ ਵਿੱਚ ਅਲੀ ਹੁਜਵੀਰੀ, ਸ਼ੇਖ਼ ਅਹਿਮਦ ਸਰਹਿੰਦੀ, ਅਤੇ ਮਿਰਜ਼ਾ ਗ਼ੁਲਾਮ ਅਹਿਮਦ ਸਾਹਿਬ ਦੇ ਨਾਂ ਸਿਰਕੱਢ ਹਨ। ਪੰਜਾਬੀ ਸੂਫ਼ੀ ਸ਼ਾਇਰ, ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਆਦਿ, ਪੰਜਾਬੀ ਜ਼ਿੰਦਗੀ ਦਾ ਇੱਕ ਅਤੁੱਟ ਅੰਗ ਹਨ। ਨਵੇਂ ਮੁਲਕ ਪਾਕਿਸਤਾਨ ਦੀ ਸੋਚ ਬੁਲੰਦ ਕਰਨ ਵਿੱਚ ਮੁਹੰਮਦ ਇਕ਼ਬਾਲ ਸਾਹਿਬ ਦੀ ਸ਼ਾਇਰੀ ਦਾ ਅਹਿਮ ਹਿੱਸਾ ਸੀ।

ਵਿਚਾਰ-ਵਟਾਂਦਰੇ ਲਈ ਸੁਆਲ:

1. ਪੰਜਾਬ ਵਿੱਚ ਇਸਲਾਮ ਕਦੋਂ ਤੇ ਕਿਸ ਤਰ੍ਹਾਂ ਆਇਆ?
2. ਪੰਜਾਬੀ ਮੁਸਲਮਾਨਾ ਦੇ ਕਿਹੜੇ ਅਹਿਮ ਫ਼ਿਰਕੇ ਹਨ?
3. ਪੰਜਾਬੀ ਮੁਸਲਮਾਨਾਂ ਵਿਚੋਂ ਨਾਮੀ ਹਸਤੀਆਂ ਦੇ ਨਾਂ ਦੱਸੋ?

Sri Satguru Jagjit Singh Ji eLibrary NamdhariElibrary@gmail.com

Exercise 15.1 Write out in Punjabi:

1. 3:00 p.m.
2. 4:15 p.m.
3. 7:02 a.m.
4. 10:00 p.m.
5. 6:45 a.m.
6. 1:30 a.m.
7. 5:50 p.m.
8. 8:30 a.m.
9. 11:20 p.m.
10. 2:30 p.m.

Exercise 15.2 Translate:

1. What day is today?
2. My birthday is on June 7th.
3. Today's date is December 15th.
4. Everyday I work from 8:30 a.m. to 6 p.m.
5. I will come to your house tomorrow morning.
6. Are you going to Amritsar next week?
7. In autumn it is difficult to buy fresh mangoes in the market.
8. Every Friday, Muslims pray together in mosques.
9. What was the day before yesterday?
10. Summer holidays begin in the third week of June.

Exercise 15.3 Conjugate each of the verbs given below in all the forms you have learned so far, for a given person. Provide English translations for your conjugations.

ਡਰਨਾ	to fear
ਤੁਰਨਾ	to walk
ਦੱਸਣਾ	to tell
ਧੋਣਾ	to wash
ਗਾਉਣਾ	to sing

Example, using ਕਹਿਣਾ (to say):

ਉਹ ਕਹਿੰਦੀਆਂ ਹਨ	They (f) say
ਉਹ ਕਹਿੰਦੀਆਂ ਸਨ	They (f) used to say
ਉਹ ਕਹਿ ਰਹੀਆਂ ਹਨ	They (f) are saying
ਉਹ ਕਹਿ ਰਹੀਆਂ ਸਨ	They (f) were saying
ਉਹ ਕਹਿਣ	They should say
ਉਹ ਕਹਿਣਗੀਆਂ	They (f) will say
ਉਨ੍ਹਾਂ ਨੇ ਕਿਹਾ	They said
ਉਨ੍ਹਾਂ ਨੇ ਕਿਹਾ ਹੈ	They have said
ਉਨ੍ਹਾਂ ਨੇ ਕਿਹਾ ਸੀ	They had said

Sri Satguru Jagjit Singh Ji eLibrary NamdhariElibrary@gmail.com

Exercise 15.4 Write a 10-12 sentence essay on your favorite season. Why is this season your favorite? What do you enjoy about it?

Exercise 15.5 Translate the following passage into English:

ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਦੀ ਰੋਜ਼ਾਨਾ ਮਰਿਆਦਾ

ਦਰਬਾਰ ਸਾਹਿਬ ਸਿੱਖਾਂ ਦਾ ਸਭ ਤੋਂ ਪਵਿੱਤਰ ਤੇ ਪ੍ਰਸਿੱਧ ਗੁਰਦੁਆਰਾ ਹੈ। ਇਸ ਧਾਰਮਿਕ ਅਸਥਾਨ ਵਿੱਚ ਬੰਦਗੀ ਦਾ ਮੁੱਖ ਕੇਂਦਰ ਗੁਰੂ ਗ੍ਰੰਥ ਸਾਹਿਬ ਹਨ। ਸ਼ਰਧਾਲੂ ਪੂਰਾ ਸਾਲ ਦਰਬਾਰ ਸਾਹਿਬ ਦਿਆਂ ਦਰਸ਼ਨਾਂ ਲਈ ਆਉਂਦੇ ਹਨ। ਇੱਥੇ ਪਹੁੰਚ ਕੇ, ਸਾਰੇ ਆਪਣੀਆਂ ਜੁੱਤੀਆਂ ਉਤਾਰ ਕੇ, ਹੱਥ ਪੈਰ ਧੋ ਕੇ, ਸਿਰ ਸਤਿਕਾਰ ਨਾਲ਼ ਢਕ ਕੇ ਅੰਦਰ ਜਾਂਦੇ ਹਨ। ਦਰਬਾਰ ਸਾਹਿਬ ਦੀ ਇੱਕ ਖ਼ਾਸ ਮਰਿਆਦਾ ਹੈ ਅਤੇ ਸਮੇਂ ਸਿਰ ਸਾਰੇ ਪ੍ਰੋਗਰਾਮ ਹੁੰਦੇ ਹਨ। ਤਿੰਨ ਵਜੇ ਅੰਮ੍ਰਿਤ ਵੇਲੇ, ਦਰਬਾਰ ਸਾਹਿਬ ਦੇ ਕਿਵਾੜ ਖੁਲ੍ਹਦੇ ਹਨ ਅਤੇ ਰਾਗੀ ਕੀਰਤਨ ਆਰੰਭ ਕਰਦੇ ਹਨ। ਚਾਰ ਵਜੇ, ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੁੰਦਾ ਹੈ। ਪੰਜ ਵਜੇ, ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਪਾਲਕੀ ਸਾਹਿਬ ਵਿੱਚ ਅਕਾਲ ਤਖ਼ਤ ਤੋਂ ਹਰਿਮੰਦਰ ਸਾਹਿਬ ਵੱਲ ਚੱਲਦੀ ਹੈ। ਪਹਿਲਾ ਹੁਕਮਨਾਮਾ ਸਵੇਰੇ ਸਾਢੇ ਪੰਜ ਵਜੇ ਲਿਆ ਜਾਂਦਾ ਹੈ। ਸਾਰਾ ਦਿਨ, ਲੋਕ ਦਰਸ਼ਨਾਂ ਲਈ ਆਉਂਦੇ ਹਨ, ਭੇਟਾਵਾਂ ਦੇਂਦੇ ਹਨ, ਅਰਦਾਸਾਂ ਕਰਦੇ ਹਨ, ਅਤੇ ਕੜਾਹ ਪਰਸ਼ਾਦ ਰਾਹੀਂ ਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕਰਦੇ ਹਨ।

ਸੋਦਰੁ ਰਹਿਰਾਸ ਦਾ ਪਾਠ ਸੂਰਜ ਛੁਪਣ ਬਾਅਦ ਸ਼ੁਰੂ ਹੁੰਦਾ ਹੈ। ਰਾਤ ਦਾ ਹੁਕਮਨਾਮਾ ਤੇ ਸਮਾਪਤੀ ਸਾਢੇ ਨੌ ਵਜੇ ਹੁੰਦੀ ਹੈ। ਪੌਣੇ ਦਸ ਵਜੇ, ਸੁਖਾਸਨ ਤੋਂ ਬਾਅਦ, ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਪਾਲਕੀ ਵਿੱਚ ਵਾਪਸ ਅਕਾਲ ਤਖ਼ਤ ਲਿਆਂਦੀ ਜਾਂਦੀ ਹੈ। ਰਾਤੀਂ, ਸੇਵਾਦਾਰ ਦਰਬਾਰ ਸਾਹਿਬ ਦੀ ਸਫ਼ਾਈ ਬੜੀ ਸ਼ਰਧਾ ਨਾਲ਼ ਕਰਦੇ ਹਨ ਅਤੇ ਨਾਲ਼ ਹੀ ਰਸ-ਭਿੰਨੀ ਅਵਾਜ਼ ਵਿੱਚ ਗੁਰਬਾਣੀ ਦਾ ਪਾਠ ਕਰਦੇ ਹਨ। ਦਰਬਾਰ ਸਾਹਿਬ ਦੇ ਕਿਵਾੜ ਖੁਲ੍ਹਣ ਤੋਂ ਲੈ ਕੇ ਸਮਾਪਤੀ ਤੱਕ ਵੱਖ ਵੱਖ ਰਾਗੀ ਕੀਰਤਨ ਕਰਦੇ ਹਨ। ਚੌਵੀ ਘੰਟੇ, ਸੱਤੇ ਦਿਨ, ਪੂਰਾ ਸਾਲ, ਗੁਰੂ ਕਾ ਲੰਗਰ ਸਾਰਿਆਂ ਦਰਸ਼ਕਾਂ ਅਤੇ ਸ਼ਰਧਾਲੂਆਂ ਲਈ ਖੁੱਲ੍ਹਾ ਰਹਿੰਦਾ ਹੈ ਅਤੇ ਇੱਥੇ ਅਤੁੱਟ ਭੋਜਨ ਵਰਤਦਾ ਹੈ। ਪੂਰੀ ਦੁਨੀਆ ਤੋਂ ਆਏ ਲੋਕ ਇੱਥੇ ਸੇਵਾ ਵੀ ਕਰਦੇ ਹਨ ਅਤੇ ਲੰਗਰ ਵੀ ਛਕਦੇ ਹਨ। ਭਾਵੇਂ ਦਰਬਾਰ ਸਾਹਿਬ ਦੀ ਮਰਿਆਦਾ ਦੇ ਟਾਈਮ, ਗਰਮੀਆਂ ਅਤੇ ਸਰਦੀਆਂ ਦੇ ਮੁਤਾਬਿਕ ਬਦਲਦੇ ਰਹਿੰਦੇ ਹਨ, ਰੋਜ਼ਾਨਾ ਦਾ ਇਹ ਨੇਮ ਲਗਾਤਾਰ ਜਾਰੀ ਰਹਿੰਦਾ ਹੈ।

ਸ਼ਬਦਾਵਲੀ	**Vocabulary**
ਕਿਰਿਆਵਾਂ	*Verbs*
ਜੁੜਨਾ	to join (vi)
ਡਰਨਾ	to fear (vi)
ਉਲੀਕਣਾ	to plan; to draw, delineate (vt)
ਘੱਲਣਾ	to send (vt)
ਢਕਣਾ	to cover (vt)
ਛੁਪਣਾ	to hide (vi)
ਛਕਣਾ	to eat (vt)
ਕਬੂਲ ਕਰਨਾ	to accept (vt)
ਜਾਰੀ ਰਹਿਣਾ/ਰੱਖਣਾ	to continue (vt)
ਸਮਾਂ/ਵਕਤ	*Time*
ਅੱਧੀ ਰਾਤ	midnight (f)
ਸਿਖਰ ਦੁਪਹਿਰ	high noon (f)

Sri Satguru Jagjit Singh Ji eLibrary NamdhariElibrary@gmail.com

ਅਖ਼ੀਰ, ਸਮਾਪਤੀ	end, conclusion (m, f)
ਅੰਮ੍ਰਿਤ ਵੇਲਾ	early morning (m)
ਰੋਜ਼ਾਨਾ	daily (adv)
ਆਗ਼ਾਜ਼	beginning (m)

ਧਰਮ/ਮਜ਼੍ਹਬ *Religion*

ਧਾਰਮਿਕ	religious, spiritual (adj/u)
ਮਜ਼੍ਹਬੀ	religious (adj/u)
ਸੂਫ਼ੀ	Sufi (m), the mystical dimension of Islam
ਖ਼ਾਨਗਾਹ	Sufi hospice/retreat (f)
ਮਜ਼ਾਰ, ਰੌਜ਼ਾ	tomb of a Sufi saint (m)
ਸਤਿਕਾਰ	respect, honor (m)
ਮਰਿਆਦਾ	tradition, practice (f)
ਨਮਾਜ਼ ਪੜ੍ਹਨਾ	to pray (Muslim), to read *namaz* (vi)
ਪਵਿੱਤਰ	sacred, pure (adj/u)
ਬੰਦਗੀ	worship, prayer (f)
ਸ਼ਰਧਾਲੂ	devotee (m)
ਅਕਾਲ ਤਖ਼ਤ	"throne of the Timeless," a seat of temporal authority in Sikhism (m)
ਹੁਕਮਨਾਮਾ	order of the day (m)
ਸੁਖਾਸਨ	comfortable posture/seat; closed position of Sikh scripture (m)
ਭੇਟਾ	offering (f)
ਕੜਾਹ ਪਰਸ਼ਾਦ	consecrated food (m)

ਜੁਗਰਾਫ਼ੀਆ *Geography*

ਭੂਗੋਲ, ਜੁਗਰਾਫ਼ੀਆ	geography (m)
ਅਸਥਾਨ, ਥਾਂ	place (m, f)
ਦੁਨੀਆ	world (f)
ਪੂਰਬੀ, ਮਸ਼ਰਿਕੀ	eastern (adj/u)
ਪੱਛਮੀ, ਮਗ਼ਰਿਬੀ	western (adj/u)

ਹੋਰ ਫ਼ਾਇਦੇਮੰਦ ਸ਼ਬਦ *Other Useful Words*

ਅਹਿਮੀਅਤ	importance, significance (f)
ਮੌਜੂਦ	present, available (adj/u)
ਕਿਵਾੜ	door(s) (m)
ਖ਼ੁਸ਼ਨਸੀਬੀ, ਖ਼ੁਸ਼ਕਿਸਮਤੀ	good fortune (f)
ਸਵਾਰੀ	conveyance, ride (f)
ਪਾਲਕੀ	palanquin (f)
ਬਖ਼ਸ਼ਿਸ਼	gift, blessing (f)
ਰਸ-ਭਿੰਨਾ	enjoyable, tasteful; melodious (adj/i)

Sri Satguru Jagjit Singh Ji eLibrary NamdhariElibrary@gmail.com

ਸੁਰ	note; tone, pitch (f)
ਦਰਅਸਲ	in fact, actually (adv)
ਭਾਈਚਾਰਾ	brotherhood, fraternity (m)
ਬਹੁਸੰਮਤੀ	majority opinion (adj/u) (f)
ਚਿੰਤਕ	intellectual, thinker (m)
ਸਿਰਕੱਢ	prominent, distinguished (adj/u)
ਮਸਰੂਫ਼	busy (adj/u)

Sri Satguru Jagjit Singh Ji eLibrary NamdhariElibrary@gmail.com

Lesson 16
ਸਬਕ ੧੬
Relative-Correlatives

§ 16.1 Relative-correlative constructions

These constructions are made up of two related clauses connected by particular relative-correlative pairs. The clauses have a somewhat parallel structure. Oftentimes the coordinating element of the pair, which occurs in the correlative clause, goes unstated.

Relative clause:	ਜੋ ਆਦਮੀ ਕਮਰੇ ਵਿੱਚ ਹੈ...	The man who is in the room...
Correlative clause:	...ਉਹ ਬਹੁਤ ਮਸ਼ਹੂਰ ਹੈ।	...he is very famous.

'The man who is in the room is very famous.'

The following table gives some of the frequently used sets of relative-correlatives.

Correlative (Proximate)	Correlative (Remote)	Relative	Interrogative
ਇਹ it, s/he, this	ਉਹ it, s/he, that	ਜੋ, ਜਿਹੜਾ (ਜਿਸ, ਜਿਨ੍ਹਾਂ) who, which, what,	ਕੌਣ, ਕੀ, ਕਿਹੜਾ who? what? which?
ਇੱਡਾ[1] this much	ਉੱਡਾ that much	ਜਿੱਡਾ/ਜੇਡਾ as much	ਕਿੱਡਾ/ਕੇਡਾ how much?
ਇੰਨਾ this much	ਉੱਨਾ that much	ਜਿੰਨਾ as much	ਕਿੰਨਾ how much?
ਇੱਥੇ here	ਉੱਥੇ there	ਜਿੱਥੇ where	ਕਿੱਥੇ where?
ਇੱਥੋਂ from here	ਉੱਥੋਂ from there	ਜਿੱਥੋਂ from where	ਕਿੱਥੋਂ from where?
ਇੱਧਰ to here	ਉੱਧਰ to there	ਜਿੱਧਰ to where	ਕਿੱਧਰ to where?
ਇਵੇਂ this way	ਉਵੇਂ that way	ਜਿਵੇਂ how	ਕਿਵੇਂ how?
ਇੰਜ this way	ਉਂਜ that way	-	ਕਿੰਜ how?
ਹੁਣ now	ਓਦੋਂ then	ਜਦੋਂ/ਜਦ when	ਕਦੋਂ/ਕਦ when?
ਹੁਣ ਤੋਂ henceforth	ਓਦੋਂ ਦੇ since then	ਜਦੋਂ ਦੇ since when	ਕਦੋਂ ਦੇ since when?
ਇਹੋ ਜਿਹਾ this kind	ਉਹੋ ਜਿਹਾ that kind	ਜਿਹੋ ਜਿਹਾ which kind	ਕਿਹੋ ਜਿਹਾ what kind?

[1] The characteristic ਇ vowel of the proximate correlative forms may vary with the vowels ਐ or ਏ. Similarly, the initial vowel in the remote correlative forms may vary between ਉ, ਓ, and ਔ.

Sri Satguru Jagjit Singh Ji eLibrary NamdhariElibrary@gmail.com

ਇਸ ਵੇਲੇ at this time	ਉਸ ਵੇਲੇ at that time	ਜਿਸ ਵੇਲੇ at which time	ਕਿਸ ਵੇਲੇ at what time?
ਇਸ ਤਰ੍ਹਾਂ in this way	ਉਸ ਤਰ੍ਹਾਂ in that way	ਜਿਸ ਤਰ੍ਹਾਂ in which way	ਕਿਸ ਤਰ੍ਹਾਂ in what way?

Examples:

ਜੋ ਮੁੰਡਾ ਨਿਊ ਯੌਰਕ ਵਿੱਚ ਰਹਿੰਦਾ ਹੈ, ਉਹ ਮੇਰਾ ਭਰਾ ਹੈ।	The boy who lives in New York is my brother.
ਜਿਹੜੀਆਂ ਕਿਤਾਬਾਂ ਲਾਇਬਰੇਰੀ ਵਿੱਚ ਨਹੀਂ, ਉਹ ਮੇਰੀ ਸਹੇਲੀ ਕੋਲ ਹਨ।	My (female) friend has those books which are not in the library.
ਜਿਸ ਕੰਮ ਲਈ ਮੈਂ ਆਈ ਸਾਂ, ਉਹ ਕੰਮ ਹੋ ਗਿਆ।	The work for which I came got done.
ਜਿਸ ਕੁੜੀ ਨੂੰ ਤੁਸੀਂ ਕਿਤਾਬ ਦਿੱਤੀ, ਉਹ ਮੇਰੀ ਸਹੇਲੀ ਹੈ।	The girl to whom you gave the book is my (female) friend.
ਜਿਸ ਆਦਮੀ ਕੋਲ ਬਹੁਤ ਕ਼ੀਮਤੀ ਕਾਰ ਹੈ, ਉਹ ਮੇਰਾ ਗੁਆਂਢੀ ਹੈ।	The man who has a really expensive car is my neighbor.
ਜਿਨ੍ਹਾਂ ਕੰਮਾਂ ਲਈ ਅਸੀਂ ਆਏ ਸਾਂ, ਉਹ ਕੰਮ ਹੋ ਗਏ ਹਨ।	The tasks for which we came got done.
ਜਿਨ੍ਹਾਂ ਲੋਕਾਂ ਕੋਲ ਪੈਸਾ ਹੈ, ਉਹ ਨਿਊ ਯੌਰਕ ਨਹੀਂ ਛੱਡਦੇ।	People who have money don't leave New York.
ਜਿੱਡਾ ਵੱਡਾ ਸਾਡਾ ਮਕਾਨ ਹੈ, ਉੱਡਾ ਹੋਰ ਕਿਸੇ ਦਾ ਨਹੀਂ।	There is no house as big as ours.
ਜਿੰਨਾ ਸਮਾਂ ਤੁਸੀਂ ਹਰ ਕੰਮ ਤੇ ਲਾਉਂਦੇ ਹੋ, ਇੰਨਾ ਮੈਂ ਕਦੇ ਨਹੀਂ ਲਾ ਸਕਦੀ।	As much time as you spend on every task, I can never spend.
ਚੰਗੇ ਬੰਦੇ ਦੀ ਜਿੰਨੀ ਸਿਫ਼ਤ ਕਰੋ, ਉੱਨੀ ਹੀ ਘੱਟ ਹੈ।	However much you praise a good person, it's not enough.
ਜਿੱਧਰ ਇਹ ਸੜਕ ਜਾਂਦੀ ਹੈ, ਉੱਧਰ ਸੁਹਣਾ ਬਾ਼ਗ਼ ਹੈ।	The place where this road goes to has a beautiful garden.
ਕ਼ਲਮ ਨੂੰ ਉਂਜ ਨਾ ਫੜੋ, ਇੰਜ ਫੜੋ!	Don't hold the pen that way, hold it this way!
ਜਦੋਂ ਅਸੀਂ ਅਮਰੀਕਾ ਆਏ ਸਾਂ, ਓਦੋਂ ਸਾਡੇ ਕੋਲ ਇੱਕ ਸੌ ਡਾਲਰ ਸਨ।	When we came to America, we had one hundred dollars.
ਸਾਨੂੰ ਇਹੋ ਜਿਹੇ ਉਸਤਾਦ ਦੀ ਲੋੜ ਹੈ, ਜਿਹੜਾ ਅੱਠ ਜ਼ੁਬਾਨਾਂ ਬੋਲਦਾ ਹੋਵੇ।	We need the kind of teacher who speaks eight languages.

Some sets of relative-correlatives use a special coordinating element which is used only in introducing a second clause. These are variants which, unlike the correlatives listed above, usually cannot be used without their relative counterparts.

ਜੋ . . . ਸੋ	that which … so
ਜਿਵੇਂ . . . ਤਿਵੇਂ	as … like that
ਜਦੋਂ . . . ਤਦੋਂ	when … at that time

Sri Satguru Jagjit Singh Ji eLibrary NamdhariElibrary@gmail.com

ਜਦੋਂ ਮੈਂ ਚੰਡੀਗੜ੍ਹ ਜਾਂਦੀ ਹਾਂ, ਤਦੋਂ ਅਰਫ਼ਾ ਮੇਰੇ ਘਰ ਦੀ ਦੇਖ-ਭਾਲ਼ ਕਰਦੀ ਹੈ।	When I go to Chandigarh, Arfa takes care of my house.
ਜਦੋਂ ਬੱਚੇ ਸਕੂਲੋਂ ਆਉਂਦੇ ਹਨ, ਤਦੋਂ ਉਹ ਬਹੁਤ ਭੁੱਖੇ ਹੁੰਦੇ ਹਨ।	When the kids come from school, they are very hungry.
ਜਦੋਂ ਵੀ ਮੈਂ ਸੂਫ਼ੀ ਸੰਗੀਤ ਸੁਣਦਾ ਹਾਂ, ਤਦੋਂ ਮੈਂ ਸਭ ਕੁੱਝ ਭੁੱਲ ਜਾਂਦਾ ਹਾਂ।	Whenever I listen to Sufi music, I forget everything.
ਜਿਵੇਂ ਹੀ ਅਸੀਂ ਏਅਰਪੋਰਟ ਤੋਂ ਨਿਕਲੇ, ਤਿਵੇਂ ਹੀ ਉਹ ਉੱਥੇ ਪਹੁੰਚ ਗਿਆ।	As soon as we came out of the airport, he arrived there.

§ 16.2 Subordinate clauses

Subordinate clauses are phrases which cannot stand on their own and are only meaningful in relation to the main part of the sentence. For example, in English:

Even though he liked the movie, he didn't want to see it again.

The second part stands on its own, but the first—which is preceded by a subordinating conjunction (even though)—cannot. Common subordinating conjunctions are:

ਭਾਵੇਂ	Although, even though
ਹਾਲਾਂ ਕਿ	Although, even though
ਕਿਉਂਕਿ	Because
ਇਸ ਲਈ	For this reason, therefore
X ਦੇ ਕਾਰਨ	Because of X, due to X
X ਦੀ ਵਜ੍ਹਾ ਕਰ ਕੇ	Because of X, due to X

Examples:

ਭਾਵੇਂ ਉਹ ਹੁਸ਼ਿਆਰ ਹੈ, ਉਹ ਇਮਤਿਹਾਨ ਪਾਸ ਨਹੀਂ ਕਰ ਸਕੀ।	Although she is intelligent, she was not able to pass the exam.
ਮੈਂ ਬੀਮਾਰ ਹਾਂ, ਇਸ ਲਈ ਕਾਲਜ ਨਹੀਂ ਜਾ ਸਕਦਾ।	I am sick, so I cannot go to college.
ਕਿਉਂਕਿ ਮੀਂਹ ਪੈ ਰਿਹਾ ਹੈ, ਥੋੜ੍ਹੀ ਦੇਰ ਰੁਕੋ।	Because it is raining, please wait a little while.
ਹਾਲਾਂ ਕਿ ਮੈਨੂੰ ਰੋਟੀ ਬਹੁਤ ਪਸੰਦ ਹੈ, ਮੈਂ ਅੱਜ ਚੌਲ਼ ਖਾਣਾ ਚਾਹੁੰਦੀ ਹਾਂ।	Even though I like *roti* a lot, I want to eat rice today.
ਮੈਂ ਮੌਸਮ ਖ਼ਰਾਬ ਹੋਣ ਦੇ ਕਾਰਨ ਬੋਸਟਨ ਨਹੀਂ ਗਿਆ।	Due to the bad weather, I did not go to Boston.

Sri Satguru Jagjit Singh Ji eLibrary NamdhariElibrary@gmail.com

§ 16.3 Colorizing verbs

As seen earlier, auxiliary verbs can be used in conjunction with a main verb to create a variety of meanings. In these constructions, the main verb carries the core semantic or meaningful content of the structure and the auxiliary verb adds nuance. Recall the form of auxiliary verb constructions:

Main verb root + auxiliary verb (conjugated appropriately)

Some of the most common colorizing auxiliary verbs, with a description of their nuance, are as follows:

1. ਜਾਣਾ

This verb is used to emphasize completion of a change in state. Often it does not add significantly to the meaning of the verb.

ਚੌਲ ਬਣ ਗਏ।	The rice became cooked.
ਉਹ ਹਾਰ ਗਿਆ।	He lost.
ਉਹ ਮਰ ਗਿਆ।	He died.

2. ਲੈਣਾ, ਦੇਣਾ

These verbs are used to suggest directionality with respect to whom an action benefits. For example, ਦੇਣਾ indicates an action performed for someone else.

ਮੈਂ ਖ਼ਤ ਲਿਖ ਦਿੱਤਾ।	I wrote a letter (for someone else).
ਉਸਤਾਦ ਜੀ ਨੇ ਸਾਨੂੰ ਪੰਜਾਬੀ ਸਿਖਾ ਦਿੱਤੀ।	The teacher taught us Punjabi.

On the other hand, ਲੈਣਾ indicates an action performed for one's own sake.

ਉਸ ਨੇ ਨਾਸ਼ਤਾ ਕਰ ਲਿਆ।	He had breakfast.
ਮੈਂ ਖਾਣਾ ਬਣਾ ਲਿਆ।	I made food (for myself)

3. ਆਉਣਾ, ਚੱਲਣਾ

These verbs are used, in a limited number of contexts, in conjunction with ਲੈਣਾ. ਆਉਣਾ is used with ਲੈਣਾ to indicate to bring.

ਮੈਂ ਤੁਹਾਡੇ ਘਰ ਕੁੱਝ ਖਾਣਾ ਲੈ ਆਇਆ।	I brought some food to your house.

ਚੱਲਣਾ is used with ਲੈਣਾ to mean to take along (ਲੈ ਜਾਣਾ is used in a similar way).

ਮੈਂ ਗਿੱਬ ਨੂੰ ਆਪਣੇ ਘਰ ਲੈ ਜਾ ਰਿਹਾ ਹਾਂ।	I am taking Gibb to my house.

Sri Satguru Jagjit Singh Ji eLibrary NamdhariElibrary@gmail.com

4. ਛੱਡਣਾ

This verb is used to indicate disinterested action.

ਸ਼ੁੱਕਰਵਾਰ ਤੱਕ ਮੈਂ ਹਮੇਸ਼ਾਂ ਆਪਣਾ ਕੰਮ ਕਰ ਛੱਡਦਾ ਹਾਂ।	I always finish my work by Friday.
ਨਾਰਾਜ਼ ਹੋ ਕੇ ਉਸ ਨੇ ਸਾਰਾ ਦੁੱਧ ਡੋਲ੍ਹ ਛੱਡਿਆ।	Having gotten upset, she spilt all the milk.

5. ਸੁੱਟਣਾ

This verb, less commonly used, indicates forceful or sudden action:

ਤੁਹਾਡੀ ਉਡੀਕ ਵਿੱਚ ਉਸ ਨੇ ਸਾਰੇ ਦਿਨ ਦਾ ਕੰਮ ਦੁਪਹਿਰ ਤੱਕ ਹੀ ਕਰ ਸੁੱਟਿਆ।	Waiting for you, he finished the whole day's work by noon.
ਖ਼ਜ਼ਾਨਾ ਲੱਭਣ ਲਈ ਉਸ ਨੇ ਸਾਰਾ ਵਿਹੜਾ ਪੁੱਟ ਸੁੱਟਿਆ।	In order to find the treasure, he dug up the whole yard.

6. ਰੱਖਣਾ

This verb indicates concerned action:

ਅਸੀਂ ਉਸਤਾਦ ਜੀ ਲਈ ਸਾਲਗਿਰ੍ਹਾ ਦੀ ਪਾਰਟੀ ਦੀ ਤਿਆਰੀ ਕਰ ਰੱਖਾਂਗੇ।	We will make preparations for the teacher's birthday party.

7. ਬੈਠਣਾ, ਪਹੁੰਚਣਾ

The use of these verbs is idiomatic and, therefore, less predictable.

ਲੈ ਬੈਠਣਾ - to bring down with oneself

ਉਸ ਦੀ ਮੂਰਖਤਾ ਸਾਨੂੰ ਸਾਰਿਆਂ ਨੂੰ ਲੈ ਬੈਠੀ।	His foolishness brought us all down.

ਲੈ ਪਹੁੰਚਣਾ - to take to a higher point

ਉਹ ਆਪਣੀ ਮਿਹਨਤ ਨਾਲ ਟੱਬਰ ਨੂੰ ਪਤਾ ਨਹੀਂ ਕਿੱਥੇ ਲੈ ਪਹੁੰਚੇਗਾ।	With his hard work, [one] doesn't know where he will take (his) family.

Sri Satguru Jagjit Singh Ji eLibrary NamdhariElibrary@gmail.com

Dialogue **Visakhi**
ਗੱਲ-ਬਾਤ ਵਿਸਾਖੀ

ਵਿਸਾਖੀ ਦਾ ਮੇਲਾ

ਮੋਹਣ: ਜਸਜੀਤ, ਪੰਜਾਬੀ ਜ਼ਿੰਦਗੀ ਵਿੱਚ ਵਿਸਾਖੀ ਦੀ ਕੀ ਜਗ੍ਹਾ ਹੈ?

ਜਸਜੀਤ: ਮੋਹਣ, ਪੰਜਾਬ ਵਿੱਚ ਵਿਸਾਖੀ ਕਣਕ ਦੀ ਫ਼ਸਲ ਦੇ ਪੱਕਣ ਤੇ ਮਨਾਈ ਜਾਂਦੀ ਹੈ। ਕਣਕ ਸਰਦੀਆਂ (ਰਬੀਹ) ਦੀ ਸਭ ਤੋਂ ਅਹਿਮ ਫ਼ਸਲ ਹੈ ਤੇ ਇਸ ਦੇ ਤਿਆਰ ਹੋਣ ਤੇ ਲੋਕਾਂ ਦਾ ਜਸ਼ਨ ਕਰਨਾ ਸੁਭਾਵਿਕ ਹੀ ਹੈ।

ਮੋਹਣ: ਵਿਸਾਖੀ ਮਨਾਉਣ ਦਾ ਕੋਈ ਖ਼ਾਸ ਤਰੀਕਾ ਹੈ?

ਜਸਜੀਤ: ਹਾਂ, ਵਿਸਾਖੀ ਤੇ ਪਿੰਡਾਂ ਵਿੱਚ ਮੇਲੇ ਲੱਗਦੇ ਹਨ। ਲੋਕ ਆਪਣੇ ਡੰਗਰਾਂ ਨੂੰ ਨੁਹਾ-ਧੁਆ ਕੇ ਆਪ ਨਵੇਂ ਕੱਪੜੇ ਪਾ ਕੇ ਸਜ-ਧਜ ਨਾਲ ਇਨ੍ਹਾਂ ਮੇਲਿਆਂ ਤੇ ਪਹੰਚੁਦੇ ਹਨ।

ਮੋਹਣ: ਮੇਲਿਆਂ ਵਿੱਚ ਕੀ ਹੁੰਦਾ ਹੈ?

ਜਸਜੀਤ: ਪਹਿਲਵਾਨਾਂ ਦੀਆਂ ਕੁਸ਼ਤੀਆਂ, ਕਬੱਡੀ ਦੇ ਮੁਕਾਬਲੇ, ਬੈਲ-ਗੱਡੀਆਂ ਦੀਆਂ ਦੌੜਾਂ, ਤੇ ਖਾਣ-ਪੀਣ ਦੇ ਜਸ਼ਨ ਚੱਲਦੇ ਹਨ।

ਮੋਹਣ: ਸਿੱਖ ਮਜ਼ਹਬ ਵਿੱਚ ਵਿਸਾਖੀ ਦੀ ਕੀ ਅਹਿਮੀਅਤ ਹੈ?

ਜਸਜੀਤ: ੧੬੯੯ ਦੀ ਵਿਸਾਖੀ ਤੇ ਗੁਰੂ ਗੋਬਿੰਦ ਸਿੰਘ, ਸਿੱਖਾਂ ਦੇ ਦਸਵੇਂ ਗੁਰੂ ਸਾਹਿਬ, ਨੇ ਸਿੱਖਾਂ ਨੂੰ ਖ਼ਾਲਸਾ ਪੰਥ ਦਾ ਨਾਂ ਦਿੱਤਾ ਤੇ ਇਸ ਤਰ੍ਹਾਂ ਵਿਸਾਖੀ ਖ਼ਾਲਸਾ ਪੰਥ ਦਾ ਜਨਮ ਉਤਸਵ ਬਣ ਗਈ। ਸਿੱਖ ਦੂਰ ਦੂਰ ਤੋਂ ਦਰਬਾਰ ਸਾਹਿਬ, ਅਮ੍ਰਿਤਸਰ, ਇਕੱਠੇ ਹੁੰਦੇ ਹਨ ਤੇ ਰਾਤ ਨੂੰ ਬਹੁਤ ਸ਼ਾਨਦਾਰ ਆਤਿਸ਼ਬਾਜ਼ੀ ਚੱਲਦੀ ਹੈ।

Sri Satguru Jagjit Singh Ji eLibrary NamdhariElibrary@gmail.com

Reading: Sikhs
ਪਾਠ: ਸਿੱਖ



ਦਰਬਾਰ ਸਾਹਿਬ, ਅੰਮ੍ਰਿਤਸਰ

ਹਿੰਦੂ ਧਰਮ ਦੀ ਸ਼ੁਰੂਆਤ ਤੋਂ ਕੋਈ ਤਿੰਨ ਹਜ਼ਾਰ ਸਾਲ ਬਾਅਦ ਪੰਜਾਬ ਦੀ ਧਰਤੀ ਤੇ ਪੈਦਾ ਹੋਣ ਵਾਲਾ ਦੂਸਰਾ ਧਰਮ ਸਿੱਖ ਪੰਥ ਹੈ। ਇਸ ਦੀ ਨੀਂਹ ਗੁਰੂ ਨਾਨਕ ਸਾਹਿਬ (੧੪੬੯-੧੫੩੯) ਨੇ ਰੱਖੀ ਤੇ ਉਨ੍ਹਾਂ ਦੇ ਨੌਂ ਜਾਨਸ਼ੀਨਾਂ ਦੀ ਰਹਿਨੁਮਾਈ ਹੇਠ ਇਹ ਵਧਿਆ ਫੁੱਲਿਆ। ਸਿੱਖਾਂ ਦੇ ਦਸਵੇਂ ਗੁਰੂ, ਗੋਬਿੰਦ ਸਿੰਘ ਸਾਹਿਬ ਨੇ, ਇਸ ਨੂੰ ਖ਼ਾਲਸਾ ਪੰਥ ਦਾ ਨਾਂ ਦਿੱਤਾ। ਅਠਾਰਵੀਂ ਸਦੀ ਦੇ ਅਖ਼ੀਰ ਵਿੱਚ ਰਣਜੀਤ ਸਿੰਘ ਦੀ ਅਗਵਾਈ ਹੇਠ ਸਿੱਖਾਂ ਨੇ ਪੰਜਾਬ ਵਿੱਚ ਇੱਕ ਸ਼ਾਨਦਾਰ ਰਾਜ ਕ਼ਾਇਮ ਕੀਤਾ ਜੋ ੧੮੪੯ ਈਸਵੀ ਵਿੱਚ ਅੰਗ੍ਰੇਜ਼ਾਂ ਦੇ ਕਬਜ਼ੇ ਵਿੱਚ ਆ ਗਿਆ। ਇਸ ਤੋਂ ਬਾਅਦ ਸਿੱਖ ਮਾਡਰਨ ਸਮੇਂ ਵਿੱਚ ਦਾਖ਼ਲ ਹੋਏ। ਸਾਮੀ ਮਜ਼ਹਬਾਂ ਦੀ ਤਰ੍ਹਾਂ ਸਿੱਖ ਰੱਬ (ਵਾਹਿਗੁਰੂ) ਦੀ ਇੱਕਤਾ ਵਿੱਚ ਵਿਸ਼ਵਾਸ ਰੱਖਦੇ ਹਨ। ਸਿੱਖ ਸੋਚ ਮੁਤਾਬਿਕ ਇਨਸਾਨ ਨੂੰ ਇਖ਼ਲਾਕੀ ਕ਼ਦਰਾਂ-ਕ਼ੀਮਤਾਂ ਤੇ ਚੱਲਦਿਆਂ ਆਪਣੇ ਪਰਿਵਾਰ, ਕ਼ੌਮ, ਅਤੇ ਸਰਬੱਤ ਦੇ ਭਲੇ ਲਈ ਕੰਮ ਕਰਨਾ ਚਾਹੀਦਾ ਹੈ। ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਹਾਜ਼ਰ-ਨਾਜ਼ਰ ਗੁਰੂ ਮੰਨਦੇ ਹਨ। ਸਿੱਖ ਗੁਰੂ ਸਾਹਿਬਾਨ ਤੇ ਕ਼ੌਮੀ ਇਤਿਹਾਸਿਕ ਯਾਦਾਂ ਨਾਲ਼ ਸੰਬੰਧਿਤ ਥਾਂਵਾਂ ਨੂੰ ਤੀਰਥਾਂ ਦਾ ਦਰਜਾ ਦੇਂਦੇ ਹਨ ਤੇ ਦਰਬਾਰ ਸਾਹਿਬ, ਅੰਮ੍ਰਿਤਸਰ, ਇਨ੍ਹਾਂ ਦਾ ਸਭ ਤੋਂ ਪਾਵਨ ਅਸਥਾਨ ਹੈ। ਗੁਰਪੁਰਬ, ਸਿੱਖ ਤਿਉਹਾਰ, ਗੁਰੂ ਸਾਹਿਬਾਨਾਂ ਦੀ ਜ਼ਿੰਦਗੀ ਤੇ ਹੋਰ ਇਤਿਹਾਸਿਕ ਘਟਨਾਵਾਂ ਦੇ ਨਾਲ਼ ਜੁੜੇ ਹੋਏ ਹਨ। ਇਸ ਸਮੇਂ ਸਿਖਾਂ ਦੀ ਗਿਣਤੀ ਕੋਈ ੨੫ ਮਿਲੀਅਨ ਹੈ, ਜਿਨ੍ਹਾਂ ਵਿੱਚੋਂ ੨੩ ਮਿਲੀਅਨ ਤਾਂ ਪੂਰਬੀ ਪੰਜਾਬ ਵਿੱਚ ਰਹਿੰਦੇ ਹਨ ਤੇ ਬਾਕ਼ੀ ਹਿੰਦੁਸਤਾਨ ਦੇ ਹੋਰ ਸੂਬਿਆਂ ਵਿੱਚ ਤੇ ਆਸਟ੍ਰੇਲੀਆ, ਹਾਂਗਕਾਂਗ, ਸਿੰਗਾਪੁਰ, ਕੀਨੀਆ, ਯੂਰਪ, ਅਮਰੀਕਾ, ਤੇ ਕਨੇਡਾ ਆਦਿ ਬਾਹਰਲੇ ਮੁਲਕਾਂ ਵਿੱਚ ਖਿੱਲਰੇ ਹੋਏ ਹਨ।

ਵਿਚਾਰ-ਵਟਾਂਦਰੇ ਲਈ ਸੁਆਲ:

1. ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਜੋ ਰੂਪ ਦਿੱਤਾ, ਉਸ ਦਾ ਨਾਂ ਕੀ ਹੈ?
2. 'ਸਰਬੱਤ ਦੇ ਭਲੇ' ਦਾ ਕੀ ਮਤਲਬ ਹੈ?
3. ਸਿੱਖਾਂ ਦੇ ਤਿਉਹਾਰ ਕਿਹੜੇ ਹਨ?

Sri Satguru Jagjit Singh Ji eLibrary NamdhariElibrary@gmail.com

Exercise 16.1 Join the following pairs of sentences using relative-correlatives:

1. ਕੋਈ ਆਦਮੀ ਚੰਡੀਗੜ੍ਹ ਵਿੱਚ ਰਹਿੰਦਾ ਹੈ। ਉਸ ਨੇ ਖ਼ਤ ਲਿਖਿਆ।
2. ਮੇਰੀ ਸਹੇਲੀ ਖਾਣਾ ਪਕਾਉਂਦੀ ਹੈ। ਉਸ ਦਾ ਖਾਣਾ ਬਹੁਤ ਸੁਆਦ ਹੈ।
3. ਮੈਂ ਆਪਣੇ ਘਰ ਜਾਂਦਾ ਹਾਂ। ਮੇਰੇ ਬੀਜੀ ਉੱਥੇ ਰਹਿੰਦੇ ਹਨ।
4. ਮੈਂ ਚੰਗੀ ਕਿਤਾਬ ਪੜ੍ਹ ਰਹੀ ਹਾਂ। ਉਹ ਕਿਤਾਬ ਮੇਰੇ ਭਰਾ ਨੇ ਲਿਖੀ ਹੈ।
5. ਉਹ ਪੱਛਮੀ ਕ਼ੀਮਤਾਂ ਵੱਲ ਝੁਕ ਰਹੀ ਹੈ। ਇਹ ਕ਼ੀਮਤਾਂ ਮਿਹਨਤ ਤੇ ਨਿਰਭਰ ਹਨ।

Exercise 16.2 Translate:

1. When I arrive in Delhi, she will not be there.
2. Whenever I go to the gurdwara, I help out in the *langar*.
3. As soon as I came home, my husband made tea.
4. As long as I eat well, I will stay healthy.
5. I gave my friend a book, which I bought in the United States.
6. I like that girl, who lives in New York City.
7. I live in an apartment, which is very small.
8. Where there is a flower, there is also a thorn.
9. By the time I arrived, she had already gone.
10. As soon as I get your letter, I will reply.

Exercise 16.3 Translate the sentences into English and, where applicable, answer them in Punjabi:

1. ਇਹੋ ਜਿਹਾ ਕੰਮ ਕਰੋ, ਜਿਹੜਾ ਸਭ ਨੂੰ ਪਸੰਦ ਆਵੇ।
2. ਤੁਹਾਨੂੰ ਕਿਹੋ-ਜਿਹੇ ਖਾਣੇ ਪਸੰਦ ਹਨ ਤੇ ਕਿਉਂ?
3. ਜਿਹੜੇ ਘਰ ਵਿੱਚ ਉਹ ਰਹਿੰਦੀ ਹੈ, ਉਹ ਕਿਹੜੇ ਮਹੱਲੇ ਵਿੱਚ ਹੈ?
4. ਤੁਸੀਂ ਕਿੱਥੋਂ ਹੋ? ਕਿੰਨੀ ਦੂਰ ਤੋਂ ਆਏ ਹੋ?
5. ਸਾਡੀਆਂ ਸਹੇਲੀਆਂ ਸੈਂਟਾ ਬਾਰਬਰਾ ਦੇ ਨਜ਼ਦੀਕ ਰਹਿੰਦੀਆਂ ਹਨ। ਉਹ ਕਿੱਥੋਂ ਹੋ ਸਕਦੀਆਂ ਹਨ?
6. ਅਸੀਂ ਕਿੱਧਰ ਜਾਣਾ ਹੈ ਤੇ ਕਿਉਂ?
7. ਤੂੰ ਮੇਜ਼ ਤੇ ਕੁਰਸੀਆਂ ਕਿੰਜ ਬਣਾਵੇਂਗਾ?
8. ਉਹ ਉਵੇਂ ਕਿਉਂ ਨਹੀਂ ਲਿਖਦੀ, ਜਿਵੇਂ ਉਸਤਾਦ ਜੀ ਲਿਖਦੇ ਹਨ?
9. ਅਸੀਂ ਉਨ੍ਹਾਂ ਨੂੰ ਜਿੰਨੀ ਦੇਰ ਬਾਅਦ ਮਿਲ਼ੇ ਹਾਂ, ਉੱਨੀ ਦੇਰ ਵਿੱਚ ਤਾਂ ਬੱਚੇ ਜੁਆਨ ਹੋ ਜਾਂਦੇ ਹਨ।
10. ਜਿੱਧਰ ਤੁਸੀਂ ਜਾ ਰਹੇ ਹੋ, ਉੱਧਰ ਕਈ ਪੁਰਾਣੀਆਂ ਇਮਾਰਤਾਂ ਮਿਲ਼ਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਸ਼ਬਦਾਵਲੀ Vocabulary

ਕਿਰਿਆਵਾਂ *Verbs*

ਸੁੱਟਣਾ	to throw (vt)
ਝੁਕਣਾ	to bend (vi)
ਡੋਲ੍ਹਣਾ	to pour, spill (vt)
ਪੁੱਟਣਾ	to pull out (vt)
ਖਿੱਲਰਨਾ	to spread (vi)

ਜ਼ਿੰਦਗੀ *Life*

ਪੈਦਾਇਸ਼	birth (f)
ਜੀਵਨ	life (m)
ਮੌਤ	death (f)
ਸਾਲਗਿਰ੍ਹਾ	anniversary, birthday (f)
ਜਸ਼ਨ	celebration (m)
ਜੁਆਨ, ਜਵਾਨ	young (adj/u); young man (m)
ਜੋਬਨ, ਜੁਆਨੀ, ਜਵਾਨੀ	youth (m, f)
ਬਜ਼ੁਰਗ	elderly (adj/u); elder person (m)
ਬੁੱਢਾ/ਬੁੱਢੀ	old man/woman
ਬੁਢੇਪਾ, ਬੁਢਾਪਾ	old age (m)

ਗੁਆਂਢ *Neighborhood*

ਵਿਹੜਾ	courtyard (m)
ਮਹੱਲਾ, ਗੁਆਂਢ	neighborhood (m)
ਗੁਆਂਢੀ	neighbor (m)

ਕਾਲਜ *College*

ਕਾਲਜ	college (m)
ਯੂਨੀਵਰਸਿਟੀ	university (f)
ਮਜ਼ਮੂਨ, ਵਿਸ਼ਾ	subject (m)
ਹਿਸਾਬ	mathematics (m)
ਜਾਣਕਾਰੀ	knowledge, information (f)
ਪੜ੍ਹਾਈ	education, study (f)
ਤਾਲੀਮ	education, instruction (f)
ਪ੍ਰੋਫ਼ੈਸਰ	professor (m/f)

Sri Satguru Jagjit Singh Ji eLibrary NamdhariElibrary@gmail.com

ਮੇਲੇ — *Country Fairs*

ਮੇਲਾ	country fair (m)
ਫ਼ਸਲ	crop (f)
ਆਤਿਸ਼ਬਾਜ਼ੀ	fireworks (f)
ਪਟਾਕਾ	firecracker; explosion (m)
ਸਜ-ਧਜ ਕੇ/ਨਾਲ	with pomp and show (adv)
ਕੁਸ਼ਤੀ	wrestling (f)
ਘੋਲ	a wrestling match (m)
ਪਹਿਲਵਾਨ, ਭਲਵਾਨ	wrestler (m)
ਕਬੱਡੀ	a Punjabi tackle sport (f)
ਦੌੜ	race (f)
ਬੈਲ-ਗੱਡੀ	bullock-cart (f)

ਵਿਸ਼ੇਸ਼ਣ — *Adjectives*

ਸਿਹਤਮੰਦ	healthy (adj/u)
ਸੁਭਾਵਿਕ	natural, normal (adj/u)
ਨਾਰਾਜ਼	angry (adj/u)
ਭੁੱਖਾ	hungry (adj/i)
ਸ਼ਰੀਫ਼	noble, honorable (adj/u)
ਸ਼ਾਨਦਾਰ	glorious (adj/u)
ਇਖ਼ਲਾਕ਼ੀ	moral, ethical (adj/u)
ਨਿਰਭਰ	dependant (adj/u)
ਸਰਬੱਤ	all (adj/u)
ਹਾਜ਼ਰ-ਨਾਜ਼ਰ	omnipresent (adj/u)
ਪਾਵਨ	sacred, holy (adj/u)

ਹੋਰ ਫ਼ਾਇਦੇਮੰਦ ਸ਼ਬਦ — *Other Useful Words*

ਨੀਂਹ	foundation (f)
ਜਾਨਸ਼ੀਨ	successor (m)
ਅਗਵਾਈ	leadership (f)
ਕਬਜ਼ਾ	possession, seizure (m)
ਸਾਮੀ	Semitic (adj/u)
ਸੰਬੰਧਿਤ	related to (pp)
ਘਟਨਾ	happening, incidence (f)
ਕੰਡਾ	thorn (m)

Sri Satguru Jagjit Singh Ji eLibrary NamdhariElibrary@gmail.com

Lesson 17
ਸਬਕ ੧੭
Comparison

§ 17.1 Comparison

When expressing comparisons, Punjabi makes use of postpositions or relative-correlative phrases. Comparative statements indicate a feature that is greater or lesser in extent than another. These are created in Punjabi in the following ways:

1. Using postpositions of comparison

ਤੋਂ	than
ਨਾਲੋਂ	than
ਦੇ ਟਾਕਰੇ	in contrast with
ਦੇ ਮੁਕਾਬਲੇ	in comparison with
ਦੇ ਬਰਾਬਰ	equal to
ਵਿੱਚੋਂ	among, out of

Adjectives that are used in constructions of this type are frequently modified by markers of degree such as ਜ਼ਿਆਦਾ, ਵੱਧ, ਹੋਰ, and ਘੱਟ.

Examples:

ਪੱਛਮੀ/ਮਗਰਿਬੀ ਪੰਜਾਬ ਪੂਰਬੀ/ਮਸ਼ਰਿਕੀ ਪੰਜਾਬ ਤੋਂ ਵੱਡਾ ਹੈ।	Western Punjab is bigger than Eastern Punjab.
ਇਹ ਕਾਰ ਉਸ ਕਾਰ ਨਾਲੋਂ ਮਹਿੰਗੀ ਹੈ।	This car is more expensive than that one.
ਰਾਮ ਸ਼ਾਮ ਦੇ ਟਾਕਰੇ ਘੱਟ ਹੁਸ਼ਿਆਰ ਹੈ।	Ram is less intelligent than Sham.
ਬਾਕੀ ਕਾਰਾਂ ਦੇ ਮੁਕਾਬਲੇ, ਹਾਂਡਾ ਸਸਤੀ ਹੈ।	Compared to other cars, Honda is cheap.
ਸੈਨ ਫ਼ਰਾਂਸਿਸਕੋ ਦੇ ਮੁਕਾਬਲੇ, ਸੈਂਟਾ ਬਾਰਬਰਾ ਬਹੁਤ ਛੋਟਾ ਸ਼ਹਿਰ ਹੈ।	Compared to San Francisco, Santa Barbara is a very small city.
ਪੰਜਾਬ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਬਰਾਬਰ ਨਹੀਂ।	In Punjab the number of women is not equal to that of men.
ਸਾਰੰਗੀ ਤੇ ਰਬਾਬ ਵਿੱਚੋਂ ਸਾਰੰਗੀ ਜ਼ਿਆਦਾ ਵਰਤੀ ਜਾਂਦੀ ਹੈ।	Between *sarangi* and *rabab*, *sarangi* is more used.

2. The relative-correlative expression ਜਿੰਨਾ . . . ਉੱਨਾ

ਜਿੰਨਾ ਵੱਡਾ ਤੁਹਾਡਾ ਘਰ ਹੈ, ਮੇਰਾ (ਘਰ) ਉੱਨਾ (ਵੱਡਾ) ਨਹੀਂ।	My house is not as big as yours.
ਉਹ ਫੁੱਲ ਇੰਨੇ ਖ਼ੁਸ਼ਬੂਦਾਰ ਨਹੀਂ, ਜਿੰਨੇ ਇਹ ਹਨ।	Those flowers are not as fragrant as these.

3. Farsi-derived adjectival forms of comparison

The suffix for adjectival comparisons, –ਤਰ, appears in words and expressions that are

Sri Satguru Jagjit Singh Ji eLibrary NamdhariElibrary@gmail.com

borrowed from Farsi.

ਬਿਹਤਰ ਗੱਲ ਤਾਂ ਇਹ ਹੈ ਕਿ...	The better thing is that...
ਚੋਰੀ ਕਰਨੀ ਬਦਤਰ ਕੰਮ ਹੈ।	To steal is a worse thing.

Superlative statements indicate that something has a feature to a greater degree than anything it is being compared to. These are expressed in Punjabi using the words ਸਭ or ਸਾਰੇ, which mean 'all' or 'whole,' in conjunction with postpositions like ਤੋਂ and ਨਾਲੋਂ.

ਉਹ ਕਿਤਾਬ ਸਭ ਤੋਂ ਚੰਗੀ ਹੈ।	That book is the best (of all).
ਇਹ ਇਮਾਰਤ ਸਾਰੀਆਂ ਨਾਲੋਂ ਉੱਚੀ ਹੈ।	This building is the tallest (of all).

§ 17.2 Reflexives

Reflexives are pronouns that are used to refer back to a noun/pronoun already appearing within a given clause. In the English phrase 'I see myself,' 'myself' is a reflexive pronoun that refers back to 'I.' In Punjabi, ਆਪ and ਖ਼ੁਦ ('self') serve as the basic reflexive pronouns. As an *emphatic* reflexive pronoun, they take the form of ਆਪਣੇ-ਆਪ or ਖ਼ੁਦ-ਬਖ਼ੁਦ ('all by oneself').

ਇਹ ਕੰਮ ਮੈਂ ਆਪ/ਖ਼ੁਦ ਕੀਤਾ ਹੈ।	I did this work myself.
ਤੁਸੀਂ ਖਾਣਾ ਆਪਣੇ-ਆਪ ਪਕਾਉਂਦੇ ਸੋ?	Did you use to cook all by yourself?
ਇਹ ਮੁਸ਼ਕਿਲ ਤੂੰ ਖ਼ੁਦ-ਬਖ਼ੁਦ ਪੈਦਾ ਕੀਤੀ ਹੈ।	You have created this difficulty all by yourself.

1. As a possessive pronoun, the reflexive has the inflecting form ਆਪਣਾ ('one's own'). Note that the possessor is the same as the subject or the agent of the action.

ਉਹ ਕੁੜੀ ਆਪਣੀ ਸਹੇਲੀ ਨਾਲ ਸਕੂਲ ਜਾ ਰਹੀ ਹੈ।	That girl is going to school with her friend.
ਕਲਾਸ ਵਿੱਚ ਮੈਂ ਉਸਤਾਦ ਜੀ ਨੂੰ ਆਪਣਾ ਕੰਮ ਵਿਖਾਉਂਦਾ ਹਾਂ।	In the class, I show my work to the teacher.

2. The repetition of ਆਪਣਾ indicates respectiveness.

ਅਸੀਂ ਆਪਣਿਆਂ ਆਪਣਿਆਂ ਕਮਰਿਆਂ ਵਿੱਚ ਸੌਂਦੇ ਹਾਂ।	We sleep in our respective rooms.
ਉਹ ਆਪਣੀਆਂ ਆਪਣੀਆਂ ਫ਼ਾਈਲਾਂ ਪੜ੍ਹਦੇ ਹਨ।	They read their respective files.
ਤੁਸੀਂ ਆਪਣਾ ਆਪਣਾ ਕੰਮ ਕਰੋ।	You guys do your respective/own work.

3. ਆਪ is used to include ਆਪੋ/ਆਪਸ ਵਿੱਚ ('among –selves'), and the oblique form ਆਪਣੇ-ਆਪ.

ਬੱਚੇ ਆਪਸ ਵਿੱਚ ਕਿਉਂ ਲੜਦੇ ਹਨ?	Why do children fight among themselves?
ਮੈਂ ਸ਼ੀਸ਼ੇ ਵਿੱਚ ਆਪਣੇ-ਆਪ ਨੂੰ ਵੇਖਦੀ ਹਾਂ।	I see myself in the mirror.

Sri Satguru Jagjit Singh Ji eLibrary NamdhariElibrary@gmail.com

Note that, as seen in the examples above, a reflexive pronoun must be preceded by the subject of its clause. It would be incorrect to say,

ਮੈਂ ਮੇਰਾ ਖਾਣਾ ਖਾਂਦਾ ਹਾਂ।

Instead, one must say,

ਮੈਂ ਆਪਣਾ ਖਾਣਾ ਖਾਂਦਾ ਹਾਂ।	I eat my food.

4. The reflexive possessive ਆਪਣਾ is also used for people or things that one deems as very close to oneself. In this usage it is not a true reflexive and hence, is not required to refer to the subject of the clause.

ਉਹ ਮੁੰਡਾ ਮੇਰਾ ਆਪਣਾ ਹੀ ਹੈ।	That boy is my very own.
ਖੇਤੀ ਆਪਣੀ ਜਿੰਦ-ਜਾਨ ਹੈ।	Agriculture is our life-blood.

§ 17.3 The ablative case and postpositions

The ablative case marks direction and movement from something or someone. The ablative postpositions ਤੋਂ and ਕੋਲੋਂ (ਕੋਲ + ਤੋਂ) are used idiomatically with certain verbs, including ਪੁੱਛਣਾ, ਡਰਨਾ, and ਘਬਰਾਉਣਾ।

Examples:

ਮੈਂ ਉਸ ਆਦਮੀ ਤੋਂ/ਕੋਲੋਂ ਪੁੱਛਿਆ ਕਿ ਮਿਠਿਆਈ ਦੀ ਦੁਕਾਨ ਕਿੱਥੇ ਹੈ?	I asked [from] that man where the sweet shop is.
ਉਹ ਆਉਣ ਤੋਂ ਡਰਦਾ ਹੈ।	He is afraid of coming.
ਅਸੀਂ ਮਿਰਚਾਂ ਵਾਲਾ ਖਾਣਾ ਖਾਣੋਂ[1] ਘਬਰਾਉਂਦੇ ਹਾਂ।	We are afraid of eating spicy food.

[1] Ablative form = ਖਾਣ + ਤੋਂ

Sri Satguru Jagjit Singh Ji eLibrary NamdhariElibrary@gmail.com

Dialogue
ਗੱਲ-ਬਾਤ

Divali
ਦਿਵਾਲੀ

ਸ਼ਰਨ: ਨਵਦੀਪ, ਦਿਵਾਲੀ ਬਾਰੇ ਕੁੱਝ ਦੱਸੋਗੇ?

ਨਵਦੀਪ: ਹਾਂ ਜੀ, ਜ਼ਰੂਰ। ਤੁਸੀਂ ਕਿਸ ਤਰ੍ਹਾਂ ਦੀ ਜਾਣਕਾਰੀ ਪਸੰਦ ਕਰੋਗੇ।

ਸ਼ਰਨ: ਇਹ ਤਿਉਹਾਰ ਕਦੋਂ ਆਉਂਦਾ ਹੈ?

ਨਵਦੀਪ: ਦਿਵਾਲੀ ਗਰਮੀਆਂ ਦੀਆਂ ਫ਼ਸਲਾਂ (ਖ਼ਰੀਫ਼) ਦੇ ਪੱਕਣ ਸਮੇਂ ਆਉਂਦੀ ਹੈ ਤੇ ਘਰ ਆਏ ਦਾਣੇ ਵੇਖ ਕੇ ਲੋਕ ਖ਼ੁਸ਼ੀ ਮਨਾਉਂਦੇ ਹਨ।

ਸ਼ਰਨ: ਇਸ ਤਿਉਹਾਰ ਦੀ ਕੋਈ ਮਜ਼ਬੂਤੀ ਅਹਿਮੀਅਤ ਵੀ ਹੈ?

ਨਵਦੀਪ: ਦਿਵਾਲੀ ਹਿੰਦੂਆਂ ਦੀਆਂ ਕਈ ਧਰਮ-ਕਥਾਵਾਂ ਨਾਲ਼ ਸੰਬੰਧਿਤ ਹੈ। ਪੰਜਾਬੀ ਲੋਕ ਜ਼ਿਆਦਾ ਕਰ ਕੇ ਰਾਮਾਇਣ ਦੀ ਕਥਾ ਜਾਣਦੇ ਹਨ। ਇਸ ਕਥਾ ਮੁਤਾਬਿਕ ਰਾਮ ਜੀ ਸੀਤਾ ਤੇ ਲਛਮਣ ਨਾਲ਼ ੧੪ ਸਾਲ ਦਾ ਬਣਬਾਸ ਪੂਰਾ ਕਰ ਕੇ ਇਸ ਦਿਨ ਅਯੁੱਧਿਆ ਵਾਪਸ ਆਏ ਸਨ। ਉਨ੍ਹਾਂ ਦੀ ਵਾਪਸੀ ਦੀ ਖ਼ੁਸ਼ੀ ਵਿੱਚ ਲੋਕਾਂ ਨੇ ਆਪਣਿਆਂ ਘਰਾਂ ਵਿੱਚ ਦੀਵੇ ਬਾਲ਼ੇ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਤਰ੍ਹਾਂ ਇਸ ਤਿਉਹਾਰ ਦੀ ਸ਼ੁਰੂਆਤ ਹੋਈ।

ਸ਼ਰਨ: ਹੋਰ ਕਥਾਵਾਂ ਕੀ ਕਹਿੰਦੀਆਂ ਹਨ।

ਨਵਦੀਪ: ਦਿਵਾਲੀ ਦਾ ਸੰਬੰਧ ਦੁਰਗਾ ਪੂਜਾ ਨਾਲ਼ ਵੀ ਜੁੜਦਾ ਹੈ ਤੇ ਇਸ ਦਿਨ ਹਿੰਦੂ ਲੋਕ ਲਕਸ਼ਮੀ ਦੇਵੀ ਦੀ ਪੂਜਾ ਵੀ ਕਰਦੇ ਹਨ। ਦਿਵਾਲੀ ਵਾਲ਼ੇ ਦਿਨ ਸਾਲ ਦੇ ਵਪਾਰਿਕ ਹਿਸਾਬ-ਕਿਤਾਬ ਲਈ ਨਵੀਂਆਂ ਵਹੀਆਂ ਲਾਈਆਂ ਜਾਂਦੀਆਂ ਹਨ।

ਸ਼ਰਨ: ਇਸ ਦਿਨ ਹੋਰ ਕੀ ਕੀਤਾ ਜਾਂਦਾ ਹੈ?

ਨਵਦੀਪ: ਲੋਕ ਦਿਵਾਲੀ ਘਰਾਂ ਵਿੱਚ ਮਨਾਉਂਦੇ ਹਨ, ਸ਼ਾਮ ਨੂੰ ਖਾਣ-ਪੀਣ ਦੇ ਜਸ਼ਨ ਹੁੰਦੇ ਹਨ, ਹਨੇਰਾ ਪੈਣ ਤੇ ਬੱਚੇ ਬਨੇਰਿਆਂ ਤੇ ਦੀਵੇ ਤੇ ਮੋਮਬੱਤੀਆਂ ਬਾਲ਼ਦੇ ਹਨ, ਤੇ ਪਟਾਕੇ ਤੇ ਆਤਿਸ਼ਬਾਜ਼ੀ ਚਲਾਉਂਦੇ ਹਨ।

ਸ਼ਰਨ: ਆਹ ਹਾ, ਇਸ ਤਰ੍ਹਾਂ ਇਹ ਦੀਵਿਆਂ ਦਾ ਤਿਉਹਾਰ ਬਣਦਾ ਹੈ।

Sri Satguru Jagjit Singh Ji eLibrary NamdhariElibrary@gmail.com

Reading: Christians
ਪਾਠ: ਇਸਾਈ

ਬੇਰਿੰਗ ਕਾਲਜ, ਬਟਾਲਾ

ਪੰਜਾਬ ਵਿੱਚ ਇਸਾਈ ਮਜ਼ਹਬ ਦੀ ਸ਼ੁਰੂਆਤ ੧੮੩੪ ਈਸਵੀ ਵਿੱਚ ਪ੍ਰੈਸਬੇਟੀਰੀਅਨ ਮਿਸ਼ਨ ਦੇ ਲੁਧਿਆਣੇ ਵਿੱਚ ਡੇਰਾ ਸਥਾਪਿਤ ਕਰਨ ਨਾਲ ਹੋਈ। ੧੮੪੯ ਈਸਵੀ ਵਿੱਚ ਈਸਟ ਇੰਡੀਆਂ ਕੰਪਨੀ ਦੀ ਖ਼ਾਲਸਾ ਰਾਜ ਤੇ ਜਿੱਤ ਤੋਂ ਬਾਅਦ ਇਸਾਈ ਮਿਸ਼ਨਰੀਆਂ ਦਾ ਪੰਜਾਬ ਵਿੱਚ ਆਉਣਾ-ਜਾਣਾ ਹੋਰ ਅਸਾਨ ਹੋ ਗਿਆ। ਇਨ੍ਹਾਂ ਲੋਕਾਂ ਨੂੰ ਕਾਫ਼ੀ ਉਮੀਦ ਸੀ ਕਿ ਪੰਜਾਬੀ, ਖ਼ਾਸ ਕਰ ਕੇ ਸਿੱਖ, ਇਸਾਈ ਮਜ਼ਹਬ ਨੂੰ ਖ਼ੁਸ਼ੀ ਖ਼ੁਸ਼ੀ ਕ਼ਬੂਲ ਕਰਨਗੇ, ਪਰ ਇਸ ਤਰ੍ਹਾਂ ਨਾ ਹੋਇਆ। ਬਹੁਤ ਥੋੜ੍ਹੇ ਪੰਜਾਬੀਆਂ ਨੇ ਇਸਾਈ ਵਿਸ਼ਵਾਸਾਂ ਵਿੱਚ ਦਿਲਚਸਪੀ ਲਈ ਤੇ ਜਿਹੜੇ ਲੋਕ ਆਏ ਉਹ ਆਮ ਤੌਰ ਤੇ ਪਛੜੀਆਂ ਜਾਤੀਆਂ ਤੋਂ ਸਨ। ਪਹਿਲੇ ਮਿਸ਼ਨਰੀਆਂ ਨੇ ਪੰਜਾਬੀਆਂ ਤੱਕ ਪਹੁੰਚਣ ਲਈ ਪੜ੍ਹਾਈ ਤੇ ਸਿਹਤ ਨਾਲ਼ ਸੰਬੰਧਿਤ ਅਦਾਰਿਆਂ ਤੇ ਬਹੁਤ ਜ਼ੋਰ ਦਿੱਤਾ। ਲਹੌਰ ਦੇ ਫ਼ੋਰਮੈਨ ਕ੍ਰਿਸਚਨ ਕਾਲਜ, ਬਟਾਲੇ ਦੇ ਬੇਰਿੰਗ ਯੂਨੀਅਨ ਕ੍ਰਿਸਚਨ ਕਾਲਜ, ਫ਼ੀਰੋਜ਼ਪੁਰ ਦੇ ਨਰਸਿੰਗ ਸਕੂਲ, ਤੇ ਲੁਧਿਆਣੇ ਦੇ ਮੈਡੀਕਲ ਸਕੂਲ, ਨੇ ਪੰਜਾਬੀਆਂ ਦੀ ਤਾਲੀਮ ਤੇ ਸਿਹਤ ਦੀ ਪੱਧਰ ਚੁੱਕਣ ਵਿੱਚ ਵੱਡਾ ਹਿੱਸਾ ਪਾਇਆ। ਵੀਹਵੀਂ ਸਦੀ ਵਿੱਚ, ਸਾਧੂ ਸੁੰਦਰ ਸਿੰਘ, ਇੱਕ ਮਜ਼ਹਬੀ ਰਹਿਨੁਮਾ, ਤੇ ਡਾਕਟਰ ਰਾਮ ਸਿੰਘ, ਬੇਰਿੰਗ ਕਾਲਜ ਦੇ ਪ੍ਰਿੰਸੀਪਲ (੧੯੫੮-੧੯੭੫), ਦੀ ਪੰਜਾਬੀ ਜ਼ਿੰਦਗੀ ਨੂੰ ਖ਼ਾਸ ਦੇਣ ਹੈ। ਇਸ ਵੇਲ਼ੇ ਪੰਜਾਬੀ ਇਸਾਈਆਂ ਦੀ ਗਿਣਤੀ ਇੱਕ ਮਿਲੀਅਨ ਦੇ ਨਜ਼ਦੀਕ ਹੈ ਤੇ ਇਹ ਅਲੱਗ ਅਲੱਗ ਚਰਚਾਂ ਵਿੱਚ ਵੰਡੇ ਹੋਏ ਹਨ। ਪੰਜਾਬ ਦੀ ਪਾਰਟੀਸ਼ਨ ਤੇ ਮਿਸ਼ਨਰੀਆਂ ਦੇ ਵਾਪਸ ਜਾਣ ਤੋਂ ਬਾਅਦ ਇਸਾਈ ਭਾਈਚਾਰਾ ਇੱਕ ਨਵੀਂ ਲੀਡਰਸ਼ਿਪ ਦੀ ਭਾਲ ਵਿੱਚ ਹੈ ਜੋ ਅਜੇ ਤੱਕ ਪੈਦਾ ਹੁੰਦੀ ਨਜ਼ਰ ਨਹੀਂ ਆ ਰਹੀ।

ਵਿਚਾਰ-ਵਟਾਂਦਰੇ ਲਈ ਸੁਆਲ:

1. ਪੰਜਾਬ ਵਿੱਚ ਇਸਾਈ ਮਤ ਦਾ ਆਗ਼ਾਜ਼ ਕਿਸ ਨੇ ਤੇ ਕਿਵੇਂ ਕੀਤਾ?
2. ਪੰਜਾਬ ਵਿੱਚ ਤਾਲੀਮ ਦੇ ਖੇਤਰ ਵਿੱਚ ਇਸਾਈ ਅਦਾਰਿਆਂ ਦੀ ਕੀ ਦੇਣ ਹੈ?
3. ਦੋ ਖ਼ਾਸ ਪੰਜਾਬੀ ਇਸਾਈ ਹਸਤੀਆਂ ਦੇ ਨਾਂ ਦੱਸੋ?

Sri Satguru Jagjit Singh Ji eLibrary NamdhariElibrary@gmail.com

Exercise 17.1 Review of the postposition ਨੂੰ. Translate:

1. ਉਹ ਮੈਨੂੰ ਚਾਹ ਦੇਵੇਗਾ।
2. ਮੈਂ ਤੈਨੂੰ ਲੱਭ ਰਿਹਾ ਸਾਂ।
3. ਫ਼ਰੀਦ ਉਸ ਨੂੰ ਵੇਖ ਰਿਹਾ ਸੀ।
4. ਤੁਸੀਂ ਸਾਨੂੰ ਆਪਣਾ ਪੈੱਨ ਦਿਓ।
5. ਇਨ੍ਹਾਂ ਨੂੰ ਜ਼ੁਕਾਮ ਹੈ।
6. ਉਨ੍ਹਾਂ ਨੂੰ ਕੰਮ ਹੈ।
7. ਤੁਹਾਨੂੰ ਛੁੱਟੀ ਹੈ?
8. ਇਸ ਬੱਚੇ ਨੂੰ ਬੁਖ਼ਾਰ ਹੈ।
9. ਭਾਅ ਜੀ ਨੂੰ ਲਤੀਫ਼ੇ ਪਸੰਦ ਹਨ।
10. ਤੁਹਾਨੂੰ ਸਕੂਟਰ ਚਲਾਉਣਾ ਆਉਂਦਾ ਹੈ?

Exercise 17.2 Translate:

1. That store has more books than this one.
2. My brother is taller than me.
3. Karachi is Pakistan's biggest city.
4. The weather in Delhi is hotter than in Chandigarh.
5. Their car is the fastest.
6. When it comes to restaurants, there is no comparison to Sindhi Sweets.
7. Although I eat less than her, nonetheless I am heavier.
8. Gurdas Mann's songs are good, but Alam Lohar's songs are better.
9. Sunday is my favorite day of the week.
10. Out of Punjabi, Japanese, and Arabic, Punjabi is fairly easy to learn.

Exercise 17.3 Translate:

1. Do your own work!
2. He was in his own room.
3. He lives in his brother's room.
4. I was reading my own book.
5. We were talking amongst ourselves.
6. Please tell me your address.
7. You are my own.
8. She was telling us about her country.
9. What does he think of himself?
10. This is not his car, it is my car.

Sri Satguru Jagjit Singh Ji eLibrary NamdhariElibrary@gmail.com

ਸ਼ਬਦਾਵਲੀ — Vocabulary

ਕਿਰਿਆਵਾਂ — *Verbs*

ਸਿਵਾਉਣਾ	to have stitched (vt)
ਘਬਰਾਉਣਾ	to be uneasy, be confused (vi)
ਵਰਤਣਾ	to use (vt)

ਤੁਲਨਾ — *Comparison*

ਟਾਕਰਾ	contrast (m)
ਬਰਾਬਰ	equal, matching (adj/u)
ਬਿਹਤਰ	better (adj/u)
(ਤੋਂ) ਵੱਧ	more, additional (adj/u, pp)

ਸਰੀਰ ਦੇ ਅੰਗ — *Body Parts*

ਸਰੀਰ, ਜਿਸਮ	body (m)
ਕਮਰ	waist (f)
ਬਾਂਹ, ਬਾਜ਼ੂ	arm (f, m)
ਲੱਤ	leg (f)
ਮੋਢਾ	shoulder (m)

ਹੋਰ ਫ਼ਾਇਦੇਮੰਦ ਸ਼ਬਦ — *Other Useful Words*

ਕਾਕਾ	term of address for young man, boy
ਬੀਬਾ	term of address for young woman
ਫਿਰ ਵੀ	nonetheless, still (adv)
ਲਤੀਫ਼ਾ	joke (m)
ਪਛੜਿਆ	backward (adj/i)
ਅਦਾਰਾ	organization (m)
ਰਾਮਾਇਣ	epic tale of the Hindu deity Rama (f)
ਬਣਬਾਸ	exile (m)
ਬਨੇਰਾ	roof boundary (m)
ਉਮੀਦ	hope (f)

Sri Satguru Jagjit Singh Ji eLibrary NamdhariElibrary@gmail.com

Lesson 18
ਸਬਕ ੧੮
Vocative and Locative Cases

§ 18.1 The vocative case

The vocative case may be used when addressing or calling someone or something. It is formed as in the following examples, depending on the number and gender of the noun.

	Masculine I	Masculine II	Feminine I	Feminine II
Singular Direct	ਮੁੰਡਾ	ਦੋਸਤ	ਕੁੜੀ	ਭੈਣ
changes	- ਆ + ਇਆ	+ ਆ	+ ਏ	+ ਏ
Singular Vocative	ਮੁੰਡਿਆ	ਦੋਸਤਾ	ਕੁੜੀਏ	ਭੈਣੇ
Plural Direct	ਮੁੰਡੇ	ਦੋਸਤ	ਕੁੜੀਆਂ	ਭੈਣਾਂ
changes	- ਏ + ਇਓ	+ ਓ	- ਆਂ + ਓ	- ਆਂ + ਓ
Plural Vocative	ਮੁੰਡਿਓ	ਦੋਸਤੋ	ਕੁੜੀਓ	ਭੈਣੋ

A few interjections are associated with the masculine and feminine vocative forms, respectively. These are roughly equivalent to 'hey' or 'O!'

Masculine: ਓਏ (ਵੇ in poetic or literary contexts)
Feminine: ਨੀ/ਨੀਂ

ਓਏ ਮੁੰਡਿਆ!	O boy!
ਓਏ ਮੁੰਡਿਓ	O boys!
ਨੀਂ ਕੁੜੀਏ	O girl!
ਨੀਂ ਕੁੜੀਓ	Hey girls!

Inflecting adjectives (and other inflecting modifiers such as the possessive postposition ਦਾ and possessive pronouns), when preceding nouns in the vocative case, form the vocative case themselves:

ਸੁਹਣੀਏ ਕੁੜੀਏ	beautiful girl!
ਚੰਗਿਆ ਮੁੰਡਿਆ	good boy!
ਲੋਕੋ ਮੇਰੇ ਦੇਸ ਦਿਓ	people of my country!

Sri Satguru Jagjit Singh Ji eLibrary NamdhariElibrary@gmail.com

§ 18.2 The locative case

The locative case expresses a sense of place and/or time. Strictly speaking, the suffixes –ਏ and –ਈਂ apply to singular and plural noun phrases, respectively. In contemporary Punjabi one finds these forms used in conjunction with a limited number of words. Common examples are as follows:

ਪਿੰਡੀਂ	in the villages
ਖੇਤੀਂ	in the fields
ਆਪਣੇ ਹੱਥੀਂ	with one's own hands
ਗੱਲੀਂ	in/through talks
ਥਾਈਂ	in places
ਸ਼ਾਮੀਂ	in the evening
ਰਾਤੀਂ	at night
ਇਨ੍ਹੀਂ/ਉਨ੍ਹੀਂ ਦਿਨੀਂ	in these/those days
ਸਵੇਰੇ	in the morning
ਦਿਨੇ	during the day (while the sun is out)
ਘਰੇ	at home
ਘਰੀਂ	in homes

Examples:

ਪਿੰਡੀਂ ਥਾਈਂ ਮਿੱਟੀ ਘੱਟਾ ਬਹੁਤ ਘੱਟ ਹੈ।	There is very little dirt around/in the villages.
ਉਨ੍ਹੀਂ ਦਿਨੀਂ, ਅਸੀਂ ਹਰ ਰੋਜ਼ ਦਸ ਮੀਲ ਤੁਰਦੇ ਸਾਂ।	In those days we walked ten miles everyday.
ਉਹ ਘਰੇ ਕੀਰਤਨ ਕਰਦੇ ਹਨ।	They sing hymns at home.
ਉਸ ਦੀ ਮਾਂ ਨੇ ਕਿਹਾ, 'ਦਿਨੇ ਮੁੜ ਆਈਂ'।	His mother said, "Return during the day."
ਉਸ ਨੇ ਆਪਣੇ ਹੱਥੀਂ ਖ਼ਤ ਲਿਖਿਆ।	She wrote the letter with her own hands.

§ 18.3 Repeated action

Repeated or continuously-performed action is expressed in the following ways:

1. Basic form, used to express frequent or habitual action:

Imperfect participle of main verb + ਰਹਿਣਾ (conjugated appropriately)

ਚੰਗੇ ਵਿਦਿਆਰਥੀ ਹਰ ਵੇਲੇ ਪੜ੍ਹਦੇ ਰਹਿੰਦੇ ਹਨ।	Good students keep reading all the time.
ਹਰ ਵੇਲੇ ਖਾਂਦੇ ਰਹਿਣਾ ਸਿਹਤ ਲਈ ਚੰਗਾ ਨਹੀਂ।	Eating all the time is not good for health.
ਮੇਰੀ ਭਤੀਜੀ ਮੈਨੂੰ ਫ਼ੋਨ ਕਰਦੀ ਰਹਿੰਦੀ ਹੈ।	My niece keeps calling me.

Sri Satguru Jagjit Singh Ji eLibrary NamdhariElibrary@gmail.com

2. Progressive form, used to express cumulative action:

Imperfect participle of main verb + ਜਾਣਾ (conjugated appropriately)

ਤੁਹਾਨੂੰ ਉਡੀਕਦਿਆਂ ਘੰਟੇ ਬੀਤਦੇ ਜਾਂਦੇ ਹਨ।	While waiting for you, hours pass by.
ਜਦੋਂ ਤੱਕ ਤੁਸੀਂ 'ਬੱਸ' ਨਾ ਕਹੋ, ਓਦੋਂ ਤੱਕ ਬੀਜੀ ਤੁਹਾਡੀ ਕੌਲੀ ਭਰਦੇ ਜਾਣਗੇ।	Until you say 'enough' Mom will keep on filling your bowl.
ਮੇਰੇ ਘਰ ਨਾ ਹੋਣ ਕਰ ਕੇ, ਹਰ ਚੀਜ਼ ਤੇ ਘੱਟਾ ਜਮ੍ਹਾਂ ਹੁੰਦਾ ਗਿਆ।	Due to my not being home, dust kept gathering on everything.

3. Continuous form, used to express continuous action:

Main verb root + ਈ + ਜਾਣਾ (conjugated appropriately)

ਕਿੰਨਾ ਵੀ ਰੌਲਾ ਹੋਵੇ, ਮੇਰੀਆਂ ਸਹੇਲੀਆਂ ਆਪਣਾ ਕੰਮ ਕਰੀ ਜਾਂਦੀਆਂ ਸਨ।	However much commotion there may have been, my (female) friends kept on working.
ਪੇਟ ਖ਼ਰਾਬ ਵੀ ਹੋਵੇ, ਉਹ ਖਾਣਾ ਖਾਈ ਜਾਂਦੀ ਹੈ।	Although her stomach may feel bad, still she keeps on eating.
ਮੈਂ ਚਿੱਠੀਆਂ ਲਿਖੀ ਜਾਵਾਂਗਾ, ਜੁਆਬ ਆਏ ਜਾਂ ਨਾ।	Whether I get an answer or not, I will keep on writing letters.

§ 18.4 Habits

In addition to expressing repeated action, it is possible to express inclination and repetition of certain tendencies and actions. Positive, neutral, or negative habits and interests can be expressed as follows:

1. Positive or neutral habits:

ਸ਼ੌਕ is often used to express interest. Examples:

ਉਸ ਨੂੰ ਪੜ੍ਹਨ ਦਾ ਸ਼ੌਕ ਹੈ।	S/he likes to read/study.
ਮੇਰੇ ਭਤੀਜੇ ਨੂੰ ਪਿਆਨੋ ਵਜਾਉਣ ਦਾ ਸ਼ੌਕ ਹੈ।	My nephew likes to play piano.
ਸਾਨੂੰ ਜ਼ੁਬਾਨਾਂ ਸਿੱਖਣ ਦਾ ਸ਼ੌਕ ਹੈ।	We like to learn languages.

2. Negative habits:

Negative habits are most commonly expressed using the word ਆਦਤ (habit). Examples:

ਉਸ ਨੂੰ ਜੂਆ ਖੇਡਣ ਦੀ ਆਦਤ ਹੈ।	S/he is in the habit of gambling.
ਇਸ ਨੂੰ ਗਾਲ਼ਾਂ ਕੱਢਣ ਦੀ ਆਦਤ ਹੈ।	S/he is in the habit of cursing
ਉਸ ਨੂੰ ਸ਼ਰਾਬ ਦੀ ਆਦਤ ਪੈ ਗਈ ਹੈ।	S/he has acquired the habit of drinking.

Sri Satguru Jagjit Singh Ji eLibrary NamdhariElibrary@gmail.com

§ 18.5 ਕਦੇ

Depending on how it is used, ਕਦੇ can mean 'at one time' or 'ever' in an affirmative context and 'never' in a negative context. When it appears twice as ਕਦੇ-ਕਦੇ it means 'sometimes' and indicates infrequent action.

ਉਹ ਕਦੇ ਕਹਾਣੀਆਂ ਲਿਖਦੀ ਸੀ।	She used to write stories at one time.
ਤੁਸੀਂ ਕਦੇ ਕਹਾਣੀਆਂ ਲਿਖਦੇ ਸੋ?	Did you ever use to write stories?
ਉਹ ਕਹਾਣੀਆਂ ਕਦੇ ਨਹੀਂ ਸੀ ਲਿਖਦੀ।	She never used to write stories.
ਉਹ ਕਦੇ-ਕਦੇ ਕਹਾਣੀਆਂ ਲਿਖਦੀ ਹੈ।	She writes stories sometimes.

Dialogue **Lohri**
ਗੱਲ-ਬਾਤ ਲੋਹੜੀ

ਨੇਹਾ: ਪ੍ਰਭ, ਲੋਹੜੀ ਦੀ ਕੀ ਅਹਿਮੀਅਤ ਹੈ?

ਪ੍ਰਭ: ਲੋਹੜੀ ਦਾ ਤਿਉਹਾਰ ਸਰਦੀ ਦੀ ਰੁੱਤ ਦੇ ਅਖ਼ੀਰ ਤੇ ਆਉਂਦਾ ਹੈ। ਇਸ ਦਾ ਮਨਾਉਣਾ ਦੁਪਹਿਰ ਬਾਅਦ ਸ਼ੁਰੂ ਹੁੰਦਾ ਹੈ ਤੇ ਬੱਚੇ ਘਰ-ਘਰ ਜਾ ਕੇ ਦਰਵਾਜ਼ੇ ਖੜਕਾਉਂਦੇ ਹਨ ਤੇ ਲੋਹੜੀ ਮੰਗਦੇ ਹਨ।

ਨੇਹਾ: ਲੋਹੜੀ ਕਿਸ ਤਰ੍ਹਾਂ ਮੰਗਦੇ ਹਨ?

ਪ੍ਰਭ: ਲੋਹੜੀ ਦਾ ਇੱਕ ਆਮ ਗੀਤ ਇਸ ਤਰ੍ਹਾਂ ਹੈ:

ਆਖੋ ਮੁੰਡਿਓ ਵੰਞਲੀ
ਵੰਞਲੀ ਵਾਜ਼ਾਂ ਲੰਮੀਆਂ, ਘਰ ਆਏ ਤੇ ਕਣਕਾਂ ਜੰਮੀਆਂ,
ਕਣਕਾਂ ਵਿੱਚ ਬਟੇਰੇ, ਦੋ ਸਾਧੂ ਦੇ ਦੋ ਮੇਰੇ,
ਸਾਧੂ ਗਿਆ ਘਾਹ ਨੂੰ, ਬਾਬੇ ਵਾਲ਼ੇ ਰਾਹ ਨੂੰ,
ਜਿੱਥੇ ਬਾਬਾ ਮਾਰਿਆ, ਦਿੱਲੀ ਕੋਟ ਸਵਾਰਿਆ
ਦਿੱਲੀ ਕੋਟ ਨੂੰ ਦੋ ਮੋਰੀਆਂ, ਜੀਉਣ ਸਾਹਿਬ ਦੀਆਂ ਘੋੜੀਆਂ
ਘੋੜੀਆਂ ਗਲ਼ ਤੜੱਗੇ, ਜੀਉਣ ਸਾਹਿਬ ਦੇ ਢੱਗੇ
ਢੱਗਿਆਂ ਗਲ਼ ਪੰਜਾਲ਼ੀਆਂ, ਜੀਉਣ ਸਾਹਿਬ ਦੀਆਂ ਸਾਲ਼ੀਆਂ...

ਨੇਹਾ: ਇਹ ਦਿਲਚਸਪ ਗੀਤ ਹੈ।

ਪ੍ਰਭ: ਇਸ ਗੀਤ ਦੇ ਇਵਜ਼ਾਨੇ ਵਜੋਂ ਬੱਚਿਆਂ ਨੂੰ ਮੂੰਗਫਲੀ, ਰਿਓੜੀਆਂ, ਚਿਰਵੜੇ, ਤੇ ਗੱਚਕ ਦਿੱਤੀ ਜਾਂਦੀ ਹੈ।

ਨੇਹਾ: ਇਸ ਤੋਂ ਬਾਅਦ ਕੀ ਹੁੰਦਾ ਹੈ?

ਪ੍ਰਭ: ਸ਼ਾਮ ਨੂੰ ਲੋਕ ਆਪਣਿਆਂ ਵਿਹੜਿਆਂ ਵਿੱਚ ਅੱਗ ਬਾਲ਼ਦੇ ਹਨ। ਫਿਰ ਇਸ ਦੇ ਦੁਆਲ਼ੇ ਬੈਠ ਕੇ ਮੂੰਗਫਲੀ, ਰਿਓੜੀਆਂ, ਚਿਰਵੜੇ, ਤੇ ਗੱਚਕ ਖਾਂਦੇ ਹਨ ਤੇ ਸਰਦੀ ਦੀ ਰੁੱਤ ਨੂੰ ਵਿਦਾਈ ਦੇਂਦੇ ਹਨ।

ਨੇਹਾ: ਇਸ ਤਿਉਹਾਰ ਦੀ ਕੋਈ ਹੋਰ ਵੀ ਖ਼ਾਸੀਅਤ ਹੈ?

ਪ੍ਰਭ: ਹਾਂ, ਪੰਜਾਬੀ ਪਰਿਵਾਰਾਂ ਵਿੱਚ ਲੜਕੇ ਦੇ ਜਨਮ ਤੋਂ ਬਾਅਦ ਦੀ ਆਈ ਪਹਿਲੀ ਲੋਹੜੀ ਬਹੁਤ ਧੂਮ-ਧਾਮ ਨਾਲ਼ ਮਨਾਈ ਜਾਂਦੀ ਹੈ।

Sri Satguru Jagjit Singh Ji eLibrary NamdhariElibrary@gmail.com

Reading: The Dawn Of The Twenty-First Century and Punjabi Life
ਪਾਠ: ਇੱਕੀਵੀਂ ਸਦੀ ਦੀ ਸੁਬ੍ਹਾ ਤੇ ਪੰਜਾਬੀ ਜ਼ਿੰਦਗੀ

ਪੰਜਾਬ ਦੀਆਂ ਰਸਮਾਂ ਤੇ ਰਿਵਾਇਤਾਂ, ਮੇਲੇ ਤੇ ਤਿਉਹਾਰ, ਮੁਹੱਬਤ ਦੇ ਕ਼ਿੱਸੇ ਅਤੇ ਯੋਧਿਆਂ ਦੀਆਂ ਵਾਰਾਂ, ਵਿਸਾਖੀ ਦੇ ਢੋਲ ਅਤੇ ਪਹਿਲਵਾਨਾਂ ਦੇ ਘੋਲ, ਸਾਵਿਆਂ ਤੇ ਮੁਟਿਆਰਾਂ ਦੀਆਂ ਪੀਂਘਾਂ ਤੇ ਕਿੱਕਲੀਆਂ, ਸ਼ਾਮ ਨੂੰ ਬੱਚਿਆਂ ਨੂੰ ਸੁਣਾਈਆਂ ਜਾਂਦੀਆਂ ਸ਼ਹਿਜ਼ਾਦਿਆਂ ਤੇ ਸ਼ਹਿਜ਼ਾਦੀਆਂ ਦੀਆਂ ਬਾਤਾਂ ਸਦੀਆਂ ਤੋਂ ਪੰਜਾਬੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣੀਆਂ ਰਹੀਆਂ ਹਨ। ਵੀਹਵੀਂ ਸਦੀ ਦੇ ਪਿਛਲੇ ਤਿੰਨ ਜਾਂ ਚਾਰ ਦਹਾਕਿਆਂ ਦੌਰਾਨ ਇਸ ਇਲਾਕ਼ੇ ਵਿੱਚ ਕੁੱਝ ਐਸੀਆਂ ਬੁਨਿਆਦੀ ਤਬਦੀਲੀਆਂ ਆਈਆਂ ਹਨ ਜਿਨ੍ਹਾਂ ਨੇ ਪੰਜਾਬੀ ਜ਼ਿੰਦਗੀ ਦੀ ਰਿਵਾਇਤੀ ਰਫ਼ਤਾਰ ਤੇ ਬਹੁਤ ਅਸਰ ਪਾਇਆ ਹੈ। ਸਭ ਤੋਂ ਪਹਿਲਾਂ ਬਿਜਲੀ ਦੇ ਆਉਣ ਨਾਲ਼ ਗਰਮੀ ਦੇ ਦਿਨਾਂ ਵਿੱਚ ਬਾਹਰ ਬੈਠਣ ਤੇ ਸੌਣ ਦੀ ਬਜਾਏ ਲੋਕ ਅੰਦਰ ਪੱਖੇ ਜਾਂ ਏ. ਸੀ. ਦੇ ਅੱਗੇ ਬੈਠਣਾ ਤੇ ਸੌਣਾ ਪਸੰਦ ਕਰਨ ਲੱਗ ਪਏ ਹਨ। ਟੈਲੀਵਿਯਨ ਨੇ ਇਸ ਅੰਦਰ-ਬੈਠਣ ਦੇ ਝੁਕਾਅ ਵਿੱਚ ਹੋਰ ਵਾਧਾ ਕੀਤਾ ਹੈ ਤੇ ਮਨੋਰੰਜਨ ਦੇ ਪੁਰਾਣੇ ਸਾਧਨਾਂ ਵਿੱਚ ਇੱਕ ਖ਼ਲਲ ਜਿਹਾ ਪੈਦਾ ਕਰ ਦਿੱਤਾ ਹੈ। ਦੂਸਰਾ, ਇਨ੍ਹਾਂ ਸਾਲਾਂ ਦੌਰਾਨ ਆਵਾਜਾਈ ਦੇ ਸਾਧਨਾਂ ਵਿੱਚ ਵੀ ਬਹੁਤ ਫੈਲਾਅ ਹੋਇਆ ਹੈ। ਤਕ਼ਰੀਬਨ ਹਰ ਪਿੰਡ ਵਿੱਚ ਪੱਕੀਆਂ ਸੜਕਾਂ ਦੇ ਪਹੁੰਚਣ ਨਾਲ਼ ਲੋਕਾਂ ਦਾ ਨਾਲ਼ ਲੱਗਦੇ ਸ਼ਹਿਰਾਂ ਵਿੱਚ ਆਉਣਾ ਜਾਣਾ ਆਮ ਹੋ ਗਿਆ ਹੈ। ਪਹਿਲੀ ਵਾਰ ਪੇਂਡੂਆਂ ਦੀ ਸ਼ਹਿਰੀ ਨਿਆਮਤਾਂ ਬਾਰੇ ਦਿਲਚਸਪੀ ਨੇ ਇੱਕ ਨਵਾਂ ਹੀ ਰੰਗ ਪਕੜਿਆ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਅੱਜ ਦੇ ਸਮੇਂ ਵਿੱਚ ਕੋਈ ਕਹਿੰਦਾ-ਕਹਾਉਂਦਾ ਪਰਿਵਾਰ ਪਿੰਡ ਵਿੱਚ ਰਹਿਣ ਲਈ ਤਿਆਰ ਹੀ ਨਹੀਂ। ੧੯੮੦ ਦੇ ਦਹਾਕੇ ਵਿੱਚ ਆਈਆਂ ਪੂਰਬੀ ਪੰਜਾਬ ਦੀਆਂ ਰਾਜਸੀ ਮੁਸ਼ਕਿਲਾਂ ਨੇ ਪਿੰਡਾਂ ਵਿੱਚ ਰਹਿੰਦੇ ਕਾਫ਼ੀ ਲੋਕਾਂ ਨੂੰ ਸ਼ਹਿਰਾਂ ਵਿੱਚ ਚਲੇ ਜਾਣ ਲਈ ਮਜਬੂਰ ਕਰ ਦਿੱਤਾ ਤੇ ਹੁਣ ਉਹ ਉੱਥੇ ਹੀ ਪੱਕੇ ਤੌਰ ਤੇ ਵੱਸ ਗਏ ਹਨ। ਤੀਸਰੇ ਨੰਬਰ ਤੇ ਕਾਫ਼ੀ ਗਿਣਤੀ ਵਿੱਚ ਪੰਜਾਬੀਆਂ ਦਾ ਬਾਹਰਲੇ ਮੁਲਕਾਂ ਵਿੱਚ ਆਉਣ ਨਾਲ਼ ਵੀ ਪੰਜਾਬੀ ਸੋਚ ਵਿੱਚ ਕਾਫ਼ੀ ਉਤਰਾ-ਚੜ੍ਹਾ ਹੋ ਰਹੇ ਹਨ। ਇਨ੍ਹਾਂ ਸਾਰੀਆਂ ਅਦਲਾ-ਬਦਲੀਆਂ ਦਾ ਆਉਣ ਵਾਲ਼ੀ ਪੰਜਾਬੀ ਜ਼ਿੰਦਗੀ ਤੇ ਕੀ ਅਸਰ ਹੋਵੇਗਾ, ਇਸ ਦਾ ਲੇਖਾ-ਜੋਖਾ ਅਜੇ ਗਹਿਰੇ ਤਰੀਕੇ ਨਾਲ਼ ਸ਼ੁਰੂ ਨਹੀਂ ਹੋਇਆ। ਅਸੀਂ ਉਮੀਦ ਕਰਦੇ ਹਾਂ ਕਿ ਪੰਜਾਬੀ ਸਭਿਆਚਾਰ ਦੀ ਸਦੀਆਂ ਤੋਂ ਚਲੀ ਆ ਰਹੀ ਖ਼ੂਬਸੂਰਤੀ ਇਸ ਦੀ ਨਵੀਂ ਉੱਭਰ ਰਹੀ ਸ਼ਕਲ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਜ਼ਰੂਰ ਕ਼ਾਇਮ ਰਹੇਗੀ।

ਵਿਚਾਰ-ਵਟਾਂਦਰੇ ਲਈ ਸੁਆਲ:

1. ਪੰਜਾਬ ਦਿਆਂ ਮੇਲਿਆਂ ਤੇ ਪਹਿਲਾਂ ਕੀ ਕੀ ਕੀਤਾ ਜਾਂਦਾ ਸੀ?
2. ਪਿਛਲੇ ਸਾਲਾਂ ਵਿੱਚ ਪੰਜਾਬ ਵਿੱਚ ਆਈਆਂ ਤਬਦੀਲੀਆਂ ਬਾਰੇ ਦੱਸੋ?
3. ਪੰਜਾਬੀ ਰਿਵਾਇਤੀ ਜ਼ਿੰਦਗੀ ਦਾ ਕੀ ਭਵਿੱਖ ਹੋ ਸਕਦਾ ਹੈ?

Exercise 18.1 Translate:

1. ਉਹ ਕਦੇ ਸ਼ਰਾਬ ਨਹੀਂ ਸੀ ਪੀਂਦਾ।
2. ਮੇਰੀ ਸਹੇਲੀ ਦਾਣੇ ਚੱਬੀ ਜਾਂਦੀ ਹੈ।
3. ਮੈਂ ਕਦੇ ਨਜ਼ਮਾਂ ਲਿਖਦਾ ਸਾਂ।
4. ਅਸੀਂ ਵੀ ਕਦੇ ਨਾਵਲ ਪੜ੍ਹਦੇ ਸਾਂ।
5. ਪਰ ਮੈਂ ਆਪਣੇ ਬਾਰੇ ਕਦੇ ਨਹੀਂ ਲਿਖਦੀ।
6. ਬਰਸਾਤੀ ਹਾਦਸਿਆਂ ਕਰ ਕੇ ਰਸਤੇ ਬੰਦ ਹੁੰਦੇ ਰਹਿੰਦੇ ਹਨ।
7. ਬਾਗ਼ ਵਿੱਚ ਬੱਚੇ ਖੇਡਦੇ ਰਹਿੰਦੇ ਸਨ।
8. ਬਸੰਤ ਦੇ ਆਉਣ ਨਾਲ਼ ਹਰ ਤਰ੍ਹਾਂ ਦੀ ਬਨਾਸਪਤੀ ਉੱਗਦੀ ਜਾਂਦੀ ਹੈ।
9. ਜਦੋਂ ਤੱਕ ਨੌਕਰੀ ਨਾ ਮਿਲ਼ੇ, ਓਦੋਂ ਤੱਕ ਮੈਂ ਲੱਭਦਾ ਰਹਾਂਗਾ।
10. ਆਮ ਤੌਰ ਤੇ ਸ਼ਾਮੀਂ ਅਸੀਂ ਦੁੱਧ ਪੀਂਦੇ ਹਾਂ, ਪਰ ਕਦੇ-ਕਦੇ ਚਾਹ ਵੀ ਚੱਲਦੀ ਹੈ।

Sri Satguru Jagjit Singh Ji eLibrary NamdhariElibrary@gmail.com

Exercise 18.2 ਪੰਜਾਬੀ ਵਿੱਚ ਤਰਜੁਮਾ ਕਰੋ:

1. She used to get up early once, but these days she gets up late.
2. Have you ever heard the story?
3. Shabina keeps on making rice and lentils, even though I don't like it.
4. Every time I ask the teacher questions and she always gets mad.
5. Sometimes, a rainbow is visible behind the clouds after rain.
6. All night snow kept gathering on the ground.
7. The father told his sons to continue working.
8. The kids kept flying orange, green, and purple kites.
9. She kept on cooking saffron-colored rice.
10. His sisters never fight among themselves.

Exercise 18.3 Create a 10-12 sentence dialogue between you and a rickshaw-driver. Explain where you need to go and ascertain if the driver knows the directions. Remember to negotiate a fare!

ਸ਼ਬਦਾਵਲੀ Vocabulary

ਕਿਰਿਆਵਾਂ Verbs

ਉਡੀਕਣਾ	to wait (vi)
ਹਿੱਲਣਾ	to shake (vi)
ਖੜਕਾਉਣਾ	to knock (vt)
ਜਮ੍ਹਾਂ ਹੋਣਾ	to gather (vi)
ਦਿਸਣਾ	to be visible (vi)
ਮੱਚਣਾ	to be on fire (vi)

ਖਾਣਾ *Food*

ਮੂੰਗਫਲੀ	peanuts (f)
ਚਿਰਵੜਾ	puffed rice (m)
ਰਿਓੜੀ	round sweets made with sesame seeds (f)
ਗੱਚਕ	peanut brittle; chunky sweet made with sesame seeds (f)

ਵਿਸ਼ੇਸ਼ਣ *Adjectives*

ਜਾਮਨੀ	purple (adj/u)
ਕੇਸਰੀ	saffron-colored (adj/u)
ਗਹਿਰਾ	deep (adj/i)
ਰਾਜਸੀ	political (adj/u)
ਮਜਬੂਰ	forced, compelled (adj/u)

Sri Satguru Jagjit Singh Ji eLibrary NamdhariElibrary@gmail.com

ਹੋਰ ਫ਼ਾਇਦੇਮੰਦ ਸ਼ਬਦ *Other Useful Words*

ਅਸਮਾਨ, ਅਕਾਸ਼	sky (m)
ਤਾਰਾ	star (m)
ਰਸਤਾ, ਰਾਹ	path, passage, road (m)
ਰਸਮ	custom, ritual (f)
ਰਿਵਾਇਤ	tradition, custom (f)
ਯੋਧਾ	warrior (m)
ਢੋਲ	large, barrel-shaped drum (m)
ਤੀਆਂ	women's festival during the month of ਸਾਉਣ (July-Aug.) (m pl)
ਮੁਟਿਆਰ	young woman
ਪੀਂਘ	swing (f)
ਕਿੱਕਲੀ	girls' whirling game (f)
ਮਨੋਰੰਜਨ	entertainment (m)
ਸ਼ਹਿਜ਼ਾਦਾ/ੀ	prince/princess
ਰਫ਼ਤਾਰ	speed (f)
ਝੁਕਾਅ	tendency, proclivity (m)
ਖ਼ਲਲ	interference, disturbance (m)
ਆਵਾਜਾਈ	traffic (f)
ਫੈਲਾਅ	spread, expansion (m)
ਨਿਆਮਤ	boon, blessing (f)
ਇਵਜ਼ਾਨਾ	compensation (m)
ਲੇਖਾ-ਜੋਖਾ	assessment (m)
ਵੰਝਲੀ	bamboo flute (f)
ਵਾਜ਼ = ਅਵਾਜ਼	sound, voice (f)
ਵਜੋਂ	by way of (pp)
ਕੋਟ	fort (m)
ਬਟੇਰਾ	quail (m)

Sri Satguru Jagjit Singh Ji eLibrary NamdhariElibrary@gmail.com

Lesson 19
ਸਬਕ ੧੯
Causatives

§ 19.1 Causative verbs

Causative verbs describe an action that is initiated by the subject but performed by another person. These verbs convey the sense of getting something done by someone else. Note the meanings of the following three verbs:

ਬਣਨਾ – to be made
ਬਣਾਉਣਾ – to make
ਬਣਵਾਉਣਾ – to have made (by someone)

All three come from the same root, ਬਣ. The second verb ਬਣਾਉਣਾ is the causative form of the verb ਬਣਨਾ. It means to cause something to be made, in other words, 'to make.' Similarly, ਬਣਵਾਉਣਾ is the double causative of ਬਣਨਾ and means to cause to make, i.e. to have someone make it.

There are many pairs of verbs in Punjabi where the verb, having a short vowel, is intransitive while its causative, which has a long vowel, is transitive. Some of these pairs, along with the double causatives, are given below.

1. Verbs with a root ending in a consonant typically form causatives by adding –ਆ to the root, while the double causative is formed by adding –ਵਾ to the root.

Initial Verb Form (often intransitive)	**Causative (add -ਆ)** (generally transitive)	**Double Causative (add –ਵਾ)** (transitive)
ਕਰਨਾ to do (t)	ਕਰਾਉਣਾ to make [someone] do (t)	ਕਰਵਾਉਣਾ to have [someone] do
ਚੱਲਣਾ to move (i)	ਚਲਾਉਣਾ to make move (t)	ਚਲਵਾਉਣਾ to have driven
ਬਣਨਾ to be made (i)	ਬਣਾਉਣਾ to make (t)	ਬਣਵਾਉਣਾ to have made
ਸਿੱਖਣਾ to learn (t)	ਸਿਖਾਉਣਾ to teach (t)	ਸਿਖਵਾਉਣਾ to have taught
ਲੱਗਣਾ to be attached (i)	ਲਗਾਉਣਾ (ਲਾਉਣਾ) to attach (t)	ਲਗਵਾਉਣਾ (ਲਵਾਉਣਾ) to have attached
ਸੁਣਨਾ to hear (t)	ਸੁਣਾਉਣਾ to tell (t)	ਸੁਣਵਾਉਣਾ to have told
ਪੜ੍ਹਨਾ to read (t)	ਪੜ੍ਹਾਉਣਾ to teach (t)	ਪੜ੍ਹਵਾਉਣਾ to have taught
ਮਿਲਨਾ to meet, be met (i)	ਮਿਲਾਉਣਾ to introduce; join; mix (t)	ਮਿਲਵਾਉਣਾ to have introduced

2. Verbs with a root ending in a vowel, or with certain vowel-consonant combinations, are less predictable. Note the following examples:

Initial Verb Form	**Causative**
ਖਾਣਾ to eat (t)	ਖੁਆਉਣਾ to feed (t)
ਪੀਣਾ to drink (t)	ਪਿਆਉਣਾ to make drink (t)
ਡੁੱਲ੍ਹਣਾ to spill (i)	ਡੋਲ੍ਹਣਾ to pour (t)
ਖੁੱਲ੍ਹਣਾ to open (i)	ਖੋਲ੍ਹਣਾ to open (t)
ਦੇਣਾ to give (t)	ਦੁਆਉਣਾ, ਦਿਵਾਉਣਾ to make give (t)
ਲੈਣਾ to take (t)	ਲਵਾਉਣਾ to make take (t)
ਸੌਣਾ to sleep (i)	ਸੁਆਉਣਾ to make sleep (t)
ਭੇਜਣਾ to send (t)	ਭਿਜਵਾਉਣਾ to have sent (t)
ਬੈਠਣਾ to sit (i)	ਬਿਠਾਉਣਾ to seat (t)

Examples:

ਚਾਹ ਬਣ ਗਈ।	The tea got made.
ਮੇਰੇ ਭਰਾ ਨੇ ਮੇਰੇ ਲਈ ਚਾਹ ਬਣਾਈ।	My brother made tea for me.
ਮੇਰੇ ਭਰਾ ਨੇ ਆਪਣੀ ਪਤਨੀ ਤੋਂ ਮੇਰੇ ਲਈ ਚਾਹ ਬਣਵਾਈ।	My brother nad his wife make tea for me.
ਅਸੀਂ ਆਪ ਕੰਮ ਨਹੀਂ ਕਰਦੇ, ਹੋਰਾਂ ਤੋਂ ਕਰਵਾਉਂਦੇ ਹਾਂ।	We don't work ourselves, we get others to do the work.
ਕੱਲ੍ਹ ਤੋਂ ਅਸੀਂ ਬੱਸ ਕਿਸੇ ਹੋਰ ਬੰਦੇ ਤੋਂ ਚਲਵਾਵਾਂਗੇ।	From tomorrow, we will have someone else drive the bus.
ਕਹਾਣੀਆਂ ਦੀ ਕਿਤਾਬ ਛਪਵਾਉਣ ਲਈ, ਮੈਨੂੰ ਕੁੱਝ ਕਹਾਣੀਆਂ ਆਪ ਲਿਖਣੀਆਂ ਪਈਆਂ ਤੇ ਕੁੱਝ ਦੋਸਤਾਂ ਕੋਲੋਂ ਲਿਖਵਾਉਣੀਆਂ ਪਈਆਂ।	To get the story book published, I had to write some stories (myself) and had to have my friends write some, too.
ਉਹ ਤੁਹਾਡੀ ਕਾਰ ਠੀਕ ਕਰਵਾ ਸਕਦੀ ਹੈ।	She can have your car repaired.

Sri Satguru Jagjit Singh Ji eLibrary NamdhariElibrary@gmail.com

§ 19.2 The verbs ਮਿਲਨਾ, ਮਿਲਾਉਣਾ, and ਮਿਲਵਾਉਣਾ

ਮਿਲਨਾ (to meet) and its causatives have many alternate meanings and uses.

ਮਿਲਨਾ is used to show receipt of something, or 'to get':

ਕ੍ਰਿਸਮਸ ਤੇ ਮੈਨੂੰ ਬਹੁਤ ਤੁਹਫ਼ੇ ਮਿਲੇ।	I got many gifts at Christmas.
ਉੱਥੋਂ ਤੈਨੂੰ ਕੁੱਝ ਨਹੀਂ ਮਿਲੇਗਾ।	You will not get anything from there.
ਯੂਨੀਵਰਸਿਟੀ ਵਿੱਚ ਤਾਲੀਮ ਮਿਲਦੀ ਹੈ।	Education is gotten at the university.

ਮਿਲਨਾ and its causatives are often used to introduce people:

ਸੁਰਿੰਦਰ, ਤੁਸੀਂ ਜਗਜੀਤ ਨੂੰ ਮਿਲੇ ਹੋ?	Surinder, have you met Jagjit?
ਆਓ, ਤੁਹਾਨੂੰ ਡੇਵਿਡ ਨਾਲ ਮਿਲਾਈਏ।	Come, let me introduce you to David.
ਉਹ ਤੁਹਾਨੂੰ ਗੁਜਰਾਲ ਸਾਹਿਬ ਨਾਲ ਮਿਲਵਾਏਗਾ।	He will introduce you to Mr. Gujral.
ਮਿਲਨ ਤੋਂ ਬਾਅਦ, ਤੁਸੀਂ ਮੇਲ-ਜੋਲ ਬਣਾਈ ਰੱਖਿਓ।	After meeting, you guys should keep in touch.

ਗਲ਼ੇ ਮਿਲਨਾ means to embrace; ਹੱਥ ਮਿਲਾਉਣਾ means to shake hands:

ਮੈਂ ਜਦੋਂ ਵੀ ਉੱਥੇ ਜਾਂਦਾ ਹਾਂ, ਉਹ ਬਹੁਤ ਪਿਆਰ ਨਾਲ ਗਲ਼ੇ ਮਿਲਦਾ ਹੈ।	Whenever I go there, he embraces me very warmly.
ਜੇ ਤੁਸੀਂ ਦੋਵੇਂ ਖ਼ੁਸ਼ ਹੋ, ਤਾਂ ਹੱਥ ਮਿਲਾਓ।	If both of you are happy, then shake hands.

ਮਿਲਾਉਣਾ can mean to join, combine, mix, or blend.

ਜੇ 'ਮੈਂ' ਤੇ 'ਤੋਂ' ਨੂੰ ਮਿਲਾਈਏ, ਤਾਂ "ਮੈਥੋਂ" ਬਣਦਾ ਹੈ।	If 'ਮੈਂ' and 'ਤੋਂ' are combined, then 'ਮੈਥੋਂ' is made.
ਸਬਜ਼ੀ ਵਿੱਚ ਮਸਾਲਾ ਚੰਗੀ ਤਰ੍ਹਾਂ ਮਿਲਾ ਦਿਓ।	Mix the spices well in the vegetables.

§ 19.3 Expressing 'to begin' and 'to allow'

Expressions that include 'to begin' and 'to allow' can be expressed with the auxiliary verbs ਲੱਗਣਾ and ਦੇਣਾ. However, unlike the auxiliary verb constructions seen earlier, these require the main verb to be in its oblique infinitive form.

1. 'to begin to ...' = oblique infinitive + ਲੱਗਣਾ (conjugated appropriately)

ਸਵੇਰੇ 8 ਵਜੇ ਅਸੀਂ ਪੜ੍ਹਨ ਲੱਗਦੇ ਹਾਂ।	We begin to study at 8 in the morning.
ਮੀਂਹ ਪੈਣ ਲੱਗਿਆ।	Rain began to fall.

2. 'to allow to...', 'to let...' = oblique infinitive + ਦੇਣਾ (conjugated appropriately)

ਦੇਰ ਹੋ ਗਈ ਹੈ, ਮੈਨੂੰ ਜਾਣ ਦਿਓ।	It's late, let me go.

Sri Satguru Jagjit Singh Ji eLibrary NamdhariElibrary@gmail.com

ਉਸ ਨੇ ਬਿੱਲੇ ਨੂੰ ਰੋਟੀ ਖਾਣ ਦਿੱਤੀ।	She let the cat eat *roti*.

§ 19.4 Word repetition and echoing

Repetition. Adjectives and adverbs are repeated for emphasis:

ਗਰਮ-ਗਰਮ ਚਾਹ	piping hot tea
ਠੰਢੀ-ਠੰਢੀ ਬੀਅਰ	ice cold beer
ਅਮਰੀਕਾ ਦੀਆਂ ਚੌੜੀਆਂ-ਚੌੜੀਆਂ ਸੜਕਾਂ	America's wide roads
ਛੇਤੀ-ਛੇਤੀ ਕੰਮ ਕਰੋ!	Work fast!

Numbers are repeated to give the sense of allocation or apportionment:

ਅਸੀਂ ਪੰਜ-ਪੰਜ ਸੇਬ ਖਾਧੇ।	We ate five apples each.
ਉਨ੍ਹਾਂ ਕੋਲ ਦੋ-ਦੋ ਕਾਰਾਂ ਹਨ।	They have two cars each.

Echoing. Punjabi also pairs words that rhyme or alliterate. In these pairs, the second word is often meaningless and merely serves to echo the sound or semantic connotations of the first. Such pairings indicate generality or 'and so forth along these lines.'

Rhyme:

ਖਾਣਾ-ਸ਼ਾਣਾ	foodstuff and so on
ਰੋਟੀ-ਸ਼ੋਟੀ	foodstuff and so on
ਚਾਹ-ਸ਼ਾਹ	tea and that sort of thing
ਰਾਜ਼ੀ-ਬਾਜ਼ੀ	happy, in high spirits
ਮੰਨਿਆ-ਪਰਮੰਨਿਆ	renowned, very famous

Alliteration:

ਪੀਣਾ-ਪੂਣਾ	to drink and that sort of thing
ਡੋਲ੍ਹਣਾ-ਡੁਲ੍ਹਣਾ	to spill and that sort of thing
ਲੈਣਾ-ਲੂਣਾ	to take and so forth
ਠੀਕ-ਠਾਕ	O.K.

Nearness in meaning:

ਚਾਹ-ਪਾਣੀ	refreshments
ਸੁਹਣੀ-ਸੁਣੱਖੀ	beautiful, good looking
ਖਾਣਾ-ਪੀਣਾ	to dine and wine
ਜਾਣਨਾ-ਬੁੱਝਣਾ	to know and recognize
ਨ੍ਹਾਉਣਾ-ਧੋਣਾ	to wash up

Sri Satguru Jagjit Singh Ji eLibrary NamdhariElibrary@gmail.com

Examples:

ਸਾਨੂੰ ਖਾਣਾ-ਸ਼ਾਣਾ ਕਦੋਂ ਮਿਲੇਗਾ?	When will we get food?
ਚਾਹ-ਸ਼ਾਹ ਲਵੋਗੇ?	Will you have some tea or something?
ਇੱਥੇ ਸਭ ਠੀਕ-ਠਾਕ ਹੈ।	Everything is just fine here.
ਆਸ ਕਰਦੇ ਹਾਂ ਕਿ ਤੁਸੀਂ ਰਾਜ਼ੀ-ਬਾਜ਼ੀ ਹੋ।	We hope that you are doing well.
ਬਾਹਰ ਦਾ ਕੁੱਝ ਨਾ ਖਾਣਾ-ਪੀਣਾ!	Don't consume anything from outside.
ਉਹ ਸ਼ਰਾਬੀ-ਕਬਾਬੀ ਪੀਣ-ਪੂਣ ਤੋਂ ਇਲਾਵਾ ਕੁੱਝ ਨਹੀਂ ਕਰਦੇ।	Those lushes don't do anything except drink.
ਤੁਹਾਡੇ ਕੋਲ ਕੋਈ ਪੈਨਸਿਲ-ਸ਼ੈਨਸਿਲ ਹੈਗੀ?	Have you got a pencil or pen?

Dialogue **Basant**
ਗੱਲ-ਬਾਤ ਬਸੰਤ

ਫ਼ਾਤਿਮਾ: ਜ਼ਾਹਿਦ, ਪੰਜਾਬ ਵਿੱਚ ਬਸੰਤ ਦੀ ਕੀ ਅਹਿਮੀਅਤ ਹੈ?

ਜ਼ਾਹਿਦ: ਫ਼ਾਤਿਮਾ ਜੀ, ਬਸੰਤ ਰੁੱਤ ਸਮੇਂ ਖੇਤਾਂ ਵਿੱਚ ਸਰ੍ਹੋਂ ਤੇ ਤੋਰੀਏ ਦੀਆਂ ਫ਼ਸਲਾਂ ਤੇ ਪੀਲ਼ੇ ਰੰਗ ਦੇ ਫੁੱਲ ਪੂਰੇ ਜੋਬਨ ਤੇ ਹੁੰਦੇ ਹਨ।

ਫ਼ਾਤਿਮਾ: ਇਹ ਫੁੱਲਾਂ ਨਾਲ਼ ਭਰੇ ਖੇਤ ਬਹੁਤ ਖ਼ੂਬਸੂਰਤ ਲੱਗਦੇ ਹੋਣਗੇ?

ਜ਼ਾਹਿਦ: ਹਾਂ ਜੀ, ਜਿੱਥੋਂ ਤੱਕ ਨਜ਼ਰ ਜਾਂਦੀ ਹੈ ਸਾਰਾ ਨਜ਼ਾਰਾ ਪੀਲ਼ਾ ਹੀ ਪੀਲ਼ਾ ਹੁੰਦਾ ਹੈ।

ਫ਼ਾਤਿਮਾ: ਬਸੰਤ ਰੁੱਤ ਦਾ ਕੋਈ ਖ਼ਾਸ ਤਿਉਹਾਰ ਵੀ ਹੈ?

ਜ਼ਾਹਿਦ: ਹਾਂ ਜੀ, ਇਸ ਨੂੰ ਲੋਕ ਬਸੰਤ ਪੰਚਮੀ ਕਹਿੰਦੇ ਹਨ।

ਫ਼ਾਤਿਮਾ: ਬਸੰਤ ਪੰਚਮੀ ਤੇ ਪੰਜਾਬੀ ਕੀ ਕਰਦੇ ਹਨ?

ਜ਼ਾਹਿਦ: ਇਸ ਦਿਨ ਲੋਕ ਪੀਲ਼ੇ ਕੱਪੜੇ ਪਾਉਂਦੇ ਹਨ ਤੇ ਪੀਲ਼ੇ ਰੰਗ ਦੇ ਮਿੱਠੇ ਚੌਲ ਖਾਂਦੇ ਹਨ। ਕਈ ਸ਼ਹਿਰਾਂ ਵਿੱਚ ਮੇਲੇ ਵੀ ਲੱਗਦੇ ਹਨ ਜਿੱਥੇ ਲੋਕ ਪਤੰਗਾਂ ਉਡਾਉਣ ਵਿੱਚ ਆਪਣੇ ਹੁਨਰ ਵਿਖਾਉਂਦੇ ਹਨ।

ਫ਼ਾਤਿਮਾ: ਪਤੰਗ ਉਡਾਉਣ ਤੋਂ ਇਲਾਵਾ ਲੋਕ ਹੋਰ ਵੀ ਕੁੱਝ ਕਰਦੇ ਹਨ?

ਜ਼ਾਹਿਦ: ਹਾਂ, ਇੱਕ ਦੂਸਰੇ ਦੇ ਘਰ ਇਕੱਠੇ ਹੁੰਦੇ ਹਨ ਤੇ ਜਸ਼ਨ ਕਰਦੇ ਹਨ। ਲਹੌਰ ਦੀ ਬਸੰਤ ਪੰਜਾਬ ਵਿੱਚ ਬਹੁਤ ਮਸ਼ਹੂਰ ਰਹੀ ਹੈ।

Sri Satguru Jagjit Singh Ji eLibrary NamdhariElibrary@gmail.com

Reading: Rituals and Ceremonies
ਪਾਠ: ਰੀਤਾਂ ਤੇ ਰਸਮਾਂ



ਨਿਕਾਹ ਦੀ ਰਸਮ

ਬਾਕੀ ਸਭਿਆਚਾਰਾਂ ਵਾਂਙ ਜਨਮ, ਵਿਆਹ, ਤੇ ਮੌਤ ਪੰਜਾਬੀ ਜ਼ਿੰਦਗੀ ਦੇ ਤਿੰਨ ਮੀਲ-ਪੱਥਰ ਹਨ। ਲੜਕੇ ਦੇ ਜਨਮ ਤੇ ਬਹੁਤ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ, ਗੁਆਂਢੀਆਂ ਤੇ ਰਿਸ਼ਤੇਦਾਰਾਂ ਵਿੱਚ ਮਿਠਿਆਈ ਵੰਡੀ ਜਾਂਦੀ ਹੈ, ਤੇ ਜਸ਼ਨ ਕੀਤੇ ਜਾਂਦੇ ਹਨ। ਪੰਜਾਬੀ ਭਾਈਚਾਰਾ ਲੜਕੇ ਲੜਕੀ ਦੀ ਬਰਾਬਰੀ ਮੰਨਣ ਤੋਂ ਅਜੇ ਬਹੁਤ ਪਿੱਛੇ ਹੈ ਤੇ ਲੜਕੀ ਦੇ ਜਨਮ ਤੇ ਜ਼ਿਆਦਾਤਰ ਚੁੱਪ-ਚਾਪ ਹੀ ਰੱਖੀ ਜਾਂਦੀ ਹੈ।

ਵਿਆਹ ਦੇ ਸਮੇਂ ਲੜਕੀ ਤੇ ਲੜਕੇ ਦੇ ਘਰ ਅਲੱਗ ਅਲੱਗ ਰਸਮਾਂ ਹੁੰਦੀਆਂ ਹਨ। ਲੜਕੀ ਦੇ ਘਰ ਸੁਹਾਗ ਦੇ ਗੀਤ ਗਾਏ ਜਾਂਦੇ ਹਨ, ਨਾਲ਼ ਨਾਲ਼ ਉਸ ਦੀਆਂ ਸਹੇਲੀਆਂ ਉਸ ਨੂੰ ਪਤੀ ਦੇ ਘਰ ਜਾ ਕੇ ਹੋਣ ਵਾਲ਼ੀਆਂ ਕੁੱਝ ਗੱਲਾਂ ਬਾਰੇ ਚੋਭਾਂ ਵੀ ਦੇਂਦੀਆਂ ਹਨ। ਲੜਕੇ ਨੂੰ ਉਸ ਦੀ ਜ਼ਿੰਦਗੀ ਦੇ ਨਵੇਂ ਪੜਾਅ ਲਈ ਤਿਆਰ ਕੀਤਾ ਜਾਂਦਾ ਹੈ। ਉਹ ਪੂਰੀ ਤਰ੍ਹਾਂ ਸਜ-ਧਜ ਕੇ ਆਪਣੇ ਰਿਸ਼ਤੇਦਾਰਾਂ ਤੇ ਸਾਥੀਆਂ ਨਾਲ਼ ਲੜਕੀ ਦੇ ਘਰ ਬਰਾਤ ਲੈ ਕੇ ਆਉਂਦਾ ਹੈ, ਤੇ ਧਾਰਮਿਕ ਰਸਮਾਂ ਦੇ ਨਾਲ਼ ਵਿਆਹ ਹੁੰਦਾ ਹੈ। ਲੜਕੀ ਦੀ ਪੇਕਿਆਂ ਨੂੰ ਛੱਡ ਕੇ ਸਹੁਰੇ ਜਾਣ ਦੀ ਮੁਸ਼ਕਿਲ ਹਾਲਤ ਨੂੰ ਗੀਤਾਂ ਨਾਲ਼ ਅਸਾਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਨਵੇਂ ਵਿਆਹੇ ਜੋੜੇ ਦੀ ਲੰਬੀ ਉਮਰ ਤੇ ਵਧਣ ਫੁੱਲਣ ਲਈ ਅਸੀਸਾਂ ਨਾਲ਼ ਇਹ ਰਸਮਾਂ ਖ਼ਤਮ ਹੁੰਦੀਆਂ ਹਨ।

ਮੌਤ ਦੀਆਂ ਰਸਮਾਂ ਮਰਨ ਵਾਲ਼ੇ ਦੀ ਉਮਰ ਤੇ ਨਿਰਭਰ ਹਨ। ਜੁਆਨ ਉਮਰ ਵਿੱਚ ਹੋਈ ਮੌਤ ਤੇ ਗੁਆਂਢੀ ਤੇ ਰਿਸ਼ਤੇਦਾਰ ਮਰਨ ਵਾਲ਼ੇ ਦੇ ਘਰ ਇਕੱਠੇ ਹੁੰਦੇ ਹਨ, ਉਸ ਦੀ ਯਾਦ ਵਿੱਚ ਕੀਰਨੇ ਪਾਏ ਜਾਂਦੇ ਹਨ, ਤੇ ਰੋਂਦਿਆਂ ਰੋਂਦਿਆਂ ਉਸ ਦਾ ਸਸਕਾਰ ਕੀਤਾ ਜਾਂਦਾ ਹੈ ਜਾਂ ਉਸ ਨੂੰ ਦਫ਼ਨਾਇਆ ਜਾਂਦਾ ਹੈ। ਬੁਢਾਪੇ ਵਿੱਚ ਹੋਈ ਮੌਤ ਦੀ ਖ਼ੁਸ਼ੀ ਮਨਾਈ ਜਾਂਦੀ ਹੈ, ਮਰਨ ਵਾਲ਼ੇ ਦੀ ਅਰਥੀ ਸਜਾਈ ਜਾਂਦੀ ਹੈ ਤੇ ਇਸ ਦੇ ਅੱਗੇ ਬੈਂਡ ਵਾਜੇ ਵੱਜਦੇ ਹਨ। ਉਸ ਨੂੰ ਸੋਨੇ ਦੀ ਪੌੜੀ ਚੜ੍ਹਿਆ ਬਜ਼ੁਰਗ ਕਹਿ ਕੇ ਯਾਦ ਕੀਤਾ ਜਾਂਦਾ ਹੈ।

ਵਿਚਾਰ-ਵਟਾਂਦਰੇ ਲਈ ਸੁਆਲ:

1. ਪੰਜਾਬੀ ਰੀਤਾਂ ਤੇ ਰਸਮਾਂ ਜ਼ਿੰਦਗੀ ਦੇ ਕਿਹੜੇ ਤਿੰਨ ਮੀਲ-ਪੱਥਰਾਂ ਨਾਲ਼ ਜੁੜੀਆਂ ਹੋਈਆਂ ਹਨ?
2. ਲੜਕੇ ਦੇ ਜਨਮ ਤੇ ਕੀ ਕੀਤਾ ਜਾਂਦਾ ਹੈ?
3. ਵਿਆਹ ਵੇਲ਼ੇ ਦੇ ਗੀਤਾਂ ਦੀ ਕੀ ਖ਼ਾਸੀਅਤ ਹੈ?

Sri Satguru Jagjit Singh Ji eLibrary NamdhariElibrary@gmail.com

Exercise 19.1 Translate:

1. ਪ੍ਰੋਫ਼ੈਸਰ ਜੀ ਨੇ ਮਨਮੀਤ ਤੋਂ ਸਬਕ ਪੜ੍ਹਵਾਇਆ।
2. ਗੱਲ-ਬਾਤ ਸਤੋਂ ਬਾਅਦ ਦੋਵਾਂ ਆਦਮੀਆਂ ਨੇ ਹੱਥ ਮਿਲਾਏ।
3. ਤੇਜ ਨੇ ਆਪਣੇ ਪਿਤਾ ਜੀ ਤੋਂ ਦਸਤਾਰ ਬਨ੍ਹਵਾਈ।
4. ਅਸੀਂ ਡੋਮੀਨੋਜ਼ ਤੋਂ ਪੀਤਸਾ ਮੰਗਵਾਇਆ।
5. ਮੇਰੇ ਮਾਪਿਆਂ ਨੇ ਮੇਰੇ ਜਨਮ-ਦਿਨ ਤੇ ਖਾਣੇ ਦੀ ਤਿਆਰੀ ਕੇਟਰਿੰਗ ਕੰਪਨੀ ਕੋਲੋਂ ਕਰਵਾਈ।
6. ਲੰਚ ਵੇਲੇ ਰੋਟੀ-ਸ਼ੋਟੀ ਕਿੱਥੇ ਮਿਲਦੀ ਹੈ?
7. ਮੇਰੇ ਦੋਸਤ ਆਪਣੀ ਕਾਰ ਨੂੰ ਮਕੈਨਿਕ ਤੋਂ ਠੀਕ ਕਰਵਾਵੇਗਾ।
8. ਅਸੀਂ ਪ੍ਰਿੰਟਰ ਕੋਲੋਂ ਇਸ਼ਤਿਹਾਰ ਛਪਵਾਏ।
9. ਇਲੈਕਸ਼ਨ ਤੋਂ ਬਾਅਦ ਉਹ ਦੋਵੇਂ ਇੱਕ-ਦੂਜੇ ਨਾਲ ਗਲੇ ਮਿਲੇ।
10. ਤੁਸੀਂ ਨ੍ਹਾ-ਧੋ ਕੇ ਮੇਰੇ ਘਰ 7 ਵਜੇ ਆ ਜਾਓ।

Exercise 19.2 ਪੰਜਾਬੀ ਵਿੱਚ ਤਰਜੁਮਾ ਕਰੋ:

1. I will have my friend Sharan teach my brother Punjabi.
2. I introduced my sister to my friend Sonia.
3. My father doesn't let me play tennis.
4. Because I cannot tell stories, I will have my friend tell them.
5. He had a new house built for himself.
6. They will have the carpenter make their table.
7. Can you have someone else drive the car? I am tired.
8. Tomorrow I will have my husband cook dinner for me!
9. Dancing and prancing, the kids celebrated Lohṛi.
10. The waiter put two baskets of bread on each table.

Exercise 19.3 Create a 10-12 sentence dialogue about a shopping excursion to a tailor shop. For example: What would you like to buy or have made? What fabric would you like? What colors?

ਸ਼ਬਦਾਵਲੀ	**Vocabulary**
ਕਿਰਿਆਵਾਂ	*Verbs*
ਜੰਮਣਾ	to be born (vi)
ਸੁਆਰਨਾ, ਸਵਾਰਨਾ	to improve (vt)
ਸਿਵਾਉਣਾ	to get stitched (vt)
ਛਪਣਾ	to be printed (vi/t)
ਟੱਪਣਾ	to leap, prance
ਭਰਨਾ	to fill (vt)
ਮਨਾਉਣਾ	to celebrate (vt)
ਵਿਦਾਈ ਦੇਣੀ	to see off, say goodbye (vt)
ਭਿਜਵਾਉਣਾ	to have sent (vt)

Sri Satguru Jagjit Singh Ji eLibrary NamdhariElibrary@gmail.com

ਦਫ਼ਨਾਉਣਾ	to bury (vt)

ਜ਼ਿੰਦਗੀ *Life*

ਬਾਬਾ	old man, grandfather; saint (m)
ਸਾਲੀ	wife's sister (f)
ਪੇਕਾ	parental home (m)
ਸਹੁਰਾ; ਸਹੁਰੇ	father-in-law, in-laws (m)
ਮੇਲ-ਜੋਲ	friendship, association (m)
ਮੀਲ-ਪੱਥਰ	milestone (m)
ਬਰਾਤ	wedding party (f)
ਸੁਹਾਗ (ਦਾ ਗੀਤ)	nuptial song (m)
ਕੀਰਨਾ	wail, cry of mourning (m)
ਬੁਢਾਪਾ	old age (m)
ਅਰਥੀ	bier, hearse (f)
ਸਸਕਾਰ	cremation (m)

ਹੋਰ ਫ਼ਾਇਦੇਮੰਦ ਸ਼ਬਦ *Other Useful Words*

ਸਾਧੂ	holy man (m)
ਖ਼ਾਸੀਅਤ	quality, characteristic (f)
ਧੂਮ-ਧਾਮ	pomp and show (m)
ਮਹਾਰਤ	expertise, skill (f)
ਹੁਨਰ	skill (m)
ਰਾਜ਼ੀ	willing, consenting; healthy (adj/u)
ਵਿਖਾਵਾ	show, display (m)
ਪੜਾਅ	halt, stage (m)
ਅਸੀਸ	blessing (f)
ਨਿਰਭਰ	dependent (adj/u)
ਚੁੱਪ-ਚਾਪ	silently, secretly (adj/u)
ਬੇਸ਼ੱਕ	without doubt (adv)
ਇੱਕ-ਦੂਜੇ	one-another (adv)
ਸਰ੍ਹੋਂ, ਤੋਰੀਆ	types of mustard plant (f, m)
ਗਲ਼, ਗਲ਼ਾ	throat (m)
ਲਹਿੰਗਾ	skirt (m)
ਚੋਭ	jab (f)

Sri Satguru Jagjit Singh Ji eLibrary NamdhariElibrary@gmail.com

Lesson 20
ਸਬਕ ੨੦
Passive Voice and Complex Verbal Moods

§ 20.1 Passive voice

The passive voice is used when action happens to the subject of a clause. Normally, most phrases occur with the verb in the active voice, where the subject is the doer of the action. In the example below, the subject ('person') does an action ('eats') to an object ('bread'):

ਬੰਦਾ ਰੋਟੀ ਖਾਂਦਾ ਹੈ।	Person eats bread.

In the following example of a passive voice construction, the subject (bread) passively undergoes an action (eaten). The actual doer of the action is left unstated:

ਰੋਟੀ ਖਾਧੀ ਜਾਂਦੀ ਹੈ।	Bread is eaten.

Passive voice verb constructions in Punjabi follow the formula:

Perfect participle of main verb + ਜਾਣਾ (conjugated appropriately)

If agents (doers of the action) are needed, ਦੁਆਰਾ or ਜ਼ਰੀਏ ('by') is used to mark them.

ਸਾਡੇ ਸ਼ਹਿਰ ਵਿੱਚ ਇੱਕ ਨਵਾਂ ਕੈਫ਼ੇ ਖੋਲ੍ਹਿਆ ਗਿਆ।	A new café was opened in our city.
ਇੱਥੇ ਚਿੱਠੀਆਂ ਲਿਖੀਆਂ ਜਾਂਦੀਆਂ ਹਨ।	Letters are written here.
ਪੁਲਿਸ ਦੁਆਰਾ ਜੇਲ ਵਿੱਚ ਚੋਰ ਬੰਦ ਕੀਤੇ ਜਾਂਦੇ ਹਨ।	Thieves are locked up in prison by the police.

Unlike in English, the passive is rarely used in Punjabi. Impersonal passives are expressed using the 3rd person plural with no marked subject. For example, instead of saying (as might be said in English),

ਕਿਹਾ ਜਾਂਦਾ ਹੈ ਕਿ . . .	It is said that . . .

...in Punjabi, one would more commonly say,

ਕਹਿੰਦੇ ਹਨ ਕਿ . . .	They say that . . .

Sri Satguru Jagjit Singh Ji eLibrary NamdhariElibrary@gmail.com

§ 20.2 Complex verbal moods

Punjabi is capable of expressing a subtle range of differences in verbal mood through recombination of the basic participles with auxiliary verbs. Oftentimes these more subtle constructions, although common in speech and nuanced writing, differ very little in meaning from their simpler, more direct counterparts. In many cases, the exact translation of such constructions must be understood in context.

1. Potential forms. These build upon the subjunctive's sense of potentiality or 'may be.'

Recall that the subjunctive conveys what 'may' happen in the future.

ਉਹ ਹਿਸਾਬ ਪੜ੍ਹੇ। He may study math.

The potential imperfect conveys what 'may be' happening, in the present.

Imperfect participle of main verb + subjunctive of ਹੋਣਾ

ਉਹ ਹਿਸਾਬ ਪੜ੍ਹਦਾ ਹੋਵੇ। He may be studying math.

The potential perfect conveys what 'may have' happened in the past.

Perfect participle of main verb + subjunctive of ਹੋਣਾ

ਉਸ ਨੇ ਹਿਸਾਬ ਪੜ੍ਹਿਆ ਹੋਵੇ। He may have studied math.

2. Presumptive forms. These build upon the use of the future's sense of 'must be.'

Recall that the future of ਹੋਣਾ can convey what is presumed to be.

ਉਹ ਹਰਪ੍ਰੀਤ ਹੋਵੇਗਾ। He must be Harpreet.

The presumptive imperfect conveys what 'must be' happening, at present.

Imperfect participle of main verb + future of ਹੋਣਾ

ਉਹ ਹਿਸਾਬ ਪੜ੍ਹਦਾ ਹੋਵੇਗਾ। He must be studying math.

The presumptive perfect conveys what must have' happened, in the past.

Perfect participle of main verb + future of ਹੋਣਾ

ਉਸ ਨੇ ਹਿਸਾਬ ਪੜ੍ਹਿਆ ਹੋਵੇਗਾ। He must have studied math.
(He will have studied math.)

Sri Satguru Jagjit Singh Ji eLibrary NamdhariElibrary@gmail.com

3. Several forms emphasize that an action happens habitually or 'all the time.'

The present habitual—as already learned—is often used to describe an action that is happening at present. It is distinguished from the progressive in that the latter specifies to an action actively in progress at a given time. However, in certain contexts, use of the present habitual overlaps with the present progressive. Compare:

ਹਰ ਰੋਜ਼ ਕਾਰ ਇਸ ਸੜਕ ਤੇ ਜਾਂਦੀ ਹੈ।	Everyday, a car drives down this street.
ਹੁਣ ਕਾਰ ਇਸ ਸੜਕ ਤੇ ਜਾ ਰਹੀ ਹੈ।	Now a car is driving down this street.
ਹੁਣ ਕਾਰ ਇਸ ਸੜਕ ਤੇ ਜਾਂਦੀ ਹੈ।	Now a car is driving/drives down this street.

This is because the imperfect merely indicates that an action is not complete, and not necessarily that it is performed habitually. If one wants to *emphasize* the habitually occurring nature of the action, the following form can be used.

Imperfect of main verb + imperfect of ਹੋਣਾ + present auxiliary of ਹੋਣਾ

ਉਹ ਹਿਸਾਬ ਪੜ੍ਹਦਾ ਹੁੰਦਾ ਹੈ।	He is always studying math.

Similarly, the past habitual is often translated with 'used to' in order to distinguish a regularly occurring action from one that happened just once (i.e. the perfect) or one that was in actively in progress at a given time (i.e. the past progressive).

ਉਹ ਹਿਸਾਬ ਪੜ੍ਹਦਾ ਸੀ।	He used to study math.

However, many times a translation without 'used to' is equally appropriate.

ਪਿਛਲੇ ਸਾਲ ਉਹ ਹਿਸਾਬ ਪੜ੍ਹਦਾ ਸੀ।	Last year he studied math.

If one wants only to emphasize the habitually occurring nature of the action, the following form can be used.

Imperfect participle of main verb + imperfect participle of ਹੋਣਾ + past auxiliary of ਹੋਣਾ

ਉਹ ਹਿਸਾਬ ਪੜ੍ਹਦਾ ਹੁੰਦਾ ਸੀ।	He would study math (all the time). or He was (usually) studying math, or He used to (always) study math.

The same types of idea can be expressed with another construction.

Main verb root + ਇਆ (invariable) + imperfect participle of ਕਰਨਾ

ਉਹ ਹਿਸਾਬ ਪੜ੍ਹਿਆ ਕਰਦਾ।	He studied math.
ਉਹ ਹਿਸਾਬ ਪੜ੍ਹਿਆ ਕਰਦਾ (ਸੀ)।	He used to study math.

ਅਸੀਂ ਪਹੁੰਚਦਿਆਂ ਸਾਰ ਆਪਣੇ ਬੀਜੀ ਨੂੰ ਫ਼ੋਨ ਕੀਤਾ।	As soon as we arrived, we called our mother.

3. To denote 'for' (a time), with ਨੂੰ

ਸਤਿਗੁਰ ਸਿੰਘ ਜੀ ਛੇ ਹਫ਼ਤਿਆਂ ਤੋਂ ਸੰਗੀਤ ਪੜ੍ਹਾ ਰਹੇ ਹਨ।	S/he has been teaching music for six weeks.
ਅਸੀਂ ਇੱਕ ਸਾਲ ਤੋਂ ਪੰਜਾਬੀ ਸਿੱਖ ਰਹੇ ਹਾਂ।	We have been learning Punjabi for one year

Sri Satguru Jagjit Singh Ji Library Namdhari Library@gmail.com

Note that the auxiliary forms of ਹੋਣਾ are generally omitted in this construction, however, to specify an action in the past one may use the past auxiliary.

More examples:

ਗੁਰਦਿੱਤ ਜੀ ਹੈਦਰਾਬਾਦ ਰਹਿੰਦੇ ਹੋਣ।	Gurdit may be staying in Hyderabad.
ਉਹ ਘਰ ਗਈ ਹੋਵੇ।	She may have gone home.

Reading: The Green Revolution
ਪਾਠ: ਹਰਾ ਇਨਕ਼ਲਾਬ



ਪੰਜਾਬ ਦੀ ਧਰਤੀ ਹਿੰਦੁਸਤਾਨ ਦੀਆਂ ਸਭ ਤੋਂ ਜ਼ਰਖ਼ੇਜ਼ ਜ਼ਮੀਨਾਂ ਵਿੱਚੋਂ ਮੰਨੀ ਜਾਂਦੀ ਹੈ। ਸੋਲ੍ਹਵੀਂ ਸਦੀ ਵਿੱਚ ਖੂਹ ਤੇ ਹਲਟ ਦੀ ਕਾਢ ਨੇ ਇੱਥੋਂ ਦੀ ਖੇਤੀ-ਬਾੜੀ ਵਿੱਚ ਇੱਕ ਨਵਾਂ ਇਨਕ਼ਲਾਬ ਲਿਆਂਦਾ। ਉੱਨੀਵੀਂ ਸਦੀ ਵਿੱਚ ਨਹਿਰਾਂ ਦੀ ਮਦਦ ਨਾਲ਼ ਖੇਤੀ-ਬਾੜੀ ਵਿੱਚ ਹੋਰ ਵਾਧਾ ਹੋਇਆ। ੧੯੬੨ ਵਿੱਚ ਲੁਧਿਆਣੇ ਸ਼ਹਿਰ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਸਥਾਪਤ ਕੀਤੀ ਗਈ। ਪੰਜਾਬ ਅਤੇ ਪੂਰੇ ਹਿੰਦੁਸਤਾਨ ਵਿੱਚ ਹਰੇ ਇਨਕ਼ਲਾਬ ਦੀ ਕਾਮਯਾਬੀ ਵਿੱਚ ਇਸ ਯੂਨੀਵਰਸਿਟੀ ਦਾ ਅਹਿਮ ਹਿੱਸਾ ਹੈ। ਹਰੇ ਇਨਕ਼ਲਾਬ ਦੌਰਾਨ, ਬੀਜਾਂ ਦੀਆਂ ਵੱਧ ਉਪਜ ਵਾਲ਼ੀਆਂ ਕਿਸਮਾਂ ਅਜ਼ਮਾਈਆਂ ਗਈਆ, ਜਿਨ੍ਹਾਂ ਦੇ ਫਲਸਰੂਪ, ਕਣਕ ਅਤੇ ਝੋਨੇ ਦੀ ਉਪਜ ਵਿੱਚ ਸ਼ਾਨਦਾਰ ਵਾਧਾ ਹੋਇਆ। ਪੰਜਾਬ ਵਿੱਚ ਕਣਕ ਦੀ ਪੈਦਾਵਾਰ ਨੇ ਪੂਰੇ ਹਿੰਦੁਸਤਾਨ ਦੀ ਕਾਇਆ ਪਲਟ ਦਿੱਤੀ। ਪਹਿਲਾਂ ਇਸ ਦੇਸ ਵਿੱਚ ਅਨਾਜ ਦੀ ਘਾਟ ਰਹਿੰਦੀ ਸੀ ਪਰ ਕੁੱਝ ਹੀ ਦਹਾਕਿਆਂ ਵਿੱਚ ਇੱਥੇ ਅਨਾਜ ਦੀ ਜ਼ਰੂਰਤ ਤੋਂ ਵੱਧ ਉਪਜ ਹੋਣ ਲੱਗੀ। ਹਰੇ ਇਨਕ਼ਲਾਬ ਦੀ ਕਾਮਯਾਬੀ ਨੇ ਹਮੇਸ਼ਾਂ ਲਈ ਪੰਜਾਬ ਦੀ ਆਰਥਿਕਤਾ ਨੂੰ ਬਦਲ ਦਿੱਤਾ। ਇਸ ਤਜ਼ੁਰਬੇ ਦੇ ਕਈ ਪਹਿਲੂਆਂ ਤੇ ਕਾਫ਼ੀ ਟੀਕਾ ਟਿਪਣੀ ਹੋਈ ਹੈ। ਕੀੜੇਮਾਰ ਦਵਾਈਆਂ ਦਾ ਵਾਯੂਮੰਡਲ ਤੇ ਅਸਰ, ਪਾਣੀ ਦੀ ਬੇਹਿਸਾਬ ਵਰਤੋਂ, ਅਤੇ ਕਿਸਾਨਾਂ ਵੱਲੋ ਚੁੱਕਿਆ ਵਧੇਰੇ ਕਰਜ਼ਾ ਹਰੇ ਇਨਕ਼ਲਾਬ ਦੀਆਂ ਮੁਸ਼ਕਿਲਾਂ ਗਿਣੀਆਂ ਜਾਂਦੀਆਂ ਹਨ। ਪਰ ਇਹ ਹਕ਼ੀਕ਼ਤ ਹੈ ਕਿ ਖੇਤੀ-ਬਾੜੀ ਵਿੱਚ ਪੰਜਾਬ ਦੀਆਂ ਕਾਮਯਾਬੀਆਂ ਨੇ ਹਿੰਦੁਸਤਾਨ ਦੀ ਗ਼ਰੀਬੀ ਤੇ ਭੁੱਖ ਨੂੰ ਘਟਾਇਆ ਹੈ ਅਤੇ ਇਸ ਇਲਾਕ਼ੇ ਵਿੱਚ ਲੋਕਾਂ ਦੇ ਰਹਿਣ ਸਹਿਣ ਦੇ ਮਿਆਰ ਨੂੰ ਉੱਚਾ ਚੁੱਕਿਆ ਹੈ।

Sri Satguru Jagjit Singh Ji eLibrary NamdhariElibrary@gmail.com

Examples using ਜਾਣਾ:

ਗਿੱਬ ਢੋਲ ਵਜਾਉਣ ਗਿਆ ਸੀ।	Gibb had gone to play the drum.
ਵਿਦਿਆਰਥੀ ਸਕੂਲ ਪੜ੍ਹਨ ਜਾਂਦੇ ਹਨ।	The students go to school to study.
ਬੱਚੇ ਪਾਰਕ ਵਿੱਚ ਖੇਡਣ ਜਾਣਗੇ।	The children will go to the park to play.
ਮੈਂ ਸਬਜ਼ੀਆਂ ਖ਼ਰੀਦਣ ਬਜ਼ਾਰ ਜਾਂਦਾ ਸਾਂ।	I used to go to the bazaar to buy vegetables.

Examples with ਆਉਣਾ:

ਉਹ ਪੰਜਾਬੀ ਸਿੱਖਣ ਆਈ ਹੈ।	She has come to learn Punjabi.
ਅਸੀਂ ਤੁਹਾਨੂੰ ਮਿਲਨ ਆਏ ਹਾਂ।	We have come to meet you.
ਮਕੈਨਿਕ ਕਾਰ ਠੀਕ ਕਰਨ ਆਵੇਗਾ।	The mechanic will come to repair the car.
ਮੈਂ ਇੱਥੇ ਕਿਤਾਬਾਂ ਵੇਖਣ ਆਉਂਦਾ ਸਾਂ।	I used to come here to see books.

§ 20.4 The present adverbial participle

Adverbial participles are essentially verbs that have been turned into adverbs, that is, words that describe how an action is done. Most common is the present adverbial participle, which is formed by adding –ਦਿਆਂ to the root of a verb.[1] It is used in the following ways:

1. To denote 'while'

ਕਿਤਾਬ ਪੜ੍ਹਦਿਆਂ ਮੈਂ ਸੰਗੀਤ ਨਹੀਂ ਸੁਣਦਾ।	While reading a book, I do not listen to music.
ਬੱਸ ਵਿੱਚ ਸਫ਼ਰ ਕਰਦਿਆਂ, ਸਾਨੂੰ ਨੀਂਦ ਆ ਗਈ।	While traveling in the bus, we fell asleep.

The present adverbial participle is often doubled for emphasis in this process.

ਪਾਣੀ ਪੀਂਦਿਆਂ-ਪੀਂਦਿਆਂ, ਉਸ ਨੇ ਮੈਨੂੰ ਇਸ਼ਾਰੇ ਨਾਲ ਦੱਸਿਆ।	All the while drinking water, she told me with a gesture.

2. To denote 'as soon as' with the emphatic particle ਹੀ or ਸਾਰ

ਕਮਰੇ ਵਿੱਚ ਵੜਦਿਆਂ ਹੀ ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਆਖਦਾ ਹਾਂ।	As soon as I enter the room, I say *Sat Sri Akal* to them.
ਅਸੀਂ ਪਹੁੰਚਦਿਆਂ ਸਾਰ ਆਪਣੇ ਬੀਜੀ ਨੂੰ ਫ਼ੋਨ ਕੀਤਾ।	As soon as we arrived, we called our mother.

3. To denote 'for' (a time), with ਨੂੰ

ਸੰਗੀਤ ਸਿਖਾਉਂਦਿਆਂ ਉਸ ਨੂੰ ਛੇ ਹਫ਼ਤੇ ਹੋ ਗਏ।	S/he has been teaching music for six weeks.
ਪੰਜਾਬੀ ਸਿੱਖਦਿਆਂ ਸਾਨੂੰ ਇੱਕ ਸਾਲ ਹੋ ਗਿਆ।	We have been learning Punjabi for one year.

[1] One may also form a *past* adverbial participle, by adding –ਇਆਂ to the root of a verb. As its usage is rare, it is of negligible importance at this stage of learning.

Sri Satguru Jagjit Singh Ji eLibrary NamdhariElibrary@gmail.com

Reading: The Green Revolution
ਪਾਠ: ਹਰਾ ਇਨਕ਼ਲਾਬ



ਪੰਜਾਬ ਦੀ ਧਰਤੀ ਹਿੰਦੁਸਤਾਨ ਦੀਆਂ ਸਭ ਤੋਂ ਜ਼ਰਖ਼ੇਜ਼ ਜ਼ਮੀਨਾਂ ਵਿੱਚੋਂ ਮੰਨੀ ਜਾਂਦੀ ਹੈ। ਸੋਲ੍ਹਵੀਂ ਸਦੀ ਵਿੱਚ ਖ਼ੂਹ ਤੇ ਹਲਟ ਦੀ ਕਾਢ ਨੇ ਇੱਥੋਂ ਦੀ ਖੇਤੀ-ਬਾੜੀ ਵਿੱਚ ਇੱਕ ਨਵਾਂ ਇਨਕ਼ਲਾਬ ਲਿਆਂਦਾ। ਉੱਨੀਵੀਂ ਸਦੀ ਵਿੱਚ ਨਹਿਰਾਂ ਦੀ ਮਦਦ ਨਾਲ਼ ਖੇਤੀ-ਬਾੜੀ ਵਿੱਚ ਹੋਰ ਵਾਧਾ ਹੋਇਆ। ੧੯੬੨ ਵਿੱਚ ਲੁਧਿਆਣੇ ਸ਼ਹਿਰ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਸਥਾਪਤ ਕੀਤੀ ਗਈ। ਪੰਜਾਬ ਅਤੇ ਪੂਰੇ ਹਿੰਦੁਸਤਾਨ ਵਿੱਚ ਹਰੇ ਇਨਕ਼ਲਾਬ ਦੀ ਕਾਮਯਾਬੀ ਵਿੱਚ ਇਸ ਯੂਨੀਵਰਸਿਟੀ ਦਾ ਅਹਿਮ ਹਿੱਸਾ ਹੈ। ਹਰੇ ਇਨਕ਼ਲਾਬ ਦੌਰਾਨ, ਬੀਜਾਂ ਦੀਆਂ ਵੱਧ ਉਪਜ ਵਾਲ਼ੀਆਂ ਕ਼ਿਸਮਾਂ ਅਜ਼ਮਾਈਆਂ ਗਈਆ, ਜਿਨ੍ਹਾਂ ਦੇ ਫਲਸਰੂਪ, ਕਣਕ ਅਤੇ ਝੋਨੇ ਦੀ ਉਪਜ ਵਿੱਚ ਸ਼ਾਨਦਾਰ ਵਾਧਾ ਹੋਇਆ। ਪੰਜਾਬ ਵਿੱਚ ਕਣਕ ਦੀ ਪੈਦਾਵਾਰ ਨੇ ਪੂਰੇ ਹਿੰਦੁਸਤਾਨ ਦੀ ਕਾਇਆ ਪਲਟ ਦਿੱਤੀ। ਪਹਿਲਾਂ ਇਸ ਦੇਸ ਵਿੱਚ ਅਨਾਜ ਦੀ ਘਾਟ ਰਹਿੰਦੀ ਸੀ ਪਰ ਕੁੱਝ ਹੀ ਦਹਾਕਿਆਂ ਵਿੱਚ ਇੱਥੇ ਅਨਾਜ ਦੀ ਜ਼ਰੂਰਤ ਤੋਂ ਵੱਧ ਉਪਜ ਹੋਣ ਲੱਗੀ। ਹਰੇ ਇਨਕ਼ਲਾਬ ਦੀ ਕਾਮਯਾਬੀ ਨੇ ਹਮੇਸ਼ਾਂ ਲਈ ਪੰਜਾਬ ਦੀ ਆਰਥਿਕਤਾ ਨੂੰ ਬਦਲ਼ ਦਿੱਤਾ। ਇਸ ਤਜ਼ੁਰਬੇ ਦੇ ਕਈ ਪਹਿਲੂਆਂ ਤੇ ਕਾਫ਼ੀ ਟੀਕਾ ਟਿਪਣੀ ਹੋਈ ਹੈ। ਕੀੜੇਮਾਰ ਦਵਾਈਆਂ ਦਾ ਵਾਯੂਮੰਡਲ ਤੇ ਅਸਰ, ਪਾਣੀ ਦੀ ਬੇਹਿਸਾਬ ਵਰਤੋਂ, ਅਤੇ ਕਿਸਾਨਾਂ ਵੱਲੋ ਚੁੱਕਿਆ ਵਧੇਰੇ ਕਰਜ਼ਾ ਹਰੇ ਇਨਕ਼ਲਾਬ ਦੀਆਂ ਮੁਸ਼ਕਿਲਾਂ ਗਿਣੀਆਂ ਜਾਂਦੀਆਂ ਹਨ। ਪਰ ਇਹ ਹਕ਼ੀਕ਼ਤ ਹੈ ਕਿ ਖੇਤੀ-ਬਾੜੀ ਵਿੱਚ ਪੰਜਾਬ ਦੀਆਂ ਕਾਮਯਾਬੀਆਂ ਨੇ ਹਿੰਦੁਸਤਾਨ ਦੀ ਗ਼ਰੀਬੀ ਤੇ ਭੁੱਖ ਨੂੰ ਘਟਾਇਆ ਹੈ ਅਤੇ ਇਸ ਇਲਾਕ਼ੇ ਵਿੱਚ ਲੋਕਾਂ ਦੇ ਰਹਿਣ ਸਹਿਣ ਦੇ ਮਿਆਰ ਨੂੰ ਉੱਚਾ ਚੁੱਕਿਆ ਹੈ।

Sri Satguru Jagjit Singh Ji eLibrary NamdhariElibrary@gmail.com

Exercise 20.1 Translate:

1. ਉਸਤਾਦ ਜੀ ਨੇ ਵਿਦਿਆਰਥੀਆਂ ਨੂੰ ਕਿਹਾ 'ਪੜ੍ਹਨਾ ਨਾ ਭੁੱਲਣਾ'।
2. ਉਸ ਔਰਤ ਨੇ ਆਪਣੇ ਪਤੀ ਨੂੰ ਕਿਹਾ ਕਿ ਮੈਂ ਦਿੱਲੀ ਜਾਣਾ ਚਾਹੁੰਦੀ ਹਾਂ।
3. ਪਾਸ ਹੋਣ ਲਈ ਉਹ ਸਬਕ ਬਹੁਤ ਧਿਆਨ ਨਾਲ਼ ਪੜ੍ਹਦਾ ਹੋਵੇਗਾ।
4. ਤੁਹਾਡੇ ਸਾਰੇ ਕੰਮ ਕਿੱਥੇ ਕੀਤੇ ਜਾਂਦੇ ਹਨ, ਦਫ਼ਤਰ ਜਾਂ ਘਰ?
5. ਨਹੀਂ ਜੀ, ਮੇਰੇ ਕੋਲੋਂ ਕੁੱਝ ਵੀ ਨਹੀਂ ਹੋਇਆ।
6. ਕਈ ਵਾਰ ਕਿਹਾ ਜਾਂਦਾ ਹੈ ਕਿ ਪੰਜਾਬ ਹਿੰਦੁਸਤਾਨ ਦੀ ਅਨਾਜ ਦੀ ਟੋਕਰੀ ਹੈ।
7. ਪਹਿਲਾਂ ਲੋਕ ਵਿਸਾਖੀ ਦੇ ਮੇਲੇ ਤੇ ਬੈਲ-ਗੱਡੀਆਂ ਵਿੱਚ ਜਾਂਦੇ ਹੁੰਦੇ ਸਨ।
8. ਉਨ੍ਹਾਂ ਨੇ ਜੁਆਬ ਦਿੱਤਾ, 'ਸਾਰੀ ਸ਼ਾਮ ਚਾਹ ਪੀਂਦਿਆਂ ਹੀ ਗੁਜ਼ਰੀ ਹੈ'।
9. ਉਸਤਾਦ ਜੀ ਦੁਆਰਾ ਪੰਜਾਬੀ ਸਿਖਾਈ ਜਾਂਦੀ ਹੈ।
10. ਹੱਸਦਿਆਂ-ਹੱਸਦਿਆਂ ਡਾਕਟਰ ਸਾਹਿਬ ਨੇ ਮੇਰਾ ਕੰਮ ਕੀਤਾ।

Exercise 20.2 ਪੰਜਾਬੀ ਵਿੱਚ ਤਰਜੁਮਾ ਕਰੋ:

1. In India, Hindi is spoken.
2. These clothes were made in Banaras.
3. The thieves will be caught.
4. We were not told about this.
5. The Taj Mahal was built by Shah Jahan.
6. I have been told that you know several Indian languages well.
7. I cannot eat such spicy food. (Such spicy food will not be eaten by me).
8. This letter can be sent by air mail.
9. I want to drive my friend Irfan's car at night, but he wont allow it.
10. This necklace was given to me by my husband.

Exercise 20.3 Write a review of a film in Punjabi. Summarize the plot and analyze the storyline, the acting, and music. What were the strengths and weaknesses of the film? Would you recommend this film to someone else?

Exercise 20.4 Translate the following passage into English:

ਪੰਜਾਬੀ ਦੇ ਇਲਾਵਾ, ਹਿੰਦੁਸਤਾਨੀ ਪੰਜਾਬ ਵਿੱਚ ਹਿੰਦੀ ਤੇ ਅੰਗ੍ਰੇਜ਼ੀ ਜ਼ੁਬਾਨਾਂ ਵੀ ਬੋਲੀਆਂ ਜਾਂਦੀਆਂ ਹਨ। ਆਮ ਤੌਰ ਤੇ, ਹਿੰਦੀ ਦੇਵਨਾਗਰੀ ਲਿਪੀ ਅਤੇ ਪੰਜਾਬੀ ਗੁਰਮੁਖੀ ਲਿਪੀ ਵਿੱਚ ਲਿਖੀ ਜਾਂਦੀ ਹੈ। ਪਰ ਹਮੇਸ਼ਾਂ ਇੰਜ ਨਹੀਂ ਸੀ। ਪੰਜਾਬੀ ਦੇ ਮੁੱਢਲੇ ਲਿਖਾਰੀ ਸ਼ਾਹਮੁਖੀ ਲਿਪੀ ਵਿੱਚ ਲਿਖਦੇ ਸਨ ਜਿਸ ਦੀ ਸ਼ੁਰੂਆਤ ਅਰਬੀ ਅੱਖਰਾਂ ਤੋਂ ਹੋਈ ਹੈ। ਬਾਬਾ ਫ਼ਰੀਦ ਗੰਜ-ਏ-ਸ਼ੱਕਰ ਤੋਂ ਨਜਮ ਹੁਸੈਨ ਤੀਕ, ਪੰਜਾਬੀ ਦਾ ਬਹੁਤ ਸਾਰਾ ਕ਼ਦੀਮ ਅਤੇ ਸਮਕਾਲੀ ਅਦਬ (ਸਾਹਿਤ) ਸ਼ਾਹਮੁਖੀ ਲਿਪੀ ਵਿੱਚ ਹੀ ਲਿਖਿਆ ਗਿਆ ਹੈ। ਫ਼ਖ਼ਰ ਜ਼ਮਾਨ ਵਰਗੇ ਮਸ਼ਹੂਰ ਨਾਵਲਿਸਟ ਦੀ ਰਚਨਾ *ਕੰਦੀਵਾਨ* ਅਤੇ ਅਫ਼ਜ਼ਲ ਅਹਿਸਨ ਰੰਧਾਵਾ ਵਰਗੇ ਨਾਮੀ ਕਹਾਣੀਕਾਰ ਦੀ ਰਚਨਾ "ਮੁੰਨਾ ਕੋਹ ਲਹੌਰ" ਵੀ ਸ਼ਾਹਮੁਖੀ ਵਿੱਚ ਹੀ ਲਿਖੀਆਂ ਗਈਆਂ ਸਨ। ਹਾਲਾਂ ਕਿ ਪਾਕਿਸਤਾਨ ਦੀ ਸਰਕਾਰੀ ਜ਼ੁਬਾਨ ਉਰਦੂ ਹੈ, ਪਾਕਿਸਤਾਨ ਵਿੱਚ ੬੦% ਤੋਂ ਵੱਧ ਲੋਕਾਂ ਦੀ ਮਾਂ-ਬੋਲੀ ਪੰਜਾਬੀ ਹੈ। ਭਾਵੇਂ ਲਹੌਰ ਵਿੱਚ ਰਹਿੰਦੇ ਹੋਏ ਲੋਕਾਂ ਦੀ ਬੋਲੀ ਅੰਮ੍ਰਿਤਸਰ ਦੇ ਲੋਕਾਂ ਦੀ ਬੋਲੀ ਨਾਲੋਂ ਜ਼ਿਆਦਾ ਵੱਖਰੀ ਨਹੀਂ, ਦੋਵਾਂ ਸ਼ਹਿਰਾਂ ਵਿੱਚ ਵੱਸਦੇ ਪੰਜਾਬੀ ਲਿਖਣ ਲਈ ਵੱਖ ਵੱਖ ਲਿਪੀਆਂ ਵਰਤਦੇ ਹਨ। ਲਿਪੀਆਂ ਦਾ ਕ਼ੌਮਾਂ ਨਾਲ਼ ਗਹਿਰਾ ਤਾਲੁਕ਼ ਵੀਂਹਵੀ ਸਦੀ ਵਿੱਚ ਹੋਣ ਲੱਗਾ। ੧੯੪੭ ਤੋਂ ਹੁਣ ਤੀਕ, ਪਾਕਿਸਤਾਨੀ ਤੇ ਹਿੰਦੁਸਤਾਨੀ ਪੰਜਾਬ ਦੋਵਾਂ ਵਿੱਚ, ਪੰਜਾਬੀ ਵਿੱਚ ਢੇਰ ਸਾਰੀਆਂ ਤਬਦੀਲੀਆਂ ਆਈਆਂ ਹਨ। ਲਹਿੰਦੇ ਪੰਜਾਬ ਵਿੱਚ ਫ਼ਾਰਸੀ ਤੇ ਅਰਬੀ ਸ਼ਬਦਾਵਲੀ ਦਾ ਅਤੇ ਚੜ੍ਹਦੇ ਪੰਜਾਬ ਵਿੱਚ ਹਿੰਦੀ ਤੇ ਸੰਸਕ੍ਰਿਤ ਸ਼ਬਦਾਵਲੀ ਦਾ ਪੰਜਾਬੀ ਜ਼ੁਬਾਨ ਉੱਤੇ ਗਹਿਰਾ ਪ੍ਰਭਾਵ ਪਿਆ ਹੈ।

Sri Satguru Jagjit Singh Ji eLibrary NamdhariElibrary@gmail.com

ਸ਼ਬਦਾਵਲੀ Vocabulary

ਕਿਰਿਆਵਾਂ *Verbs*

ਚੁਣਨਾ	to choose (vt)
ਅਜ਼ਮਾਉਣਾ	to try, test, experiment (vt)
ਵਧਾਉਣਾ	to increase (vt)

ਫ਼ਸਲਾਂ ਤੇ ਪਸ਼ੂ *Crops and Livestock*

ਅਨਾਜ, ਅੰਨ	grains, cereals (m)
ਦਾਣਾ	seed, piece of grain (m)
ਕਣਕ	wheat (f)
ਬਾਜਰਾ	millet (m)
ਜੌਂ	barley (m)
ਮੱਕੀ	corn, maize (f)
ਘਾਹ	grass (m)
ਪਸ਼ੂ	livestock (m)
ਡੰਗਰ	cattle (m)
ਢੱਗਾ, ਬੈਲ, ਬਲਦ	ox (m)
ਪੰਜਾਲੀ	yoke (f)

ਵਿਸ਼ੇਸ਼ਣ *Adjectives*

ਮਸਾਲੇਦਾਰ	spicy (adj/u)
ਵਪਾਰਿਕ	commercial (adj/u)
ਵਾਪਿਸੀ	return (adj/u)
ਮੁੱਢਲਾ	elementary, initial (adj/i)
ਕ਼ਦੀਮ	ancient, old (adj/u)
ਸਮਕਾਲੀ	contemporary (adj/u)
ਵੱਖਰਾ	separate, separated (adj/i); same as ਵੱਖ

ਹਰਾ ਇਨਕ਼ਲਾਬ *Green Revolution*

ਇਨਕ਼ਲਾਬ	revolution, transformation (m)
ਖੇਤੀ, ਖੇਤੀ-ਬਾੜੀ	agriculture, farming (f)
ਹਲਟ	Persian wheel (m)
ਮਿਸਾਲ	example (f)
ਨਹਿਰ	canal (f)
ਮਜ਼ਦੂਰ	laborer (m)
ਵਿਗਿਆਨ	science (m)
ਤਜੁਰਬਾ	experience (m)

Sri Satguru Jagjit Singh Ji eLibrary NamdhariElibrary@gmail.com

ਸਥਾਪਤ	founded (adj/u)
- ਕਰਨਾ	to found, establish (vt)
ਮਹੱਤਵਪੂਰਨ	important, significant (adj/u)
ਉਪਜ	production, yield, output (f)
ਫਲਸਰੂਪ	consequently, as a result (of), in the wake (of) (adj/u)
ਪੈਦਾਵਾਰ	production, yield, output (f)
ਘਾਟ	lack, deficiency (f)
ਸਫ਼ਲਤਾ	success (f)
ਆਰਥਿਕਤਾ	economy, state of economy (f)
ਪਹਿਲੂ	aspect (m)
ਟੀਕਾ-ਟਿਪਣੀ	criticism (f)
ਕੀੜੇਮਾਰ	pesticide (adj/u)
ਵਾਯੂਮੰਡਲ	environment, atmosphere (m)
ਵਸੀਲਾ	resource, means, medium (m)
ਬੇਹਿਸਾਬ	limitless, endless; too much (adj/u)
ਕਰਜ਼ਾ	debt (m)
ਹਕ਼ੀਕ਼ਤ	reality, truth (f)
ਗ਼ਰੀਬੀ	poverty (f)
ਮਿਆਰ	standard, level (m)

ਹੋਰ ਫ਼ਾਇਦੇਮੰਦ ਸ਼ਬਦ *Other Useful Words*

ਸੰਬੰਧ	relation, association (m)
ਸਿਫ਼ਾਰਿਸ਼	recommendation (f)
ਸਾੜ੍ਹੀ	a women's garment (f)
ਹਮੇਲ	necklace (f)
ਹਨੇਰਾ	darkness (m)
ਗੁਜ਼ਰਨਾ	to pass, elapse (vi)
ਧਿਆਨ	attention (m)
ਪੁਲਿਸ	police (f)
ਮਹਿਮਾਨ	guest (m)
ਮੁਸ਼ਕਿਲ	difficulty (f); difficult (adj/u)
ਵਹੀ	account book (f)
ਸ਼ਾਹਮੁਖੀ	the script for Punjabi, adapted from Arabic, used in West Punjab (f)
ਦੇਵਨਾਗਰੀ	the script used for writing Hindi (f)
ਕਹਾਣੀਕਾਰ	story writer (m)
ਤਾਲੁਕ਼	relation, relationship (m)
ਤਬਦੀਲੀ	change, transformation (f)
ਪ੍ਰਭਾਵ	effect, influence (m)

Sri Satguru Jagjit Singh Ji eLibrary NamdhariElibrary@gmail.com

Part Two

LANGUAGE THROUGH LITERATURE

Sri Satguru Jagjit Singh Ji eLibrary NamdhariElibrary@gmail.com

Poetry

Sri Satguru Jagjit Singh Ji eLibrary NamdhariElibrary@gmail.com

Lesson 21
ਸਬਕ ੨੧
ਫ਼ੀਰੋਜ਼ ਦੀਨ ਸ਼ਰਫ਼

ਪੰਜਾਬ

ਸੁਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਈਓ!
ਜਿਵੇਂ ਫੁੱਲਾਂ ਅੰਦਰ, ਫੁੱਲ ਗੁਲਾਬ ਨੀ ਸਈਓ!
ਰਲ ਮਿਲ ਬਾਗ਼ੀਂ ਪੀਂਘਾਂ ਝੂਟਣ, ਕੁੜੀਆਂ ਨਾਗਰ ਵੇਲਾਂ।
ਜੋਸ਼ ਜੁਆਨੀ ਠਾਠਾਂ ਮਾਰੇ, ਲਿਸ਼ਕਣ ਹਾਰ ਹਮੇਲਾਂ।
ਪਹਿਨਣ ਹੀਰੇ ਮੋਤੀ, ਮੁੱਖ ਮਹਿਤਾਬ ਨੀ ਸਈਓ।
ਸੁਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਈਓ!

ਜੁੜ ਮੁਟਿਆਰਾਂ ਤ੍ਰਿੰਞਣ ਅੰਦਰ, ਚਰਖ਼ੇ ਬੈਠ ਘੁਕਾਵਣ।
ਨਾਜ਼ੁਕ ਬਾਂਹ ਉਲਾਰ ਪਿਆਰੀ, ਤੰਦ ਚਰਖ਼ੜੇ ਪਾਵਣ।
ਸੀਨੇ ਅੱਗਾਂ ਲਾਵਣ, ਹੋਠ ਉੱਨਾਬ ਨੀ ਸਈਓ।
ਸੁਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਈਓ!

ਮੌਜ ਲਾਈ ਦਰਿਆਵਾਂ ਸੁਹਣੀ, ਬਾਗ਼ ਜ਼ਮੀਨਾਂ ਫਲਦੇ
'ਸ਼ਰਫ਼' ਪੰਜਾਬੀ ਧਰਤੀ ਉੱਤੇ ਠੁਮਕ ਠੁਮਕ ਪਏ ਚੱਲਦੇ,
ਸਤਲੁਜ ਰਾਵੀ ਜਿਹਲਮ, ਅਟਕ ਚਨਾਬ ਨੀ ਸਈਓ।
ਸੁਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਈਓ!

ਜੋਗਣ (1932) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਵਟਾਂਦਰੇ ਲਈ ਸੁਆਲ:

1. ਕਵੀ ਪੰਜਾਬ ਲਈ 'ਦੇਸ' ਲਫ਼ਜ਼ ਕਿਉਂ ਵਰਤਦਾ ਹੈ? ਵਿਸਥਾਰ ਨਾਲ ਦੱਸੋ।

2. ਕਵੀ ਕਿਹੜੇ ਪ੍ਰਚੱਲਤ (popular) ਪੰਜਾਬੀ ਰੁਝੇਵਿਆਂ ਅਤੇ ਸ਼ੁਗਲਾਂ (pastimes and activities) ਦਾ ਜ਼ਿਕਰ ਕਰਦਾ ਹੈ?

3. ਜੇ ਤੁਹਾਨੂੰ ਪੰਜਾਬ ਉੱਤੇ ਨਜ਼ਮ ਲਿਖਣੀ ਪਵੇ, ਤੁਸੀਂ ਉਸ ਵਿੱਚ ਪੰਜਾਬ ਦੇ ਕਿਹੜੇ ਕਿਹੜੇ ਪਹਿਲੂਆਂ ਦਾ ਜ਼ਿਕਰ ਕਰੋਗੇ ਤੇ ਕਿਉਂ?

ਔਖੇ ਲਫ਼ਜ਼

ਉੱਨਾਬ	jujube (m), i.e. maroon-colored
ਉਲਾਰਨਾ	to raise (vt)
ਅਟਕ	Attock, the Indus River (m)
ਸਈਓ	friends! (voc.)
ਗੁਲਾਬ	rose (m)
ਘੁਕਾਉਣਾ, ਘੁਕਾਵਣਾ	to make whirl (vt)
ਚਰਖਾ	spinning wheel (m)
ਝੂਟਣਾ	to swing (vi)
ਠਾਠਾਂ	waves (f pl)
ਤੰਦ	thread (f)
ਤ੍ਰਿੰਞਣ	spinning session/group of women (m)
ਨਾਜ਼ੁਕ	delicate (adj/u)
ਫਲਨਾ	to bear fruit (vi)
ਮਹਿਤਾਬ	moon (m)
ਲਿਸ਼ਕਣਾ	to sparkle (vi)
ਵੇਲ	creeper plant (f); ਨਾਗਰਵੇਲ = the betel plant

Sri Satguru Jagjit Singh Ji eLibrary NamdhariElibrary@gmail.com

Lesson 22
ਸਬਕ ੨੨
ਭਾਈ ਵੀਰ ਸਿੰਘ

ਬਨਫ਼ਸ਼ੇ ਦਾ ਫੁੱਲ

ਮੇਰੀ ਛਿਪੀ ਰਹੇ ਗੁਲਜ਼ਾਰ ਮੈਂ ਨੀਵਾਂ ਉੱਗਿਆ
ਕੋਈ ਲੱਗੇ ਨ ਨਜ਼ਰ ਟਪਾਰ ਮੈਂ ਪਰਬਤ ਲੁੱਕਿਆ

ਮੈਂ ਲਿਆ ਅਕਾਸ਼ੋਂ ਰੰਗ ਜੁ ਸ਼ੋਖ਼ ਨ ਵੰਨ ਦਾ,
ਹਾਂ ਧੁਰੋਂ ਗ਼ਰੀਬੀ ਮੰਗ ਮੈਂ ਆਇਆ ਜਗਤ ਤੇ।

ਮੈਂ ਪੀਆਂ ਅਰਸ਼ ਦੀ ਤ੍ਰੇਲ ਪਲਾਂ ਮੈਂ ਕਿਰਨ ਖਾ,
ਮੇਰਾ ਨਾਲ ਚਾਂਦਨੀ ਖੇਲ ਰਾਤਿ ਰਲ ਖੇਲੀਏ।

ਮੈਂ ਮਸਤ ਆਪਣੇ ਹਾਲ ਮਗਨ ਗੰਧਿ ਆਪਣੀ
ਹਾਂ ਦਿਨ ਨੂੰ ਭੌਰੇ ਨਾਲ ਭੀ ਮਿਲਣੋਂ ਸੰਗਦਾ।

ਆ ਸ਼ੋਖ਼ੀ ਕਰਕੇ ਪੌਣ ਜਦੋਂ ਗਲ਼ ਲੱਗਦੀ
ਮੈਂ ਨਾਹੀਂ ਹਿਲਾਵਾਂ ਧੌਣ 'ਵਾਜ਼ ਨ ਕੱਢਦਾ।

ਹੋ, ਫਿਰ ਬੀ ਟੁੱਟਾਂ ਹਾਇ ਵਿਛੋੜਨ ਵਾਲਿਓ!
ਮੇਰੀ ਭਿੰਨੀ ਇਹ ਖ਼ੁਸ਼ਬੋਇ ਕਿਵੇਂ ਨ ਛਿੱਪਦੀ।

ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ
ਹੈ, ਪੂਰੀ ਹੁੰਦੀ ਨਾਂਹ ਮੈਂ ਤਰਲੇ ਲੈ ਰਿਹਾ।

ਲਹਿਰ ਹੁਲਾਰੇ (1948) ਵਿੱਚੋਂ

ਵਿਚਾਰ-ਵਟਾਂਦਰੇ ਲਈ ਸੁਆਲ:

1. ਨਜ਼ਮ ਦਾ ਨਾਇਕ ਕੌਣ ਹੈ ਤੇ ਉਹ ਕਿਸ ਨੂੰ ਸੰਬੋਧਨ ਕਰ ਰਿਹਾ ਹੈ?

2. ਹੇਠ ਦਿੱਤੇ ਸ਼ਬਦਾਂ ਦੇ ਫ਼ਿਕਰੇ ਬਣਾਓ: ਗੁਲਜ਼ਾਰ, ਅਰਸ਼, ਤ੍ਰੇਲ, ਚਾਂਦਨੀ, ਵਿਛੋੜਾ

3. ਇਸ ਨਜ਼ਮ ਦਾ ਤਰਜੁਮਾ ਅੰਗ੍ਰੇਜ਼ੀ ਵਿੱਚ ਕਰੋ।

ਔਖੇ ਲਫ਼ਜ਼

ਅਰਸ਼	heaven, sky (m)
ਸ਼ੋਖ਼, ਸ਼ੋਖ਼ੀ	playful, lively (adj/i)
ਗੁਲਜ਼ਾਰ	garden (m); bloom (adj/u)
ਚਾਂਦਨੀ	moonlight (f)
ਟਪਾਰ	evil eye (f)
ਤਰਲਾ	desperate endeavor (m)
ਤ੍ਰੇਲ	dew (f)
ਧੌਣ	neck (f)
ਬਨਫ਼ਸ਼ਾ	violet (m)
ਭੌਰਾ	black-bee (m)
ਵੰਨ	color; appearance (m)

Sri Satguru Jagjit Singh Ji eLibrary NamdhariElibrary@gmail.com

Lesson 23
ਸਬਕ ੨੩
ਧਨੀ ਰਾਮ ਚਾਤ੍ਰਿਕ

ਪੰਜਾਬ

(੧) ਬਣਤਰ

ਪੰਜਾਬ! ਕਰਾਂ ਕੀ ਸਿਫ਼ਤ ਤੇਰੀ, ਸ਼ਾਨਾਂ ਦੇ ਸਭ ਸਾਮਾਨ ਤੇਰੇ,
ਜਲ-ਪੌਣ ਤੇਰਾ, ਹਰਿਔਲ ਤੇਰੀ, ਦਰਿਆ, ਪਰਬਤ, ਮੈਦਾਨ ਤੇਰੇ।
ਭਾਰਤ ਦੇ ਸਿਰ ਤੇ ਛਤ੍ਰ ਤੇਰਾ, ਤੇਰੇ ਸਿਰ ਛਤ੍ਰ ਹਿਮਾਲਾ ਦਾ
ਮੋਢੇ ਤੇ ਚਾਦਰ ਬਰਫ਼ਾਂ ਦੀ, ਸੀਨੇ ਵਿੱਚ ਸੇਕ ਜੁਆਲਾ ਦਾ।
ਖੱਬੇ ਹੱਥ ਬਰਛੀ ਜਮਨਾ ਦੀ, ਸੱਜੇ ਹੱਥ ਖੜਗ ਅਟਕ ਦਾ ਹੈ,
ਪਿਛਵਾੜੇ ਬੰਧ ਚੱਟਾਨਾਂ ਦਾ, ਕੋਈ ਵੈਰੀ ਤੋੜ ਨਾ ਸਕਦਾ ਹੈ।
ਅਰਸ਼ੀ ਬਰਕਤ ਰੂੰ ਵਾਂਙ ਉਤਰ, ਚਾਂਦੀ ਦੇ ਢੇਰ ਲਗਾਂਦੀ ਹੈ,
ਚਾਂਦੀ ਢਲ ਕੇ ਵਿਛਦੀ ਹੈ, ਤੇ ਸੋਨਾ ਬਣਦੀ ਜਾਂਦੀ ਹੈ।

(੨) ਬਰਕਤਾਂ

ਸਿਰ ਸਾਇਬਾਨ ਹੈ ਅੰਬਾਂ ਦਾ, ਮਸਲੰਦ ਮਖ਼ਮਲੀ ਘਾਵਾਂ ਦੀ,
ਚੁੱਪੇ ਚੱਪੇ ਤੇ ਫੈਲ ਰਹੀ ਦੌਲਤ ਤੇਰਿਆਂ ਦਰਿਆਵਾਂ ਦੀ।
ਘਰ ਤੇਰੇ ਗਊਆਂ ਮਹੀਆਂ ਨੇ, ਦੁੱਧ ਘਿਉ ਦੀ ਲਹਿਰ ਲਗਾਈ ਹੈ,
ਬਾਹਰ ਬਲ਼ਦਾਂ ਦੀਆਂ ਜੋਗਾਂ ਨੇ, ਖ਼ਲਕਤ ਦੀ ਅੱਗ ਬੁਝਾਈ ਹੈ।
ਰੌਣਕ ਤੇਰੀ ਦੀਆਂ ਰਿਸ਼ਮਾਂ ਨੇ, ਜ਼ੱਰਾ ਜ਼ੱਰਾ ਚਮਕਾਇਆ ਹੈ,
ਯੂਰਪ ਅਮਰੀਕਾ ਭੁੱਲ ਗਿਆ, ਜਿਸ ਤੇਰਾ ਦਰਸ਼ਨ ਪਾਇਆ ਹੈ।
ਸ਼ਿਮਲਾ, ਡਲਹੌਜ਼ੀ, ਮਰੀ ਤੇਰੇ, ਕਸ਼ਮੀਰ ਤੇਰਾ, ਗੁਲਮਰਗ ਤੇਰਾ,
ਦਿੱਲੀ ਤੇਰੀ, ਲਹੌਰ ਤੇਰਾ, ਅੰਮ੍ਰਿਤਸਰ ਸੋਹੇ ਸ੍ਵਰਗ ਤੇਰਾ।

(੩) ਸਖ਼ਾਵਤ

ਕਿਸ ਦਿਲ ਵਿੱਚ ਤੂੰ ਆਬਾਦ ਨਹੀਂ? ਕਿਸ ਰਣ ਵਿੱਚ ਨਹੀਂ ਨਿਸ਼ਾਨ ਤੇਰਾ?
ਕਿਸ ਮੂੰਹ ਵਿੱਚ ਤੇਰਾ ਅੰਨ ਨਹੀਂ? ਕਿਸ ਸਿਰ ਤੇ ਨਹੀਂ ਅਹਿਸਾਨ ਤੇਰਾ?
ਕਿਸ ਕਿਸ ਦੀ ਰਾਲ਼ ਨਾ ਟਪਕੀ ਹੈ, ਸ਼ੌਕਤ ਤੇ ਰਹਿਮਤ ਤੇਰੀ ਤੇ?
ਲੱਖਾਂ ਮਖੀਰ ਪਏ ਪਲ਼ਦੇ ਨੇ, ਤੇਰਿਆਂ ਫੁੱਲਾਂ ਦੀ ਢੇਰੀ ਤੇ।
ਤੂੰ ਤਖ਼ਤ ਤਾਊਸ ਕਰੋੜਾਂ ਦਾ, ਸਿਰ ਦਾ ਸਦਕਾ ਮਣਸਾ ਦਿੱਤਾ,
ਕੋਹ-ਏ-ਨੂਰ ਤਲ਼ੀ ਤੇ ਧਰ ਕੇ ਤੂੰ, ਦਿਲ ਆਪਣਾ ਚੀਰ ਵਿਖਾ ਦਿੱਤਾ।
ਹਰ ਮੁਸ਼ਕਿਲ ਵੇਲ਼ੇ ਤੇਰੇ ਤੇ ਉੱਠਦੀ ਹੈ ਨਿਗਾਹ ਜ਼ਮਾਨੇ ਦੀ,
ਸਿਰ ਝੁਮ ਰਿਹਾ ਹੈ ਮਸਤੀ ਦਾ, ਪੀ ਪੀ ਤੇਰੇ ਮੈਖ਼ਾਨੇ ਦੀ।

Sri Satguru Jagjit Singh Ji eLibrary NamdhariElibrary@gmail.com

(੪) ਇਤਿਹਾਸਿਕ ਸ਼ਾਨ

ਤੇਰੀ ਤਹਿਜ਼ੀਬ ਕ਼ਦੀਮੀ ਹੈ, ਇਕ਼ਬਾਲ ਤੇਰਾ ਲਾਸਾਨੀ ਹੈ,
ਤਕਸ਼ਿਲਾ ਤੇਰੇ ਇਤਿਹਾਸਾਂ ਦੀ ਇੱਕ ਧੁੰਧਲੀ ਜਿਹੀ ਨਿਸ਼ਾਨੀ ਹੈ।
ਕ਼ੁਦਰਤ ਪੰਘੂੜਾ ਘੜਿਆ ਸੀ ਤੈਨੂੰ ਰਿਸ਼ੀਆਂ ਅਵਤਾਰਾਂ ਦਾ,
ਸੂਫ਼ੀਆਂ, ਸ਼ਹੀਦਾਂ, ਭਗਤਾਂ ਦਾ, ਬਲਬੀਰਾਂ, ਸਤੀਆਂ ਨਾਰਾਂ ਦਾ,
ਸਚਿਆਈਓਂ ਸਦਕਾ ਲੈਣ ਲਈ, ਜਦ ਬੋਲਿਆ ਮਾਰੂ ਨਾਦ ਕੋਈ,
ਤਦ ਨਿਕਲ ਪਿਆ ਤਬਰੇਜ਼ ਕੋਈ, ਪੂਰਨ ਕੋਈ, ਪ੍ਰਹਿਲਾਦ ਕੋਈ।
ਲਵ, ਕੁਸ਼ ਦੇ ਤੀਰ ਰਹੇ ਵਰ੍ਹਦੇ, ਮਹਾਭਾਰਤ ਦੇ ਘਮਸਾਨ ਰਹੇ,
ਗੁਰੂ ਅਰਜਨ ਤੇਗ਼ ਬਹਾਦੁਰ ਜਿਹੇ ਤੇਰੇ ਤੋਂ ਦੇਂਦੇ ਜਾਨ ਰਹੇ।
ਬਾਬਾ ਨਾਨਕ, ਬਾਬਾ ਫ਼ਰੀਦ, ਆਪਣੀ ਛਾਤੀ ਤੇ ਪਾਲ਼ੇ ਤੂੰ,
ਦੁਨੀਆ ਨੂੰ ਚਾਨਣ ਦੇਣ ਲਈ, ਕਈ ਰੋਸ਼ਨ ਦੀਵੇ ਬਾਲ਼ੇ ਤੂੰ।

(੫) ਸਾਹਸ

ਸਿਦਕਾਂ ਵਿੱਚ ਇਸ਼ਕ਼-ਲਹਿਰ ਕੀ ਕੀ ਤਾਰੀ ਤਰਦੀ ਨ ਰਹੀ?
ਰਾਂਝਾ ਕੰਨ ਪੜ੍ਹਵਾਉਂਦਾ ਰਿਹਾ ਸੋਹਣੀ ਡੁੱਬ ਡੁੱਬ ਮਰਦੀ ਰਹੀ?
ਝੱਖੜ ਬੇਅੰਤ ਤੇਰੇ ਸਿਰ ਤੇ ਆ ਆ ਕੇ ਮਿਟ ਮਿਟ ਜਾਂਦੇ ਰਹੇ,
ਫ਼ਰਜ਼ੰਦ ਤੇਰੇ ਚੜ੍ਹ ਚੜ੍ਹ ਚਰਖ਼ੜੀਂ ਆਕਾਸ਼ ਤੇਰੇ ਚਮਕਾਉਂਦੇ ਰਹੇ।
ਜਾਗੇ ਕਈ ਦੇਸ ਜਗਾਉਣ ਲਈ, ਸੁੱਤੇ ਸੌਂ ਗਏ ਸੁਲਤਾਨ ਕਈ,
ਤੂੰ ਸੈਦ ਵੀ ਹੈਂ, ਸੱਯਾਦ ਵੀ ਹੈਂ, ਸ਼ੀਰੀਂ ਵੀ ਹੈਂ, ਫ਼ਰਿਹਾਦ ਵੀ ਹੈਂ।
ਢਲ ਜਾਣ ਲਈ ਤੂੰ ਮੋਮ ਵੀ ਹੈਂ, ਪਰ ਲੋੜ ਪਿਆਂ ਫ਼ੌਲਾਦ ਵੀ ਹੈਂ।
ਤੂੰ ਆਜ਼ਾਦੀ ਦਾ ਆਗੂ ਹੈਂ, ਤੂੰ ਕ਼ੁਰਬਾਨੀ ਦਾ ਬਾਨੀ ਹੈਂ।
ਹਰ ਔਕੜ ਪਿਆਂ, ਭਰਾਵਾਂ ਦੀ, ਤੂੰ ਹੀ ਕਰਦਾ ਅਗਵਾਨੀ ਹੈਂ।

(੬) ਸੁਭਾਅ

ਤੂੰ ਅੰਦਰੋਂ ਬਾਹਰੋਂ ਨਿੱਘਾ ਹੈਂ, ਨਾ ਗਰਮੀ ਹੈ ਨਾ ਪਾਲ਼ਾ ਹੈ,
ਨਾ ਬਾਹਰ ਕੋਈ ਦਿਖਲਾਵਾ ਹੈ, ਨਾ ਅੰਦਰ ਕਾਲ਼ਾ ਕਾਲ਼ਾ ਹੈ।
ਜੋਬਨ ਦੀ ਝਲਕ ਜਲਾਲੀ ਹੈ, ਨੈਣਾਂ ਵਿੱਚ ਮਟਕ ਨਿਰਾਲੀ ਹੈ,
ਹਿੱਕਾਂ ਦੀ ਹਿੰਮਤ ਆਲੀ ਹੈ, ਚਿਹਰੇ ਤੇ ਗਿੱਠ ਗਿੱਠ ਲਾਲੀ ਹੈ।
ਕਿਆ ਚੂੜੇ ਬੀੜੇ ਫਬਦੇ ਨੇ, ਜੋਬਨ-ਮੱਤੀਆਂ ਮੁਟਿਆਰਾਂ ਦੇ,
ਜਦ ਪਾਉਣ ਮਧਾਣੀ ਚਾਟੀ ਵਿੱਚ, ਤਦ ਸ਼ੋਰ ਉੱਠਣ ਘੁਮਕਾਰਾਂ ਦੇ।
ਕੋਈ ਤੁੰਬਦੀ ਹੈ ਕੋਈ ਕੱਤਦੀ ਹੈ, ਕੋਈ ਪੀਂਹਦੀ ਹੈ ਕੋਈ ਛੜਦੀ ਹੈ,
ਕੋਈ ਸੀਉਂਦੀ ਕੋਈ ਪਰੋਂਦੀ ਹੈ, ਕੋਈ ਵੇਲਾਂ ਬੂਟੇ ਕਢਦੀ ਹੈ।
ਪਿੱਪਲਾਂ ਦੀ ਛਾਵੇਂ ਪੀਂਘਾਂ ਨੂੰ, ਕੁੱਦ ਕੁੱਦ ਕੇ ਮਸਤੀ ਚੜ੍ਹਦੀ ਹੈ,
ਟੁੰਬਦਾ ਹੈ ਜੋਸ਼ ਜਵਾਨੀ ਨੂੰ, ਇੱਕ ਛਡਦੀ ਹੈ ਇੱਕ ਫੜਦੀ ਹੈ।
ਜਦ ਰਾਤ ਚਾਨਣੀ ਖਿੜਦੀ ਹੈ, ਕੋਈ ਰਾਗ ਇਲਾਹੀ ਛਿੜਦਾ ਹੈ,
ਗਿੱਧੇ ਨੂੰ ਲੋੜ੍ਹਾ ਆਉਂਦਾ ਹੈ, ਜੋਬਨ ਤੇ ਬਿਰਹਾ ਭਿੜਦਾ ਹੈ।
ਵੰਝਲੀ ਵਹਿਣਾਂ ਵਿੱਚ ਰੁੜ੍ਹਦੀ ਹੈ, ਜਦ ਤੁੰਬਾ ਸਿਰ ਧੁਣਿਆਂਦਾ ਹੈ,
ਮਿਰਜ਼ਾ ਪਿਆ ਕੂਕਾਂ ਛੱਡਦਾ ਹੈ, ਤੇ ਵਾਰਿਸ ਹੀਰ ਸੁਣਾਉਂਦਾ ਹੈ।
ਖੂਹਾਂ ਤੇ ਟਿਚ ਟਿਚ ਹੁੰਦੀ ਹੈ, ਖੇਤਾਂ ਵਿੱਚ ਹਲ਼ ਪਏ ਧਸਦੇ ਨੇ,
ਭੱਤੇ ਛਾਹ ਵੇਲੇ ਢੁਕਦੇ ਨੇ, ਹਾਲ਼ੀ ਤੱਕ ਤੱਕ ਕੇ ਹੱਸਦੇ ਨੇ।

Sri Satguru Jagjit Singh Ji eLibrary NamdhariElibrary@gmail.com

ਤੇਰੀ ਮਾਖਿਓਂ ਮਿੱਠੀ ਬੋਲੀ ਦੀ, ਜੀ ਕਰਦਿਆਂ ਸਿਫ਼ਤ ਨਾ ਰੱਜਦਾ ਹੈ,
ਉਰਦੂ ਹਿੰਦੀ ਦਿਆਂ ਸਾਜ਼ਾਂ ਵਿੱਚ, ਸੁਰ-ਤਾਲ ਤੇਰਾ ਹੀ ਵੱਜਦਾ ਹੈ।

(੭) ਸੱਧਰ

ਵੱਸੇ ਰਸੇ, ਘਰ ਬਾਹਰ ਤੇਰਾ, ਜੀਵੇ ਜਾਗੇ ਪਰਿਵਾਰ ਤੇਰਾ,
ਮਸਜਿਦ, ਮੰਦਿਰ, ਦਰਬਾਰ ਤੇਰਾ, ਮੀਆਂ, ਲਾਲਾ, ਸਰਦਾਰ ਤੇਰਾ।
ਦੁਨੀਆਂ ਸਾਰੀ ਹੀ ਸੁਹਣੀ ਹੈ, ਪਰ ਤੇਰਾ ਰੰਗ ਨਿਆਰਾ ਹੈ,
ਤੇਰੀ ਮਿੱਟੀ ਦਾ ਕੁੱਲਾ ਹੀ ਸ਼ਾਹੀ ਮਹਿਲਾਂ ਤੋਂ ਪਿਆਰਾ ਹੈ।
ਤੇਰੇ ਜ਼ੱਰੇ ਜ਼ੱਰੇ ਅੰਦਰ, ਅਪਣੱਤ ਜਿਹੀ ਕੋਈ ਵੱਸਦੀ ਹੈ,
ਤੇਰੀ ਗੋਦੀ ਵਿੱਚ ਬਹਿੰਦਿਆਂ ਹੀ, ਦੁਨੀਆ ਦੀ ਚਿੰਤਾ ਨੱਸਦੀ ਹੈ।
ਦਰਗਾਹੀਂ ਸੱਦੇ ਆ ਗਏ ਨੇ, ਸਾਮਾਨ ਤਿਆਰ ਸਫ਼ਰ ਦਾ ਹੈ,
ਪਰ ਤੇਰੇ ਬੂਹਿਓਂ ਹਿੱਲਣ ਨੂੰ 'ਚਾਤ੍ਰਿਕ' ਦਾ ਜੀਅ ਨਹੀਂ ਕਰਦਾ ਹੈ।

ਚੰਦਨਵਾੜੀ (1931) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਵਟਾਂਦਰੇ ਲਈ ਸੁਆਲ:

1. ਚਾੜ੍ਹਿਕ ਪੰਜਾਬ ਦੀ ਖ਼ੂਬਸੂਰਤੀ ਕਿਵੇਂ ਬਿਆਨ ਕਰਦਾ ਹੈ?

2. ਕਵੀ ਪੰਜਾਬ ਦੀਆਂ ਕਿਹੜੀਆਂ ਪੁਰਾਣੀਆਂ ਹੱਦਾਂ (boundaries) ਦਾ ਜ਼ਿਕਰ ਕਰਦਾ ਹੈ? ਇਸ ਦੀ ਮੌਜੂਦਾ ਹੱਦਾਂ ਨਾਲ ਤੁਲਨਾ ਕਰੋ?

3. ਸ਼ਰਫ਼ ਅਤੇ ਚਾੜ੍ਹਿਕ ਦੋਵੇਂ ਆਪਣੀਆਂ ਰਚਨਾਵਾਂ ਵਿੱਚ ਪੰਜਾਬ ਦੀਆਂ ਸਿਫ਼ਤਾਂ ਕਰਦੇ ਹਨ। ਇਨ੍ਹਾਂ ਲੇਖਕਾਂ ਦੇ ਸਿਫ਼ਤ ਕਰਨ ਦੇ ਢੰਗਾਂ ਬਾਰੇ ਲਿਖੋ।

ਔਖੇ ਲਫ਼ਜ਼

ਅਹਿਸਾਨ	favor, kindness (m)
ਅਗਵਾਨੀ	leadership (f)
ਅਪਣੱਤ	intimacy (f)
ਅਰਸ਼ੀ	celestial (adj/u)
ਆਗੂ	leader, forerunner (m)
ਆਜ਼ਾਦੀ	freedom, independence (f)
ਆਬਾਦ	inhabited (adj/u)
ਆਲੀਸ਼ਾਨ	grand, majestic (adj/u)
ਔਕੜ	difficulty (f)
ਇਸ਼ਕ਼	love (m)
ਇਕ਼ਬਾਲ	confession; dignity (m)
ਇਲਾਹੀ	divine (adj/u)
ਸਖ਼ਾਵਤ	generosity (f)
ਸਚਿਆਈ	truth (f)
ਸਤੀ	chaste (adj/u)
ਸਦਕਾ	because of, for (pp)
ਸੱਦਾ	call (m)
ਸੱਧਰ	longing, yearning (f)
ਸੱਯਾਦ	hunter (m)
ਸ੍ਵਰਗ	heaven, paradise (m)
ਸਾਇਬਾਨ	canopy (m)
ਸਾਹਸ	courage (m)
ਸਿਉਣਾ	to sew (vt)
ਸਿਦਕ਼	patience, faith (m)
ਸਿਰ	head (m)
ਸੁਭਾਅ	nature, character (m)
ਸੇਕ	heat, warmth (m)
ਸੈਦ	prey (m)
ਸੋਨਾ	gold (m)
ਸ਼ਹੀਦ	martyr (m)

Sri Satguru Jagjit Singh Ji eLibrary NamdhariElibrary@gmail.com

ਸ਼ਾਹੀ	princely, imperial (adj/u)
ਸ਼ੀਰੀਂ	Shirin, the heroine of a love legend
ਸ਼ੌਕਤ	power, influence, status (f)
ਹਾਲੀ	ploughman (m)
ਹਿੱਕ	chest (f)
ਹਿੰਮਤ	bravery (f)
ਕੱਤਣਾ	to spin (vt)
ਕ਼ਦੀਮੀ	ancient (adj/u)
ਕੰਨ	ear (m)
ਕ਼ੁਰਬਾਨੀ	sacrifice (f)
ਕੁੱਲਾ	hut, home (m)
ਕੂਕ	cry, call (f)
ਖ਼ਲਕਤ	mankind; large crowd (f)
ਖੜਗ	sword (f)
ਖਿੜਨਾ	to flower, bloom (vi)
ਖੂਹ	well (m)
ਗਿੱਠ	hand-span (f)
ਗੋਦੀ, ਗੋਦ	lap (f)
ਘਮਸਾਨ	fierce (adj/u)
ਘੜਨਾ	to manufacture, sculpt (vt)
ਘਾ, ਘਾਉ	wound, cut (m)
ਘਿਉ	clarified butter (m)
ਘੁਮਕਾਰ	buzzing sound (f)
ਚੱਟਾਨ	large boulder, cliff (f)
ਚੱਪਾ	unit of measurement = ‘breadth of 4 fingers’ (m)
ਚਰਖ਼ੜੀ	a medieval pulley-based torture device, stretcher (f)
ਚਾਟੀ	earthen vessel for churning milk (f)
ਚਾਦਰ	sheet (f)
ਚਾਂਦੀ	silver (f)
ਚਾਨਣ	light, radiance; dawn (m)
ਚਾਨਣੀ	moonlight (f)
ਚਿਹਰਾ	face (m)
ਚਿੰਤਾ	worry, anxiety (f)
ਚੀਰ	slit, tear, fissure (m)
ਛੜਨਾ	to hull, husk (vt)
ਛਾਹ ਵੇਲਾ	morning meal (m)
ਛਿੜਨਾ	to begin, start (vi)
ਜਗਾਉਣਾ	to wake, rouse from sleep (vt)
ਜ਼ਮਾਨਾ	age, period (m)
ਜ਼ੱਰਾ	particle, speck (m)
ਜਲ-ਪੌਣ	water and wind (m-f)
ਜਲਾਲੀ	glowing, majestic (adj/u)

ਜਾਨ	life (f)
ਜਿਗਰਾ	courage (m)
ਜੀਅ	inclination, mood (m)
ਜੁਆਲਾ	fire (f)
ਜੋਸ਼	enthusiasm, gusto (m)
ਜੋਗ	pair (of oxen), yoke (f)
ਜੋਬਨ-ਮੱਤਾ	proud of ones youth (adj/i)
ਝੱਖੜ	storm (m)
ਝਲਕ	glimpse, glimmer (f)
ਝੂਮਣਾ	to swing (vi)
ਟਪਕਣਾ	to drip, trickle (vi)
ਟਿਚ	snap, clicking sound (f)
ਟੁੰਬਣਾ	to nudge, goad, poke (vt)
ਢਲਨਾ	to melt (vi)
ਢੁਕਣਾ	to approach (vi)
ਢੇਰ/ੀ	heap, pile (m/f)
ਤਹਿਜ਼ੀਬ	civilization (f)
ਤਖ਼ਤ ਤਾਊਸ	peacock throne (m)
ਤਲੀ	palm; sole (f)
ਤਾਰੀ	swim, dip (f)
ਤਾਲ	rhythm, meter (f)
ਤੀਰ	arrow (m)
ਤੁੰਬਣਾ	to card (vt)
ਤੂੰਬਾ	string instrument (m)
ਦਰਸ਼ਨ	seeing, meeting, audience with (m)
ਦਰਗਾਹੀ	divine (adj/u)
ਦਿਖਲਾਵਾ	pretension (m)
ਦਿਲ	heart (m)
ਦੀਵਾ	lamp (m)
ਦੌਲਤ	wealth (f)
ਧਸਣਾ	to go in (vi)
ਧਰ	earth (f)
ਧੁੰਧਲਾ	foggy, misty (adj/i)
ਨੱਸਣਾ	to flee (vi)
ਨਾਦ	sound (m)
ਨਿਆਰਾ	different, peculiar (adj/i)
ਨਿਸ਼ਾਨ	mark, sign, indication (m)
ਨਿਗਾਹ	sight, view (f)
ਨਿੱਘਾ	warm, cozy (adj/i)
ਨਿਰਾਲਾ	unique, extraordinary (adj/i)
ਨੈਣ	eyes (m pl)
ਪੰਘੂੜਾ	crib (m)

Sri Satguru Jagjit Singh Ji eLibrary NamdhariElibrary@gmail.com

ਪਰੋਣਾ	to string, thread (vt)
ਪੜਵਾਉਣਾ	to have something torn (vt)
ਪਾਲਾ	chill, frost (m)
ਪਿਛਵਾੜਾ	backside, rear (m)
ਪੀਹਣਾ	to grind (vt)
ਫਬਣਾ	to fit well, suit, match (vi)
ਫ਼ਰਜ਼ੰਦ	son (m)
ਫ਼ਰਿਹਾਦ	the hero of a love legend
ਫ਼ੌਲਾਦ	steel (m)
ਬਣਤਰ	construction, design (f)
ਬੰਧ	stoppage, closure (m)
ਬਰਕਤ	blessing, bounty (f)
ਬਰਛੀ	spear (f)
ਬਾਹਰ	outside/fields (m)
ਬਾਨੀ	founder (m)
ਬਾਲਨਾ	to burn (vt)
ਬਿਰਹਾ	pangs of separation (m)
ਬੀੜਾ	button (m)
ਬੁਝਾਉਣਾ	to extinguish (vt)
ਬੇਅੰਤ	endless (adj/u)
ਭਗਤ	devotee; holy man (m)
ਭੱਤਾ	morning meal brought to the fields (m)
ਭਿੜਨਾ	to collide, clash (vt)
ਮਸਤੀ	ecstasy (f)
ਮਸਲੰਦ	carpet (f)
ਮਹੀਂ	water buffalo (f)
ਮਖ਼ਮਲੀ	velvety, smooth (adj/u)
ਮਖੀਰ	honey (m)
ਮਟਕ	enticing movement (f)
ਮਣਸਾ	to sacrifice (vi)
ਮਧਾਣੀ	churning stick (f)
ਮਾਖਿਓਂ	honey (m)
ਮਾਰੂ	fatal (adj/u)
ਮਿਟਣਾ	to be erased, rubbed off (vi)
ਮੀਆਂ	epithet for a Muslim (m)
ਮੂੰਹ	mouth (m)
ਮੈਖ਼ਾਨਾ	bar, liquor shop (m)
ਮੋਮ	wax (f)
ਰਸਣਾ	to get on well (vi)
ਰਹਿਮਤ	grace, benevolence (f)
ਰੱਜਣਾ	to be satisfied, satiated (vi)
ਰਣ	battlefield (m)

Sri Satguru Jagjit Singh Ji eLibrary NamdhariElibrary@gmail.com

ਰਾਗ	a set of musical notes used in Indian classical music (m)
ਰਾਲ	saliva, drool (f)
ਰਿਸ਼ਮ	ray, beam (of light) (f)
ਰਿਸ਼ੀ	sage (m)
ਰੁੜ੍ਹਨਾ	to be washed away by current (vi)
ਰੂੰ	cotton wool (m)
ਰੋਸ਼ਨ	lighted, luminous (adj/u)
ਰੌਣਕ	hustle and bustle (f)
ਲਹਿਰ	wave (f)
ਲਾਸਾਨੀ	unmatched, peerless (adj/u)
ਲਾਲਾ	epithet for Hindu (businessman) (m)
ਲੋਹ੍ਹਾ	full-blast (m)
ਵੱਸਣਾ	to reside, live (vi)
ਵਹਿਣ	course of river, flow (m)
ਵਰ੍ਹਨਾ	to fall (vi)
ਵਿਛਣਾ	to be spread, laid out (vi)
ਵੈਰੀ	enemy (m)

Sri Satguru Jagjit Singh Ji eLibrary NamdhariElibrary@gmail.com

Lesson 24

ਸਬਕ ੨੪

ਮੋਹਨ ਸਿੰਘ

ਅੰਬੀ ਦੇ ਬੂਟੇ ਥੱਲੇ

ਇੱਕ ਬੂਟਾ ਅੰਬੀ[1] ਦਾ,
ਘਰ ਸਾਡੇ ਲੱਗਾ ਨੀ।
ਜਿਸ ਥੱਲੇ ਬਹਿਣਾ ਨੀ,
ਸੂਰਗਾਂ ਵਿੱਚ ਰਹਿਣਾ ਨੀ,
ਕੀ ਉਸ ਦਾ ਕਹਿਣਾ ਨੀ,
ਵਿਹੜੇ ਦਾ ਗਹਿਣਾ ਨੀ।
ਪਰ ਮਾਹੀ ਬਾਝੋਂ ਨੀ,
ਪਰਦੇਸੀ ਬਾਝੋਂ ਨੀ,
ਇਹ ਮੈਨੂੰ ਵੱਢਦਾ ਏ,
ਤੇ ਖੱਟਾ ਲੱਗਦਾ ਏ।

ਇਸ ਬੂਟੇ ਥੱਲੇ ਜੇ,
ਮੈਂ ਚਰਖ਼ੀ ਡਾਉਨੀ ਆਂ,
ਤੇ ਜੀਅ ਪਰਚਾਵਣ ਨੂੰ,
ਦੋ ਤੰਦਾਂ ਪਾਉਨੀ ਆਂ,
ਕੋਇਲ ਦੀਆਂ ਕੂਕਾਂ ਨੀ
ਮਾਰਨ ਬੰਦੂਕਾਂ ਨੀ,
ਪੀੜ੍ਹੇ ਨੂੰ ਭੰਨਾਂ ਮੈਂ
ਚਰਖ਼ੀ ਨੂੰ ਫੂਕਾਂ ਨੀ।

ਫਿਰ ਡਰਦੀ ਭਾਬੋ ਤੋਂ
ਲੈ ਬਹਾਂ ਕਮੀਦਾ ਜੇ—
ਯਾਦਾਂ ਵਿੱਚ ਡੁੱਬੀ ਦਾ
ਦਿਲ ਕਿਧਰੇ ਜੁੜ ਜਾਵੇ,
ਤੇ ਸੂਈ ਕਮੀਦੇ ਦੀ,
ਪੋਟੇ ਵਿੱਚ ਪੁੜ ਜਾਵੇ।

ਫਿਰ ਉੱਠ ਕੇ ਪੀੜ੍ਹੇ ਤੋਂ,
ਮੈਂ ਡੂੰਘੇ ਬਹਿ ਜਾਵਾਂ,
ਚੀਚੀ ਧਰ ਠੋਡੀ 'ਤੇ,

---

[1] A large mango tree with small size fruit. Such trees were commonly found in the courtyards of Punjabi homes and families sat under them during hot summer days.

Sri Satguru Jagjit Singh Ji eLibrary
NamdhariElibrary@gmail.com

ਵਹਿਣਾਂ ਵਿੱਚ ਵਹਿ ਜਾਵਾਂ—
ਸੁੱਖਾਂ ਦੀਆਂ ਗੱਲਾਂ ਨੀ,
ਮੇਲਾਂ ਦੀਆਂ ਘੜੀਆਂ ਨੀ,

ਖੀਰਾਂ ਤੇ ਪੂੜੇ ਨੀ,
ਸਾਵਣ ਦੀਆਂ ਝੜੀਆਂ ਨੀ,
ਸੁਹਣੇ ਦੇ ਤਰਲੇ ਨੀ,
ਤੇ ਮੇਰੀਆਂ ਅੜੀਆਂ ਨੀ,
ਜਾਂ ਚੇਤੇ ਆ ਜਾਵਣ,
ਲੋੜ੍ਹਾ ਹੀ ਪਾ ਜਾਵਣ।

ਉਹ ਕਿਹਾ ਦਿਹਾੜਾ ਸੀ?
ਉਹ ਭਾਗਾਂ ਵਾਲਾ ਸੀ,
ਉਹ ਕਰਮਾਂ ਵਾਲਾ ਸੀ,
ਜਿਸ ਸ਼ੁੱਭ ਦਿਹਾੜੇ ਨੀ,
ਘਰ ਮੇਰਾ ਲਾੜਾ ਸੀ।

ਮੈਂ ਨ੍ਹਾਤੀ ਧੋਤੀ ਨੀ,
ਮੈਂ ਵਾਲ ਵਧਾਏ ਨੀ,
ਮੈਂ ਕੱਜਲਾ ਪਾਇਆ ਨੀ,
ਮੈਂ ਗਹਿਣੇ ਲਾਏ ਨੀ,
ਮਲ ਮਲ ਕੇ ਧੋੜੀ ਮੈਂ,
ਹੀਰੇ ਲਿਸ਼ਕਾਏ ਨੀ,
ਲਾ ਲਾ ਕੇ ਬਿੰਦੀਆਂ ਮੈਂ,
ਕਈ ਫੰਧ ਬਣਾਏ ਨੀ।
ਜਾਂ ਹਾਰ ਸ਼ਿੰਗਾਰਾਂ ਤੋਂ,
ਮੈਂ ਵਿਹਲੀ ਹੋਈ ਨੀ।
ਆ ਅੰਬੀ ਥੱਲੇ ਮੈਂ,
ਫਿਰ ਪੂਣੀ ਛੋਹੀ ਨੀ।.

ਉਹ ਚੰਦ ਪਿਆਰਾ ਵੀ,
ਆ ਬੈਠਾ ਸਾਹਵੇਂ ਨੀ,
ਅੰਬੀ ਦੀ ਛਾਵੇਂ ਨੀ।

ਉਹ ਮੇਰੀਆਂ ਪ੍ਰੀਤਾਂ ਦਾ,
ਸੁਹਣਾ ਵਣਜਾਰਾ ਨੀ।
ਕਿੱਸੇ ਪਰਦੇਸਾਂ ਦੇ,
ਲਾਮਾਂ ਦੀਆਂ ਗੱਲਾਂ ਨੀ,
ਘੁਮਕਾਰ ਜਹਾਜ਼ਾਂ ਦੀ,
ਸਾਗਰ ਦੀਆਂ ਛੱਲਾਂ ਨੀ,
ਵੈਰੀ ਦੇ ਹੱਲੇ ਨੀ,
ਸੋਹਣੇ ਦੀਆਂ ਠੱਲ੍ਹਾਂ ਨੀ,
ਉਹ ਦੇਸੀ ਜਾਵੇ ਨੀ,
ਮੈਂ ਭਰਾਂ ਹੁੰਗਾਰਾ ਨੀ।
ਉਹ ਗੱਲਾਂ ਕਰਦੇ ਨੂੰ—
ਪੱਤਿਆਂ ਦੀ ਖੜ-ਖੜ ਨੇ
ਬੱਦਲਾਂ ਦੀ ਸ਼ੂਕਰ ਨੇ,
ਵੰਙਾਂ ਦੀ ਛਣ ਛਣ ਨੇ,
ਚਰਖ਼ੀ ਦੀ ਘੂਕਰ ਨੇ,
ਟੱਪਿਆਂ ਦੀ ਲੋਰੀ ਨੇ
ਕੋਇਲ ਦੀ ਕੂਕਰ ਨੇ,
ਮੰਜੇ 'ਤੇ ਪਾ ਦਿੱਤਾ,
ਤੇ ਘੂਕ ਸੁਆ ਦਿੱਤਾ।

ਤੱਕ ਸੁੱਤਾ ਮਾਹੀ ਨੀ,
ਚਰਖ਼ੀ ਦੀ ਚਰਮਖ ਤੋਂ
ਮੈਂ ਕਾਲਖ ਲਾਹੀ ਨੀ।
ਜਾ ਸੁੱਤੇ ਸੁਹਣੇ ਦੇ,
ਮੱਥੇ 'ਤੇ ਲਾਈ ਨੀ।
ਮੈਂ ਖੁੱਲ੍ਹ ਕੇ ਹੱਸੀ ਨੀ,
ਮੈਂ ਤਾੜੀ ਲਾਈ ਨੀ,
ਮੈਂ ਦੋਹਰੀ ਹੋ ਗਈ ਨੀ,
ਮੈਂ ਚੌਹਰੀ ਹੋ ਗਈ ਨੀ,
ਉਹ ਉੱਠ ਖੜੋਇਆ ਨੀ,
ਘਬਰਾਇਆ ਹੋਇਆ ਨੀ,
ਉਹ ਬਿਟ ਬਿਟ ਤੱਕੇ ਨੀ,
ਮੈਂ ਖਿੜ ਖਿੜ ਹੱਸਾਂ ਨੀ,
ਉਹ ਮੁੜ ਮੁੜ ਪੁੱਛੇ ਨੀ,
ਮੈਂ ਗੱਲ ਨਾ ਦੱਸਾਂ ਨੀ।

ਤੱਕ ਸ਼ੀਸ਼ਾ ਚਰਖ਼ੀ ਦਾ,
ਉਸ ਘੂਰੀ ਪਾਈ ਨੀ,
ਮੈਂ ਚੁੰਗੀ ਲਾਈ ਨੀ,
ਉਹ ਪਿੱਛੇ ਭੱਜਾ ਨੀ,
ਮੈਂ ਦਿਆਂ ਨਾ ਡਾਹੀ ਨੀ,
ਉਹ ਮਾਣ ਜਵਾਨੀ ਦਾ,
ਮੈਂ ਹਠ ਜ਼ਨਾਨੀ ਦਾ,
ਮੈਂ ਅੱਗੇ ਅੱਗੇ ਨੀ,
ਉਹ ਪਿੱਛੇ ਪਿੱਛੇ ਨੀ,
ਮੰਜੀ ਦੇ ਗਿਰਦੇ ਨੀ,
ਅੰਬੀ ਦੇ ਗਿਰਦੇ ਨੀ।
ਨੱਸਦੇ ਵੀ ਜਾਈਏ ਨੀ,
ਹੱਸਦੇ ਵੀ ਜਾਈਏ ਨੀ,
ਉਹਦੀ ਚਾਦਰ ਖੜਕੇ ਨੀ,
ਮੇਰੀ ਕੋਠੀ ਧੜਕੇ ਨੀ,

Sri Satguru Jagjit Singh Ji eLibrary NamdhariElibrary@gmail.com

ਉਹਦੀ ਜੁੱਤੀ ਚੀਕੇ ਨੀ,
ਮੇਰੀ ਝਾਂਝਰ ਛਣਕੇ ਨੀ,
ਉਹਦੀ ਪਗੜੀ ਢਹਿ ਪਈ ਨੀ,
ਮੇਰੀ ਚੁੰਨੀ ਲਹਿ ਗਈ ਨੀ,
ਜਾਂ ਹਫ਼ ਕੇ ਰਹਿ ਗਏ ਨੀ,
ਚੁੱਪ ਕਰ ਕੇ ਬਹਿ ਗਏ ਨੀ।

ਉਹ ਕਿਹਾ ਦਿਹਾੜਾ ਸੀ?
ਉਹ ਭਾਗਾਂ ਵਾਲਾ ਸੀ,
ਉਹ ਕਰਮਾਂ ਵਾਲਾ ਸੀ,
ਜਿਸ ਸ਼ੁੱਭ ਦਿਹਾੜੇ ਨੀ,
ਘਰ ਮੇਰਾ ਲਾੜਾ ਸੀ।

ਅੱਜ ਖਾਣ ਹਵਾਵਾਂ ਨੀ,
ਅੱਜ ਸਾੜਨ ਛਾਵਾਂ ਨੀ,
ਤਰਖਾਣ ਸਦਾਵਾਂ ਨੀ,
ਅੰਬੀ ਕਟਵਾਵਾਂ ਨੀ,
ਤੋਬਾ ਮੈਂ ਭੁੱਲੀ ਨੀ,
ਹਾੜਾ ਮੈਂ ਭੁੱਲੀ ਨੀ,
ਜੇ ਅੰਬੀ ਕੱਟਾਂਗੀ,
ਚੜ੍ਹ ਕਿਸ ਦੇ ਉੱਤੇ,
ਰਾਹ ਢੋਲੇ ਦਾ ਤੱਕਾਂਗੀ?

ਸਾਵੇ ਪੱਤਰ (1936) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਵਟਾਂਦਰੇ ਲਈ ਸੁਆਲ:

1. ਇਸ ਕਵਿਤਾ ਵਿੱਚ ਕੌਣ ਕਿਸ ਨੂੰ ਯਾਦ ਕਰ ਰਿਹਾ ਹੈ?

2. ਅੰਬੀ ਦਾ ਬੂਟਾ ਕਿਨ੍ਹਾਂ ਗੱਲਾਂ ਦਾ ਪ੍ਰਤੀਕ ਹੈ? ਔਰਤ ਇਸ ਨੂੰ ਵੱਢ ਦੇਣ ਦੇ ਵਿਚਾਰ ਤੇ ਕਿਉਂ ਘਬਰਾ ਜਾਂਦੀ ਹੈ?

3. ਕਵਿਤਾ ਦਾ ਸਰਲ ਅੰਗ੍ਰੇਜ਼ੀ ਵਿੱਚ ਤਰਜੁਮਾ ਕਰੋ।

ਔਖੇ ਲਫ਼ਜ਼

ਅੰਬੀ	small mango (f)
ਅੜੀ	stubbornness (f)
ਸਦਾਉਣਾ	to cause to call (vt)
ਸਾਉਣ, ਸਾਵਣ	the monsoon month (July-August) (m)
ਸਾਹਵੇਂ, ਸਾਮ੍ਹਣੇ	in front of (pp)
ਸਾਗਰ	ocean (m)
ਸਾੜਨਾ	to burn (vt)
ਸੁਆਉਣਾ	to make sleep (vt)
ਸੁੱਖ	comfort (m)
ਸੂਈ	needle (f)
ਸ਼ੂਕਰ	hissing sound (f)
ਹਠ	stubbornness, inflexibility (m)
ਹਫ਼ਣਾ	to be breathless (vi)
ਹੱਲਾ	attack (m)
ਹਵਾ, ਵਾ	wind (f)
ਹਾਰ-ਸ਼ਿੰਗਾਰ	make-up (m)
ਹਾੜਾ	exclamation (m)
ਹੀਰਾ	tooth (metaphorical), diamond (m)
ਹੁੰਗਾਰਾ ਭਰਨਾ	to respond in concurrence (vt)
ਕਸੀਦਾ	embroidery, needlework (m)
ਕੱਜਲ	collyrium, mascara (m)
ਕਰਮ	action, deed (m)
ਕਾਲ਼ਖ	black dust (f)
ਕਿਹਾ, ਕਿਹੋ ਜਿਹਾ	what sort of?
ਕਿਧਰੇ	somewhere; perchance (adv)
ਕੋਇਲ	Indian cuckoo (f)
ਕੋਠੀ	heart (metaphorical), foundation (f)
ਖੱਟਾ	sour (adj/i)
ਖੜ-ਖੜ	the sound of leaves rustling (f)
ਖੀਰ	rice pudding (f)
ਗਹਿਣਾ	jewel (m)
ਗਿਰਦੇ	around (adv)

Sri Satguru Jagjit Singh Ji eLibrary NamdhariElibrary@gmail.com

ਘੁਮਕਾਰ	buzzing sound as that of a fast-running machine (f)
ਘੂਕ	whirling sound (f)
ਘੂਕਰ	whirling sound (f)
ਘੂਰੀ	angry stare (f)
ਚੰਦ	moon; 'husband' (m)
ਚਰਮਖ	the leather pieces holding the spindle in a spinning wheel (f)
ਚੀਕਣਾ	to shriek (vi)
ਚੀਚੀ	pinky finger (f)
ਚੁੰਗੀ ਲਾਉਣੀ	to run with long strides (vt)
ਚੁੰਨੀ	scarf, woman's head covering (f)
ਚੇਤਾ	memory (m)
ਛਣਕਣਾ	to jingle, tinkle (vi)
ਛੱਲ	wave (f)
ਛਾਵੇਂ	locative of ਛਾਂ, shade (f); 'in the shade'
ਛੂਹਣਾ	to touch (vt)
ਜੀਅ	mind/heart (m)
ਝੜੀ	continuous rain for several days (f)
ਝਾਂਝਰ	anklet (f)
ਟੱਪਾ	line of verse (m)
ਠੱਲ੍ਹ	resistance (f)
ਠੋਡੀ	chin (f)
ਢੋਲਾ	epithet for a beloved (m)
ਤਰਲਾ	request (m)
ਤਾੜੀ ਲਾਉਣੀ	to clap (vt)
ਤੋਬਾ	promise never to do something bad or forbidden (f)
ਦਿਹਾੜਾ	day (m)
ਦੁਹਰਾ	double (adj/i)
ਧੜਕਣਾ	to beat, knock (vi)
ਪਗੜੀ	turban (f)
ਪਰਚਾਉਣਾ	to please (vt)
ਪਰਦੇਸ	foreign land (m)
ਪ੍ਰੀਤ	love (f)
ਪਿਆਰਾ	dear (adj/i)
ਪੀੜ੍ਹਾ	small stringed chair (m)
ਪੁੜਨਾ	to prick (vt)
ਪੂਣੀ	roving of cotton or wool (f)
ਪੂੜਾ	deep fried sweet fritter (m)
ਪੋਟਾ	the tip of a finger or toe (m)
ਫੰਧ	snare, trap (m)
ਫੂਕਣਾ	to burn (vt)
ਬੱਦਲ	cloud (m)
ਬੰਦੂਕ	gun (f)

Sri Satguru Jagjit Singh Ji eLibrary NamdhariElibrary@gmail.com

ਬਾਝੋਂ	without (adv)
ਬਿਟ-ਬਿਟ ਤੱਕਣਾ	to gaze intently (vt)
ਬਿੰਦੀ	dot (f)
ਭੱਜਣਾ	to run, scram, scoot (vi)
ਭੰਨਣਾ	to break, smash (vt)
ਭਾਗਾਂ ਵਾਲ਼ਾ	fortunate (adj/i)
ਭਾਬੋ	mother, mother-in-law (f)
ਭੁੰਞੇ	on the ground (adv)
ਮੰਜਾ	cot (m)
ਮਲ਼ਨਾ	to rub, scrub (vt)
ਮਾਹੀ	epithet for male beloved (m)
ਮਾਣ	respect, honor (m)
ਲਹਿਣਾ	to come off, to descend (vi)
ਲਾਮ	war (f)
ਲਾੜਾ	bridegroom (m)
ਲਿਸ਼ਕਾਉਣਾ	to polish, shine (vt)
ਵਹਿਣਾ	to flow (vi)
ਵੰਙ	bangle (f)
ਵੱਢਣਾ	to cut (vt)
ਵਣਜਾਰਾ	trader (m)
ਵਧਾਉਣਾ	to increase, enlarge; *here*, to comb (vt)
ਵਿਹਲਾ	unoccupied (adj/i)

Sri Satguru Jagjit Singh Ji eLibrary NamdhariElibrary@gmail.com

Lesson 25
ਸਬਕ ੨੫
ਮੋਹਨ ਸਿੰਘ

ਕੁੜੀ ਪੋਠੋਹਾਰ ਦੀ

ਸਿਰ 'ਤੇ ਚੁੱਕੀ ਪੰਡ ਘਾਹ ਦੀ,
ਪੈਲਾਂ ਪਾਂਦੀ,
ਝੋਲੇ ਖਾਂਦੀ, ਆਈ ਕੁੜੀ ਪੋਠੋਹਾਰ[2] ਦੀ।

ਸਾਵੇ ਸਾਵੇ ਘਾਹ ਦੇ ਥੱਬੇ,
ਵਿੱਚ ਵਿੱਚ ਝਾਕਣ ਨੀਲੇ ਪੀਲੇ,
ਫੁੱਲ ਪਟਾਕੀ ਤੇ ਸਰ੍ਹੋਂ ਦੇ
ਹਰੀਆਂ ਹਰੀਆਂ ਲੰਬੀਆਂ ਲੰਬੀਆਂ, ਘਾਹ ਦੀਆਂ ਤਣੀਆਂ,
ਲਮਕ ਲਮਕ ਕੇ ਮੂੰਹ 'ਤੇ ਪਈਆਂ
ਘੁੰਘਟ ਵਾਂਙੂੰ
ਐਸਾ ਜਾਲ਼ ਉਨ੍ਹਾਂ ਨੇ ਬੁਣਿਆ,
ਝਲਕ ਨਾ ਪਈ ਨੁਹਾਰ ਦੀ।

ਥਿਗੜੀਆਂ ਵਾਲ਼ੀ ਸੁੱਥਣ ਕੁੰਜ ਕੇ,
ਫੜ ਕੇ ਮੇਰੀ ਬਾਂਹ,
ਠਿੱਲ੍ਹ ਪਈ ਵਿੱਚ ਸੁਆਂ, ਕੁੜੀ ਪੋਠੋਹਾਰ ਦੀ।

ਗਿੱਟਿਆਂ ਤਾਣੀ, ਗੋਡਿਆਂ ਤਾਣੀ, ਲੱਕ ਲੱਕ ਤਾਣੀ,
ਚੜ੍ਹ ਗਿਆ ਪਾਣੀ,
ਲੱਕ ਲੱਕ ਤਾਣੀ, ਗੋਡਿਆਂ ਤਾਣੀ, ਗਿੱਟਿਆਂ ਤਾਣੀ,
ਲਹਿ ਗਿਆ ਪਾਣੀ।
ਅੰਬੀਂ ਲੁਕੀ ਕੋਇਲ ਵਾਂਙੂੰ
'ਵੀਰਾ ਜੀਂਦਾਂ ਰਹੇਂ' ਆਖ ਕੇ
ਛੱਡ ਗਈ ਮੇਰੀ ਬਾਂਹ, ਕੁੜੀ ਪੋਠੋਹਾਰ ਦੀ।

ਰੇਤੇ ਉੱਤੇ, ਪੰਛੀ ਵਾਂਙਰ,
ਪੈਰਾਂ ਦੀ ਜ਼ੰਜੀਰੀ ਟੁੱਕਦੀ,
ਢੱਕੀ 'ਤੇ ਚੜ੍ਹ ਗਈ ਕੁੜੀ ਪੋਠੋਹਾਰ ਦੀ।
ਲੰਬਾ ਪਤਲਾ ਬੁੱਤ ਉਸ ਦਾ,
ਬ੍ਰਿੱਛਾਂ ਦੇ ਵਿੱਚ ਬ੍ਰਿੱਛ ਹੋ ਗਿਆ,
ਨਾ ਉਸ ਤੱਕਿਆ ਮੂੰਹ ਮੇਰੇ ਨੂੰ,
ਨਾ ਮੈਂ ਤੱਕਿਆ ਮੂੰਹ ਉਸ ਦੇ ਨੂੰ,
ਪਰ ਹਾਲੇ ਨਾ ਭੁੱਲੇ ਮੈਨੂੰ,
ਉਸ ਦੀ ਇੱਕ ਛੋਹ ਪਿਆਰ ਦੀ।

---

[2] The Poṭhohar Plateau lies in the northwestern corner of the Punjab, bound by the Himalayas on the north and the Jehlam river on the east.

Sri Satguru Jagjit Singh Ji eLibrary NamdhariElibrary@gmail.com

ਹੁਣ ਵੀ ਜਦ ਫ਼ਿਕਰਾਂ ਦਾ ਪਾਣੀ,
ਗ਼ਮਾਂ ਦੁੱਖਾਂ ਹੰਝੂਆਂ ਦਾ ਪਾਣੀ,
ਚੜ੍ਹਦਾ ਆਵੇ, ਲੱਕ ਲੱਕ ਤਾਣੀ, ਗਲ਼ ਗਲ਼ ਤਾਣੀ,
ਸਿਰ ਸਿਰ ਤਾਣੀ,
ਝੱਗ ਵਗਾਂਦਾ, ਪੈਰ ਉਖੜਾਂਦਾ—
ਸਿਰ 'ਤੇ ਚੁੱਕੀ ਪੰਡ ਘਾਹ ਦੀ,
ਪੈਲਾਂ ਪਾਂਦੀ,
ਝੋਲੇ ਖਾਂਦੀ
'ਵੀਰਾ ਜੀਂਦਾਂ ਰਹੇਂ' ਬੁਲਾਂਦੀ
ਆ ਕੇ ਫੜ ਲਏ ਮੇਰੀ ਬਾਂਹ,
ਗ਼ਮ-ਲਹਿਰਾਂ ਵਿੱਚ ਘੇਰੀ ਬਾਂਹ,
ਤੇ ਧੂੰਹਦੀ ਧੂੰਹਦੀ ਲਾ ਜਾਏ ਮੈਨੂੰ ਪਾਰ,
ਕੁੜੀ ਪੋਠੋਹਾਰ ਦੀ।

ਕਸੁੰਭੜਾ (1939) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਪੋਠੋਹਾਰ

ਪੋਠੋਹਾਰ ਦਰਿਆ ਜਿਹਲਮ ਅਤੇ ਸਿੰਧ ਦੇ ਮੱਧ ਦਾ ਇਲਾਕਾ ਹੈ, ਜਿਸ ਦਾ ਬਹੁਤਾ ਭਾਗ ਜ਼ਿਲਾ ਰਾਵਲਪਿੰਡੀ ਵਿੱਚ ਹੈ। ਪੋਠੋਹਾਰੀ ਰਾਵਲਪਿੰਡੀ ਤੋਂ ਲੈ ਕੇ ਪਾਕਿਸਤਾਨੀ ਕਸ਼ਮੀਰ ਦੇ ਮੀਰਪੁਰ ਤੇ ਕੋਟਲੀ ਜ਼ਿਲਿਆਂ ਵਿੱਚ ਬੋਲੀ ਜਾਂਦੀ ਹੈ। ਇਸ ਇਲਾਕੇ ਦੀ ਵਿਲੱਖਣਤਾ ਬਾਰੇ ਵਣਜਾਰਾ ਬੇਦੀ ਦੀ ਕਹਾਣੀ "ਪਾਤਸ਼ਾਹਣੀ" (ਸਬਕ ੩੮) ਵੇਖੋ।

ਵਿਚਾਰ-ਵਟਾਂਦਰੇ ਲਈ ਸੁਆਲ:

1. ਪੋਠੋਹਾਰ ਇਲਾਕੇ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਦੀ ਝਲਕ ਸਾਨੂੰ ਇਸ ਨਜ਼ਮ ਵਿੱਚੋਂ ਮਿਲਦੀ ਹੈ?

2. ਇਸ ਨਜ਼ਮ ਦੇ ਅਖ਼ੀਰਲੇ ਪੈਰੇ ਨੂੰ ਵਾਰਤਕ (prose) ਵਿੱਚ ਲਿਖੋ।

3. ਪੋਠੋਹਾਰ ਦੀ ਖ਼ੂਬਸੂਰਤੀ ਬਿਆਨ ਕਰਨ ਵਿੱਚ ਕਵੀ ਕਿਹੜੇ ਸਾਧਨਾਂ ਦਾ ਇਸਤੇਮਾਲ ਕਰਦਾ ਹੈ? ਵਿਸਥਾਰ ਨਾਲ਼ ਦੱਸੋ।

ਔਖੇ ਲਫ਼ਜ਼

ਉਖੜਾਉਣਾ	to cause to be unsettled or uprooted (vt)
ਸਾਵਾ	green (adj/i)
ਸੁਅਾਂ	a river in Dhan-Poṭhohar (m)
ਸੁੱਥਣ	ladies' trousers (f)
ਹੰਝੂ	tear (of eye) (m)
ਹਾਲੇ	until now
ਕੁੰਜਣਾ	to tuck in (vt)
ਗ਼ਮ	sadness (m)
ਗਿੱਟਾ	ankle (m)
ਗੋਡਾ	knee (m)
ਘੁੰਘਟ	veil (m)
ਘੇਰਨਾ	to surround (vt)
ਜ਼ੰਜੀਰੀ	small chain, anklet (f)
ਜਾਲ	net (m)
ਝੱਗ	foam (f)
ਝਲਕ	glance (f)
ਝਾਕਣਾ	to look, gaze (vt)
ਝੋਲੇ ਖਾਣਾ	to sway around (vt)
ਟੁੱਕਣਾ	to cut, bite (vt)
ਠਿੱਲ੍ਹਣਾ	to swim, wade (vi)
ਢੱਕੀ	small forest (f)
ਤਣੀ	twine (f)
ਤਾਣੀ	up to, at the level of (pp)
ਥੱਬਾ	bundle (m)
ਥਿਗੜੀ	patch of cloth (f)
ਦੁੱਖ	sorrow (m)

Sri Satguru Jagjit Singh Ji eLibrary NamdhariElibrary@gmail.com

ਧੂਹਣਾ	to pull, drag (vt)
ਨੁਹਾਰ	appearance (f)
ਪਟਾਕੀ	blue flowers of a weed (f)
ਪੰਡ	heap (f)
ਪਾਰ	across (adv)
ਪੈਰ	foot (m)
ਪੈਲ	peacock's dance (f)
ਫ਼ਿਕਰ	worry (m)
ਬ੍ਰਿੱਛ	tree (m)
ਬੁਣਨਾ	to weave (vt)
ਬੁੱਤ	image, idol; figure (m)
ਰੇਤਾ, ਰੇਤ	sand (m/f)
ਲੱਕ	waist (m)
ਲਮਕਣਾ	to hang, dangle (vi)
ਵਗਾਉਣਾ	to make flow or spill (vt)

Sri Satguru Jagjit Singh Ji eLibrary NamdhariElibrary@gmail.com

Lesson 26
ਸਬਕ ੨੬
ਅੰਮ੍ਰਿਤਾ ਪ੍ਰੀਤਮ

ਆਖਾਂ ਵਾਰਿਸ ਸ਼ਾਹ ਨੂੰ!

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕ਼ਬਰਾਂ ਵਿੱਚੋਂ ਬੋਲ!
ਤੇ ਅੱਜ ਕਿਤਾਬੇ ਇਸ਼ਕ਼ ਦਾ ਕੋਈ ਅਗਲਾ ਵਰਕ਼ਾ ਫੋਲ!
ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ:
ਵੇ ਦਰਦਮੰਦਾਂ ਦਿਆ ਦਰਦੀਆ! ਉੱਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ
ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲ਼ਾ
ਤੇ ਉਨ੍ਹਾ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ
ਇਸ ਜ਼ਰਖ਼ੇਜ਼ ਜ਼ਮੀਨ ਦੇ ਲੂੰ ਲੂੰ ਫੁੱਟਿਆ ਜ਼ਹਿਰ
ਗਿੱਠ ਗਿੱਠ ਚੜ੍ਹੀਆਂ ਲਾਲੀਆਂ ਫੁੱਟ ਫੁੱਟ ਚੜ੍ਹਿਆ ਕ਼ਹਿਰ
ਵਿਹੁ ਵਲਿੱਸੀ ਵਾ ਫਿਰ ਵਣ ਵਣ ਵੱਗੀ ਜਾ
ਉਨ੍ਹੇ ਹਰ ਇੱਕ ਵਾਂਸ ਦੀ ਵੰਞ਼ਲੀ ਦਿੱਤੀ ਨਾਗ ਬਣਾ
ਪਹਿਲਾ ਡੰਗ ਮਦਾਰੀਆਂ ਮੰਤ੍ਰ ਗਏ ਗੁਆਚ
ਦੂਜੇ ਡੰਗ ਦੀ ਲੱਗ ਗਈ ਜਣੇ-ਖਣੇ ਨੂੰ ਲਾਗ
ਨਾਗਾਂ ਕੀਲੇ ਲੋਕ-ਮੂੰਹ ਬੱਸ ਫਿਰ ਡੰਗ ਹੀ ਡੰਗ
ਪਲੋ-ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ।
ਗਲ਼ਿਓਂ ਟੁੱਟੇ ਗੀਤ ਫਿਰ ਤ੍ਰੱਕਲ਼ਿਉਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ ਚਰਖ਼ੜੇ ਘੂਕਰ ਬੰਦ
ਸਣੇ ਸੇਜ ਦੇ ਬੇੜ੍ਹੀਆਂ ਲੁੱਡਣ ਦਿੱਤੀਆਂ ਰੋੜ੍ਹ
ਸਣੇ ਡਾਲ਼ੀਆਂ ਪੀਂਘ ਅੱਜ ਪਿੱਪਲ਼ਾਂ ਦਿੱਤੀ ਤੋੜ
ਜਿੱਥੇ ਵੱਜਦੀ ਸੀ ਫੂਕ ਪਿਆਰ ਦੀ ਵੇ ਉਹ ਵੰਞ਼ਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ ਭੁੱਲ ਗਏ ਉਹਦੀ ਜਾਚ
ਧਰਤੀ ਤੇ ਲਹੂ ਵੱਸਿਆ ਕ਼ਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਹਿਜ਼ਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ
ਅੱਜ ਸੱਭੇ ਕੈਦੋ ਬਣ ਗਏ ਹੁਸਨ ਇਸ਼ਕ਼ ਦੇ ਚੋਰ
ਅੱਜ ਕਿੱਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇੱਕ ਹੋਰ
ਅੱਜ ਆਖਾਂ ਵਾਰਿਸ ਸ਼ਾਹ ਨੂੰ ਤੂੰ ਹੀ ਕ਼ਬਰਾਂ ਵਿੱਚੋਂ ਬੋਲ!
ਤੇ ਅੱਜ ਕਿਤਾਬੇ ਇਸ਼ਕ਼ ਦਾ ਕੋਈ ਅਗਲਾ ਵਰਕ਼ਾ ਫੋਲ!

ਲੰਮੀਆਂ ਵਾਟਾਂ (1947) ਵਿੱਚੋਂ

ਅੰਮ੍ਰਿਤਾ ਪ੍ਰੀਤਮ ਦੀ ਇਹ ਮਸ਼ਹੂਰ ਨਜ਼ਮ ਹਾਲ ਵਿੱਚ ਹੋਰ ਵੀ ਮਕਬੂਲ ਹੋਈ ਹੈ। ਲੇਖਕ ਦੇ ਨਾਵਲ ਤੇ ਅਧਾਰਿਤ ਫ਼ਿਲਮ, *ਪਿੰਜਰ*, ਵਿੱਚ ਵਡਾਲੀ ਬ੍ਰਦਰਜ਼ ਨੇ ਇਸ ਨੂੰ ਬਾਖ਼ੂਬੀ ਗਾਇਆ ਹੈ। ਪਾਕਿਸਤਾਨ ਦੇ ਮਸ਼ਹੂਰ ਸੰਗੀਤਕਾਰ, ਮੀਕਾਲ ਹਸਨ ਬੈਂਡ, ਨੇ ਵੀ ਆਪਣੀ ਪਹਿਲੀ ਐਲਬਮ, *ਸੰਪੂਰਨ*, ਵਿੱਚ ਇਸ ਨਜ਼ਮ ਦੀਆਂ ਕੁੱਝ ਸਤਰਾਂ ਚੰਗੇ ਢੰਗ ਨਾਲ ਗਾਈਆਂ ਹਨ। ਇਸ ਦੇ ਕੁੱਝ ਨਮੂਨੇ ਸੁਣਨ ਲਈ, ਜਾਓ: http://apnaorg.com/audio/amrita-2/; ਤੇ Times Music CD (Amrita Pritam recited by Gulzar)

ਵਿਚਾਰ-ਵਟਾਂਦਰੇ ਲਈ ਸੁਆਲ:

1. ਇਸ ਮਸ਼ਹੂਰ ਨਜ਼ਮ ਦਾ ਵਿਸ਼ਾ ਕਿਹੜੀ ਤਾਰੀਖ਼ੀ ਘਟਨਾ ਨਾਲ਼ ਤਾਲੁਕ ਰੱਖਦਾ ਹੈ? ਇਸ ਘਟਨਾ ਦਾ ਪੰਜਾਬ ਉੱਤੇ ਕੀ ਅਸਰ ਹੋਇਆ, ਇਸ ਉੱਤੇ ਦਸ ਫ਼ਿਕਰੇ ਲਿਖੋ।

2. ਸ਼ਾਇਰਾ ਆਪਣੇ ਦੁਖੜੇ ਵਾਰਿਸ਼ ਸ਼ਾਹ ਨੂੰ ਸੰਬੋਧਨ ਕਰ ਕੇ ਕਿਉਂ ਰੋਂਦੀ ਹੈ?

3. ਇਸ ਨਜ਼ਮ ਦਾ ਤਰਜੁਮਾ ਅੰਗ੍ਰੇਜ਼ੀ ਵਿੱਚ ਕਰੋ।

ਔਖੇ ਲਫ਼ਜ਼

ਅੰਗ	part, branch, limb (m)
ਸਣੇ	along with (adv)
ਸੇਜ	nuptial bed (f)
ਸ਼ਹਿਜ਼ਾਦੀ	princess (f)
ਕ਼ਹਿਰ	wrath, rage (m)
ਕ਼ਬਰ	grave (f)
ਕੀਲਣਾ	to charm (vt)
ਗੁਆਚ	lost (adj/u)
ਚੋਣਾ	to leak, drip (vi)
ਚੋਰ	thief (m)
ਜ਼ਹਿਰ	poison (m)
ਜਣਾ-ਖਣਾ	anyone (m)
ਜਾਚ	method, skill (f)
ਡੰਗ	sting (m)
ਡਾਲ਼ੀ	branch (f)
ਤ੍ਰੱਕਲਾ	spindle (m)
ਦਰਦਮੰਦ	sympathetic (adj/u)
ਦਰਦੀ	sympathizer (adj/u)
ਨਾਗ	cobra (m)
ਪਲੋ-ਪਲੀ	moment by moment (adv)
ਪਿੱਪਲ	large shady tree in the fig family, *Ficus religiosa* (m)
ਫੁੱਟਣਾ	to be broken; to sprout (vi)
ਫੋਲਣਾ	to rummage, search through (vt)
ਬੇਲਾ	forest of high grass (m)
ਮੰਤ੍ਰ	mantra, mystic formula (m)

Sri Satguru Jagjit Singh Ji eLibrary NamdhariElibrary@gmail.com

ਮਦਾਰੀ	itinerant performer, juggler (m)
ਰਲਾ	mixture (m)
ਰੋੜ੍ਹ	swift current (m)
ਲਹੂ	blood (m)
ਲਾਸ਼	dead body, corpse (f)
ਲਾਗ	infection (f)
ਲੁੱਡਣ	the boatman in *Hir*
ਲੂੰ	small body hair, pore (m)
ਵਣ	forest (m)
ਵਰਕਾ	folio, page (of paper) (m)
ਵਾਂਸ, ਬਾਂਸ	bamboo (m)
ਵਿਹੁ, ਵਿਸ	poison, venom (f)
ਵੈਣ	lament (m)

Sri Satguru Jagjit Singh Ji eLibrary NamdhariElibrary@gmail.com

Lesson 27
ਸਬਕ ੨੭
ਅਹਿਮਦ ਰਾਹੀ

ਦੇਸਾਂ ਵਾਲਿਓ

ਦੇਸਾਂ ਵਾਲਿਓ ਅਪਣੇ ਦੇਸ ਅੰਦਰ
ਅਸੀਂ ਆਏ ਹਾਂ ਵਾਂਙ ਪਰਦੇਸੀਆਂ ਦੇ।
ਘਰਾਂ ਵਾਲਿਓ ਅਪਣੇ ਘਰ ਅੰਦਰ
ਅਸੀਂ ਆਏ ਹਾਂ ਵਾਂਙ ਪਰਾਹੁਣਿਆਂ ਦੇ।

ਇਸ ਮਿੱਟੀ ਦੀ ਕੁੱਖ 'ਚ ਮਾਂ ਮੇਰੀ
ਸੁੱਤੀ ਪਈ ਹੈ ਸਮਿਆਂ ਦੀ ਹੂਕ ਬਣ ਕੇ।
ਇਸ ਪਾਣੀ ਨਾਲ਼ ਪਾਣੀ ਹੋਏ ਨੀਰ ਮੇਰੇ
ਇੱਥੇ ਆਸ ਤੜਫੀ ਮੇਰੀ ਕੂਕ ਬਣ ਕੇ
ਕਿਸੇ ਬਣ ਦੇ ਕਾਲੜੇ ਰੁੱਖ ਵਾਂਙੂੰ
ਧੁੱਪਾਂ ਛਾਵਾਂ ਦੇ ਭਾਰ ਨਾਲ਼ ਡੋਲਦਾ ਹਾਂ
ਅਪਣੀ ਮਾਂ ਦੀ ਕ਼ਬਰ ਨੂੰ ਲੱਭਦਾ ਹਾਂ
ਭੈਣ ਭਰਾਵਾਂ ਦੀਆਂ ਹੱਡੀਆਂ ਟੋਲਦਾ ਹਾਂ।

ਦਿਲਾਂ ਵਾਲਿਓ ਦਿਲਾਂ ਦੇ ਬੰਨ੍ਹ ਟੁੱਟ ਗਏ
ਠਾਠਾਂ ਮਾਰਦੇ ਨੇ ਹੜ੍ਹ ਸੱਧਰਾਂ ਦੇ।
ਜਿਨ੍ਹਾਂ ਕੰਧਾਂ ਦੀਆਂ ਛਾਵਾਂ 'ਚ ਖੇਡਦੇ ਸਾਂ
ਉਨ੍ਹਾਂ ਕੰਧਾਂ ਨਾਲ਼ ਲੱਗ ਕੇ ਰੋ ਲਈਏ।
ਦੁੱਖਾਂ ਦਰਦਾਂ ਦੇ ਹਾਲੜੇ ਫੋਲ ਕੇ ਤੇ
ਦੁਖੀ ਕਰ ਲਈਏ ਦੁਖੀ ਹੋ ਲਈਏ।
ਇਸ ਸ਼ਹਿਰ ਦੇ ਬਾਗ਼ ਬਗ਼ੀਚਿਆਂ ਦੇ
ਕਦੀ ਅਸੀਂ ਨਿਮਾਣੇ ਸਾਂ ਫੁੱਲ ਯਾਰੋ।
ਇਸ ਆਲ੍ਹਣਿਓਂ ਡਿੱਗੇ ਹੋਏ ਬੋਟ ਅਸੀਂ
ਕੋਈ ਚੁੱਕੇ ਨਾ ਕੱਖਾਂ ਦੇ ਮੁੱਲ ਯਾਰੋ।

ਤੁਸੀਂ ਦੇਸ ਵਾਲ਼ੇ, ਤੁਸੀਂ ਘਰਾਂ ਵਾਲ਼ੇ
ਅਸੀਂ ਬੇਘਰ, ਅਸੀਂ ਪਰਦੇਸੀ
ਤੁਸੀਂ ਹੱਸ ਕੇ ਸੀਨੇ ਨਾਲ਼ ਲਾ ਲੀਤਾ
ਅਸੀਂ ਰੋ ਕੇ ਅੱਖ ਪਰਚਾ ਲੀਤੀ
ਤਾਰੇ ਬੁਝੇ ਹੋਏ ਫਿਰ ਇੱਕ ਵਾਰ ਚਮਕੇ
ਜਿਹਦੀ ਆਸ ਨਹੀਂ ਸੀ ਉਹ ਆਸ ਪੁੱਗੀ
ਜੀਵੇ ਸ਼ਹਿਰ ਮੇਰਾ, ਜੀਉਣ ਸ਼ਹਿਰ ਵਾਲ਼ੇ
ਅਸੀਂ ਆਏ ਦੁਆਵਾਂ ਇਹ ਦੇ ਚੱਲੇ
ਚਾਰੇ ਕੰਨੀਆਂ ਸਾਡੀਆਂ ਵੇਖੋ ਖ਼ਾਲੀ
ਅਸੀਂ ਨਾਲ਼ ਨਹੀਂ ਕੁੱਝ ਲੈ ਚੱਲੇ।

ਅੱਧਾ ਦਿਲ ਸਾਡਾ ਇੱਥੇ ਤੜਫਦਾ ਏ
ਅੱਧਾ ਦਿਲ ਗਿਆ ਉੱਥੇ ਰੁਲ ਯਾਰੋ।
ਜਿਨ੍ਹਾਂ ਰਾਹਵਾਂ ਦੇ ਸਾਹਵਾਂ ਚ ਧੜਕਦੇ ਸਾਂ
ਉਨ੍ਹਾਂ ਰਾਹਵਾਂ ਲਈ ਅਸੀਂ ਅਣਜਾਣ ਹੋ ਗਏ।
ਅਸੀਂ ਲੋਕ ਇਨਸਾਨ ਤੇ ਕੀ ਬਣਦੇ
ਹਿੰਦੂ ਸਿੱਖ ਹੋ ਗਏ, ਮੁਸਲਮਾਨ ਹੋ ਗਏ।

(1951 'ਚ ਅੰਮ੍ਰਿਤਸਰ ਜਾਣ 'ਤੇ ਲਿਖੀ)

ਬਲਰਾਜ ਸਾਹਨੀ, *ਮੇਰਾ ਪਾਕਿਸਤਾਨੀ ਸਫ਼ਰਨਾਮਾ* (1963) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਵਟਾਂਦਰੇ ਲਈ ਸੁਆਲ:

1. ਸ਼ਾਇਰ ਕਿਸ ਚੀਜ਼ ਦਾ ਵਿਰਲਾਪ ਕਰ ਰਿਹਾ ਹੈ?

2. ਰਾਹੀ ਦੇ ਮੁਤਾਬਿਕ 'ਦੇਸ ਵਾਲ਼ਾ' ਹੋਣ ਦਾ ਕੀ ਭਾਵ ਤੇ ਮਹੱਤਵ ਹੈ?

3. ਲੇਖਕ ਆਪਣੇ ਆਪ ਨੂੰ 'ਪਰਦੇਸੀ' ਕਿਉਂ ਆਖਦਾ ਹੈ? ਰਾਹੀ ਮੁਤਾਬਿਕ 'ਪਰਦੇਸੀ' ਤੇ 'ਪਰਾਹੁਣਾ' ਲਫ਼ਜ਼ਾਂ ਵਿੱਚ ਕੀ ਫ਼ਰਕ਼ ਹੈ?

ਔਖੇ ਲਫ਼ਜ਼

ਅਣਜਾਣ	innocent, ignorant (adj/u)
ਆਲ੍ਹਣਾ	nest (m)
ਹੱਡੀ	bone (f)
ਹੜ੍ਹ	flood (m)
ਹੂਕ	*cry of pain or distress (f)*
ਕੱਖ	straw, stalk (m)
ਕੰਨੀ	border, edge (f)
ਤੜਫਣਾ	to suffer pains of separation or longing (vi)
ਦਰਦ	pain (m)
ਦੁਆਉਣਾ	to cause to give (vt)
ਧੁੱਪ	sunlight (f)
ਨਿਮਾਣਾ	humble, modest, lowly (adj/i)
ਨੀਰ	water (m)
ਪਰਾਹੁਣਾ	guest; son-in-law, husband (m)
ਪੁੱਗਣਾ	to complete, fulfill (vt)
ਬੰਨ੍ਹ	*dam, dyke (m)*
ਭਾਰ	weight, load (m)
ਮੁੱਲ	price, worth (m)
ਯਾਰ	*friend, pal (m)*
ਰੁੱਖ	tree (m)
ਰੁਲਨਾ	to be neglected, trampled (vi)

Sri Satguru Jagjit Singh Ji eLibrary NamdhariElibrary@gmail.com

Lesson 28
ਸਬਕ ੨੮
ਸ਼ਿਵ ਬਟਾਲਵੀ

ਇਸ਼ਤਿਹਾਰ

ਇੱਕ ਕੁੜੀ ਜਿਦ੍ਹਾ ਨਾਮ ਮੁਹੱਬਤ
ਗੁੰਮ ਹੈ, ਗੁੰਮ ਹੈ, ਗੁੰਮ ਹੈ।
ਸਾਦ-ਮੁਰਾਦੀ ਸੁਹਣੀ ਫ਼ੱਬਤ
ਗੁੰਮ ਹੈ, ਗੁੰਮ ਹੈ, ਗੁੰਮ ਹੈ।

ਸੂਰਤ ਉਸ ਦੀ ਪਰੀਆਂ ਵਰਗੀ
ਸੀਰਤ ਦੀ ਉਹ ਮਰੀਅਮ ਲੱਗਦੀ
ਹੱਸਦੀ ਹੈ ਤਾਂ ਫੁੱਲ ਝੜਦੇ ਨੇ
ਤੁਰਦੀ ਹੈ ਤਾਂ ਗ਼ਜ਼ਲ ਹੈ ਲੱਗਦੀ
ਲੰਮ-ਸੁਲੰਮੀ ਸਰੂ ਕੱਦ ਦੀ
ਉਮਰ ਅਜੇ ਹੈ ਮਰ ਕੇ ਅੱਗ ਦੀ
ਪਰ ਨੈਣਾਂ ਦੀ ਗੱਲ ਸਮਝਦੀ।
ਗੁੰਮਿਆਂ ਜਨਮ ਜਨਮ ਹਨ ਹੋਏ
ਪਰ ਲਗਦੈ ਜਿਉਂ ਕਲ੍ਹ ਦੀ ਗੱਲ ਹੈ
ਇਉਂ ਲਗਦੈ ਜਿਉਂ ਅੱਜ ਦੀ ਗੱਲ ਹੈ
ਇਉਂ ਲਗਦੈ ਜਿਉਂ ਹੁਣ ਦੀ ਗੱਲ ਹੈ

ਹੁਣੇ ਤਾਂ ਮੇਰੇ ਕੋਲ ਖੜ੍ਹੀ ਸੀ
ਹੁਣੇ ਤਾਂ ਮੇਰੇ ਕੋਲ ਨਹੀਂ ਹੈ
ਇਹ ਕੀ ਛਲ ਹੈ, ਇਹ ਕੇਹੀ ਭਟਕਣ
ਸੋਚ ਮੇਰੀ ਹੈਰਾਨ ਬੜੀ ਹੈ
ਨਜ਼ਰ ਮੇਰੀ ਹਰ ਆਉਂਦੇ ਜਾਂਦੇ
ਚਿਹਰੇ ਦਾ ਰੰਗ ਫੋਲ ਰਹੀ ਹੈ
ਓਸ ਕੁੜੀ ਨੂੰ ਟੋਲ ਰਹੀ ਹੈ
ਸੰਝ ਢਲੇ ਬਾਜ਼ਾਰਾਂ ਦੇ ਜਦ
ਮੋੜਾਂ 'ਤੇ ਖ਼ੁਸ਼ਬੋ ਉੱਗਦੀ ਹੈ
ਵਿਹਲ, ਥਕਾਵਟ, ਬੇਚੈਨੀ ਜਦ
ਚੌਰਾਹਿਆਂ 'ਤੇ ਆ ਜੁੜਦੀ ਹੈ
ਰੋਲੇ ਲਿੱਪੀ ਤਨਹਾਈ ਵਿੱਚ
ਓਸ ਕੁੜੀ ਦੀ ਖੁੜ ਖਾਂਦੀ ਹੈ
ਓਸ ਕੁੜੀ ਦੀ ਖੁੜ ਦਿੱਸਦੀ ਹੈ।

ਹਰ ਛਿੰਨ ਮੈਨੂੰ ਇਉਂ ਲੱਗਦਾ ਹੈ
ਹਰ ਦਿਨ ਮੈਨੂੰ ਇਉਂ ਲੱਗਦਾ ਹੈ
ਜੁੜੇ ਜਸ਼ਨ ਨੇ ਭੀੜਾਂ ਵਿੱਚੋਂ
ਜੁੜੀ ਮਹਿਕ ਦੇ ਝੁਰਮਟ ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਉਹ ਮੈਨੂੰ ਆਵਾਜ਼ ਦਵੇਗੀ
ਮੈਂ ਉਹਨੂੰ ਪਹਿਚਾਣ ਲਵਾਂਗਾ
ਉਹ ਮੈਨੂੰ ਪਹਿਚਾਣ ਲਵੇਗੀ
ਪਰ ਇਸ ਰੌਲੇ ਦੇ ਹੜ੍ਹ ਵਿੱਚੋਂ
ਕੋਈ ਮੈਨੂੰ ਆਵਾਜ਼ ਨਾ ਦੇਂਦਾ
ਕੋਈ ਵੀ ਮੇਰੇ ਵੱਲ ਨਾ ਵਿੰਹਦਾ

ਪਰ ਖੋਰੇ ਕਿਉਂ ਟਪਲਾ ਲੱਗਦਾ
ਪਰ ਖੋਰੇ ਕਿਉਂ ਝਉਲਾ ਪੈਂਦਾ
ਹਰ ਦਿਨ ਹਰ ਇਕ ਭੀੜ ਜੁੜੀ 'ਚੋਂ
ਬੁੱਤ ਉਦ੍ਹਾ ਜਿਉਂ ਲੰਘ ਕੇ ਜਾਂਦਾ
ਪਰ ਮੈਨੂੰ ਹੀ ਨਜ਼ਰ ਨਾ ਆਉਂਦਾ
ਗੁੰਮ ਗਈ ਮੈਂ ਉਸ ਕੁੜੀ ਦੇ
ਚਿਹਰੇ ਦੇ ਵਿੱਚ ਗੁੰਮਿਆ ਰਹਿੰਦਾਂ
ਉਸ ਦੇ ਗ਼ਮ ਵਿੱਚ ਘੁਲਦਾ ਰਹਿੰਦਾ
ਉਸ ਦੇ ਗ਼ਮ ਵਿੱਚ ਖੁਰਦਾ ਜਾਂਦਾ।
ਓਸ ਕੁੜੀ ਨੂੰ ਮੇਰੀ ਸਹੁੰ ਹੈ
ਓਸ ਕੁੜੀ ਨੂੰ ਅਪਣੀ ਸਹੁੰ ਹੈ
ਓਸ ਕੁੜੀ ਨੂੰ ਸਭ ਦੀ ਸਹੁੰ ਹੈ
ਓਸ ਕੁੜੀ ਨੂੰ ਜੱਗ ਦੀ ਸਹੁੰ ਹੈ
ਓਸ ਕੁੜੀ ਨੂੰ ਰੱਬ ਦੀ ਸਹੁੰ ਹੈ
ਜੇ ਕਿਤੇ ਪੜ੍ਹਦੀ ਸੁਣਦੀ ਹੋਵੇ
ਜਿਉਂਦੀ ਜਾਂ ਉਹ ਮਰ ਰਹੀ ਹੋਵੇ
ਇੱਕ ਵਾਰੀ ਆ ਕੇ ਮਿਲ਼ ਜਾਵੇ
ਵਫ਼ਾ ਮੇਰੀ ਨੂੰ ਦਾਗ਼ ਨਾ ਲਾਵੇ
ਨਹੀਂ ਤਾਂ ਮੈਥੋਂ ਜੀਆ ਨਾ ਜਾਂਦਾ
ਗੀਤ ਕੋਈ ਲਿਖਿਆ ਨਾ ਜਾਂਦਾ।

ਇੱਕ ਕੁੜੀ ਜਿਦ੍ਹਾ ਨਾਮ ਮੁਹੱਬਤ
ਗੁੰਮ ਹੈ, ਗੁੰਮ ਹੈ, ਗੁੰਮ ਹੈ।
ਸਾਦ-ਮੁਰਾਦੀ ਸੁਹਣੀ ਫ਼ੱਬਤ
ਗੁੰਮ ਹੈ, ਗੁੰਮ ਹੈ, ਗੁੰਮ ਹੈ।

ਆਰਤੀ (1971) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਵਟਾਂਦਰੇ ਲਈ ਸੁਆਲ:

1. ਇਸ ਨਜ਼ਮ ਨੂੰ ਸਰਲ ਪੰਜਾਬੀ ਵਿੱਚ ਲਿਖੋ।

2. ਸੋਚੋ ਕਿ ਤੁਸੀਂ ਕਿਸੇ ਦੀ ਤਲਾਸ਼ ਕਰ ਰਹੇ ਹੋ: ਦਸ ਕੁ ਸਤਰਾਂ ਵਿੱਚ, ਉਸ ਬਾਰੇ ਇੱਕ ਇਸ਼ਤਿਹਾਰ ਲਿਖੋ।

3. ਇਸ ਨਜ਼ਮ ਦਾ ਤਰਜੁਮਾ ਅੰਗ੍ਰੇਜ਼ੀ ਵਿੱਚ ਕਰੋ।

ਔਖੇ ਲਫ਼ਜ਼

ਸਰੂ	fir, cypress (m)
ਸਾਦ-ਮੁਰਾਦਾ	simple, plain (adj/i)
ਸੀਰਤ	character, nature (f)
ਕੱਦ	height (m)
ਕਿਹੀ, ਕੇਹੀ	what sort of (f)
ਖ਼ੁਸ਼ਬੋ, ਖ਼ੁਸ਼ਬੂ	fragrance (f)
ਖੁਰਨਾ	to dissolve (vi)
ਖੌਰੇ, ਖ਼ਬਰੇ	'I wonder,' 'maybe'
ਗ਼ਜ਼ਲ	poem (f)
ਗੁੰਮ	missing, lost (adj/u)
ਘੁਲਨਾ	to dissolve, melt (vi)
ਚੌਰਾਹਾ	square, intersection (m)
ਛਲ	illusion, trick (m)
ਛਿਣ	moment (m)
ਜੱਗ	world (m)
ਝੌਲਾ	dim or indistinct recognition (m)
ਟਪਲਾ	misunderstanding (m)
ਤਨਹਾਈ	loneliness (f)
ਥਕਾਵਟ	weariness
ਥੁੜ	lack, want, dearth (f)
ਦਾਗ਼	stain, blemish, mark (m)
ਪਹਿਚਾਣ, ਪਛਾਣ	recognition (f)
ਪਰੀ	fairy (f)
ਫ਼ੱਬਤ	adornment, beauty (f)
ਫੋਲਨਾ, ਫਰੋਲਨਾ	to rummage, search through (vt)
ਬੇਚੈਨੀ	restlessness (f)
ਭਟਕਣ	uneasiness (f)
ਮਰੀਅਮ	Mary (mother of Jesus)
ਮੋੜ	turn, street corner (m)
ਰੌਲਾ	clamor, commotion (m)
ਲੰਮ-ਸੁਲੰਮਾ	handsomely tall (adj/i)
ਲਿੱਪਣਾ	to plaster, coat, smear (vt)

Sri Satguru Jagjit Singh Ji eLibrary NamdhariElibrary@gmail.com

ਵਫ਼ਾ	fidelity, faithfulness (f)
ਵਿਹਣਾ	to look at (vt)

Sri Satguru Jagjit Singh Ji eLibrary NamdhariElibrary@gmail.com

Lesson 29
ਸਬਕ ੨੯
ਅਹਿਮਦ ਸਲੀਮ

ਦੇਸ ਪੰਜਾਬ

ਧਰਤੀ ਦੇਸ ਪੰਜਾਬ ਦੀ ਉਹ ਦੁੱਲੇ ਦੀ ਬਾਰ
ਜੰਮਿਆ ਮਿਰਜ਼ਾ ਸੂਰਮਾ ਕਰਦਾ ਕੌਲ ਕ਼ਰਾਰ

ਭਗਤ ਸਿੰਘ ਦਾ ਦੇਸ ਤੇ ਮੁਲਖ਼ ਇਹ ਖ਼ਰਲਾਂ ਦਾ
ਲਹੂ ਬਾਲ਼ ਕੇ ਲੱਭਦੀ ਖ਼ਲਕਤ ਇੱਥੇ ਰਾਹ

ਧਰਤੀ ਦੇਸ ਪੰਜਾਬ ਦੀ ਭਾਵੇਂ ਬੜੀ ਅਮੀਰ
ਜੀਉਂਦਿਆਂ ਜੀਅ ਪਰ ਫਿਰੇ ਪਈ ਗਲ਼ ਵਿੱਚ ਪਾ ਕਫ਼ਨੀਰ

ਖੂਹ ਗਿੜਦੇ ਵਿੱਚ ਬਸਤੀਆਂ, ਹੋਠੀਂ ਨੱਚੇ ਤ੍ਰੇਹ
ਸਿੱਟਿਆਂ ਉੱਤੇ ਜੋਬਨਾਂ, ਭੁੱਖੀਂ ਲੋਕ ਮਰੇ

ਦੇਸ ਪੰਜਾਬੋਂ ਉੱਠਿਆ, ਵੱਤ ਨਫ਼ਰਤ ਦਾ ਸ਼ੋਰ
ਵਰਕਾ ਪਿਛਾਂਹ ਨੂੰ ਪਰਤਿਆ, ਤਾਰੀਖ਼ ਨੇ ਹੋਰ

ਜਿਉਂ ਤੂੰਬਾ ਉੱਡਦਾ ਰੂੰ ਦਾ, ਉੱਡੇ ਇੰਜ ਸਰੀਰ
ਤੇਰੇ ਹੱਥੋਂ ਅਮਨ ਦੀ ਚੁੰਨੀ ਲੀਰ ਕਤੀਰ

ਜਿੰਦੜੀ ਦੇ ਮੂੰਹ ਪਈ ਨੀਂ, ਬੂਹੇ ਬੂਹੇ ਧੂੜ
ਮਾਏ ਲ਼ਕਾਵਾਂ ਕਿੰਜ ਮੈਂ ਤੇਰਾ ਨਿੱਤ ਦਾ ਕੂੜ

ਪੁੱਤਰ ਤੇਰੇ ਛੇੜਦੇ ਦੂਰ ਪਾਰ ਨਿੱਤ ਲਾਮ
ਪੀਣ ਬਿਗ਼ਾਨੇ ਸਿਰਾਂ ਦੇ ਭਰ ਭਰ ਸੂਹੇ ਜਾਮ

ਤੇਰੀ ਮਿੱਟੀਓਂ ਉੱਠਦੇ ਨਿੱਤ ਦਿਹਾੜੀ ਠੱਗ
ਦੂਜਿਆਂ ਦੇ ਘਰ ਫੂਕ ਕੇ ਸੇਕਣ ਬਹਿੰਦੇ ਅੱਗ

ਤੇਰੀ ਚੁੰਨੀ ਸਾੜਦੇ ਵੱਤ ਵੇਂਹ੍ਦੇ ਨਦੀਆਂ ਚੀਰ
ਮਿਰਜ਼ੇ ਨੂੰ ਵੰਞ ਘੇਰਦੇ ਜ਼ਾਲਿਮ ਮੀਰ ਸ਼ਮੀਰ

ਸਾਹਿਬਾਂ ਬੰਗਲਾ ਦੇਸ ਦੀ, ਮਿਰਜ਼ੇ ਦੀ ਜਿੰਦ ਜਾਨ
ਵੰਞ ਕੇ ਜੋਬਨ ਲੁੱਟਦੇ, ਲੁੱਟ ਖੜਦੇ ਮੁਸਕਾਨ

ਕੈਦ ਕੀਤੋ ਨੇ ਸੂਰਮਾ ਰਾਂਝਣ ਯਾਰ ਤਬੀਬ
ਬੱਧੇ ਉਸ ਦੇ ਹੱਥ ਤੇ ਟੁੱਕੀ ਉਹਦੀ ਜੀਭ

ਸੰਗਲ ਸੰਗਲ ਬੋਲਦਾ ਇੱਕੋ ਹੱਕ ਦਾ ਬੋਲ
ਓੜਕ ਲੋਕਾਂ ਜਿੱਤਣਾ, ਲੋਕ ਰਾਜ ਦਾ ਘੋਲ

ਤੇਰੀ ਅਣਖ ਦਾ ਲਹੂ ਵੱਤ, ਡੁੱਲਿਆ ਰਾਹਵਾਂ 'ਤੇ
ਤੇਰੇ ਨਾਂ ਦੀ ਮਾਏ ਨੀ ਬੋਲੀ ਨਿੱਤ ਪਵੇ

ਤੇਰੀ ਗੋਦ ਦੀ ਅੰਬੜੀਏ, ਮਾਲਾ ਜਪਦੇ ਜੋ
ਰੋ ਰੋ ਤੈਥੋਂ ਪੁੱਛਦੇ, ਨੀਂ ਤੇਰੇ ਪੁੱਤਰ ਓਹ

ਮਾਏ ਨੀ ਲੋਰੀ ਗਾਉਂਦੀਏ, ਕਿਉਂ ਤੇਰੀ ਝੋਲੀ ਮੌਤ
ਤੇਰੀਆਂ ਅੱਖਾਂ 'ਚ ਪਿਆਰ ਦੀ ਹੁਣ ਕਦ ਜਗਸੀ ਜੋਤ

ਮਹਿਕਣ ਦੋਵੇਂ ਧਰਤੀਆਂ, ਵਿੱਛੜੇ ਸੱਜਣਾਂ ਹਾਰ
ਟੁੱਟੀ ਹੋਈ ਤੰਦ ਜੋੜ ਦੇ, ਨੀਲੀ ਦੇ ਅਸਵਾਰ

ਵਿਛੜੇ ਮੇਲ ਵਿਖਾਈਏ, ਅੱਜ ਨਦੀਆਂ ਨੂੰ ਚੀਰ
ਅਹਿਮਦ ਬਾਝ ਰੰਝੇਟੜੇ ਹੀਰ ਤੱਤੀ ਦਿਲਗੀਰ

ਕੁੰਜਾਂ ਮੋਈਆਂ (1989) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਵਟਾਂਦਰੇ ਲਈ ਸੁਆਲ:

1. ਸ਼ਾਇਰ ਪੰਜਾਬੀ ਸਾਹਿਤ ਦੇ ਕੁੱਝ ਪਾਤਰਾਂ ਦਾ ਜ਼ਿਕਰ ਕਰਦਾ ਹੈ। ਉਨ੍ਹਾਂ ਬਾਰੇ ਦਸ ਫ਼ਿਕਰੇ ਲਿਖੋ।

2. ਪੰਜਾਬ ਦੀ ਧਰਤੀ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਦਾ ਲੇਖਕ ਜ਼ਿਕਰ ਕਰਦਾ ਹੈ ਤੇ ਕਿਉਂ?

3. ਕੀ ਅੰਮ੍ਰਿਤਾ ਪ੍ਰੀਤਮ ਤੇ ਅਹਿਮਦ ਰਾਹੀ ਵਾਂਙ ਅਹਿਮਦ ਸਲੀਮ ਵੀ ਪੰਜਾਬ ਦਾ ਦੁਖੜਾ ਰੋ ਰਿਹਾ ਹੈ? ਆਪਣੇ ਵਿਚਾਰ ਦੱਸੋ।

ਔਖੇ ਲਫ਼ਜ਼

ਓੜਕ	end (m); in the end (adv)
ਅਸਵਾਰ	rider (m)
ਅਣਖ	self-respect, sense of honor (f)
ਅੰਬੜੀ	mother, mommy (f)
ਅਮਨ	peace, order, tranquility (m)
ਅਮੀਰ	rich (adj/u)
ਸੰਗਲ਼	chain (m)
ਸੂਰਮਾ	epithet for a brave warrior (m)
ਸੇਕਣਾ	to heat (vt)
ਹਾਰ	garland, necklace (m)
ਕਫ਼ਨੀਰ	shroud (f)
ਕ਼ਰਾਰ = ਇਕ਼ਰਾਰ	agreement (m)
ਕੂੜ	falsehood (m)
ਕ਼ੈਦ	imprisonment (f); imprisoned (adj/u)
ਕੌਲ	vow, promise (m)
ਖ਼ਰਲ	the tribe which rebelled against the British in 1857
ਖ਼ਲਕਤ	throng; mankind (f)
ਗਿੜਨਾ	to rotate (vi)
ਘੋਲ਼	conflict, struggle (m)
ਛੇੜਨਾ	to fiddle with; to start (a war, etc.) (vt)
ਜਪਣਾ	to recite, repeat (vi)
ਜਾਮ	cup, goblet (m)
ਜ਼ਾਲਿਮ	cruel, merciless (adj/u)
ਜਿੰਦੜੀ	life (f)
ਜੋਤ	light (f)
ਝੋਲ਼ੀ	lap; shirt spread to receive something (f)
ਠੱਗ	cheat, thug (m)
ਤੱਤਾ	hot; impatient; unlucky (adj/i)
ਤਬੀਬ	physician (m)
ਤ੍ਰੇਹ	thirst (f)
ਤੂੰਬਾ	ball of cotton (m)
ਦਿਲਗੀਰ	gloomy, depressed (adj/u)

Sri Satguru Jagjit Singh Ji eLibrary NamdhariElibrary@gmail.com

ਦੁੱਲਾ	a folk hero
ਧੂੜ	dust (f)
ਨਫ਼ਰਤ	hatred (f)
ਨਿੱਤ	daily (adv)
ਪਰਤਣਾ	to return (vi)
ਪੁੱਤਰ, ਪੁੱਤ	son (m)
ਬਸਤੀ	colony, ward (f)
ਬੱਧਾ	tied, obliged (adj/i)
ਬਾਰ	interfluvial wasteland in West Punjab (f)
ਬਿਗਾਨਾ	strange, foreign (adj/i)
ਮਹਿਕਣਾ	to emit fragrance (vi)
ਮਾਲ਼ਾ	garland, rosary (f)
ਮੁਸਕਾਨ	smile (f)
ਮੁਲਖ਼	country (m)
ਲੀਰ ਕਤੀਰ	cut to shreds (adj/u)
ਲੁੱਟਣਾ	to rob, loot (vt)
ਵੰਜਣਾ	to be squandered, wasted (vi)
ਵੰਝ	bamboo pole (m)
ਵੱਤ	again
ਵਿੱਛੜਨਾ	to be separated, to depart (vi)

Sri Satguru Jagjit Singh Ji eLibrary NamdhariElibrary@gmail.com

Lesson 30
ਸਬਕ ੩੦
ਸੁਰਜੀਤ ਪਾਤਰ

ਗੀਤ

ਓਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ
ਹੁਣ ਸ਼ਿਵ ਕੁਮਾਰ ਦੀ ਵਾਰੀ ਏ
ਉਹ ਜ਼ਖ਼ਮ ਪੁਰਾਣੇ ਭੁੱਲ ਵੀ ਗਏ
ਨਵਿਆਂ ਦੀ ਜੋ ਫੇਰ ਤਿਆਰੀ ਏ

ਸਾਨੂੰ ਤਾਂ ਸ਼ੇਖ਼ ਫ਼ਰੀਦ ਬਿਨਾਂ
ਅਮਿਓਂ ਵੀ ਫਿੱਕਾ ਲੱਗਦਾ ਏ
ਸਾਨੂੰ ਤਾਂ ਸੰਤ ਕਬੀਰ ਬਿਨਾਂ
ਦੋਮੇਲ਼ ਹੀ ਨਿੱਕਾ ਲੱਗਦਾ ਦੇ

ਜੋ ਵੀ ਜਗਦਾ ਹੈ ਸਾਡਾ ਹੈ
ਸਾਨੂੰ ਹਰ ਇੱਕ ਜੋਤ ਪਿਆਰੀ ਏ

ਅਸਮਾਨ ਜਿਦ੍ਹੇ ਲਈ ਥਾਲ਼ ਜਿਹਾ
ਸੂਰਜ ਤੇ ਚੰਦ ਚਿਰਾਗ਼ ਧਰੇ
ਤਾਰੇ ਜਿਸ ਖ਼ਾਤਿਰ ਮੋਤੀ ਸਨ
ਤੇ ਪਵਨ ਚਵਰ ਦਿਨ ਰਾਤ ਕਰੇ

ਉਸ ਸ਼ਾਇਰ ਦੀ ਕਵਿਤਾ ਵਿੱਚ
ਇਹ ਲੀਕ ਜਿਹੀ ਕਿਸ ਮਾਰੀ ਏ

ਜੋ ਅਪਣੀ ਮਾਂ ਨੂੰ ਮਾਂ ਨ ਕਹੇ
ਉਹ ਛਾਂ ਵੱਲੋਂ ਥੁੜ ਜਾਵੇਗਾ
ਧੁੱਪਾਂ ਬੇਗਾਨੀਆਂ ਸਹਿ ਸਹਿ ਕੇ
ਇੱਕ ਦਿਨ ਆਪੇ ਮੁੜ ਆਵੇਗਾ

ਉਸ ਨੂੰ ਜਾਪੇਗਾ 'ਵਾਜ਼ ਜਿਵੇਂ
ਓਦ੍ਹੀ ਠੰਢੜੀ ਮਾਂ ਨੇ ਮਾਰੀ ਏ

ਮੈਂ ਕਦ ਕਹਿੰਦਾਂ ਇਨਸਾਫ਼ ਨਾ ਮੰਗ
ਜਾਂ ਇਹ ਕਿ ਹੱਕ ਲਈ ਛੇੜ ਨ ਜੰਗ
ਪਰ ਦੁਸ਼ਮਣ ਦੀ ਪਹਿਚਾਣ ਤਾਂ ਕਰ
ਐਵੇਂ ਨਾ ਕੱਟ ਅਪਣੇ ਹੀ ਅੰਗ

ਇਉਂ ਖੰਭਾਂ ਦੀ ਤੌਹੀਨ ਨ ਕਰ
ਇਹ ਛੋਟੀ ਬਹੁਤ ਉਡਾਰੀ ਏ

ਦੁੱਖਾਂ ਦੇ ਖ਼ਿਲਾਫ਼ ਅਜੇ ਲੜਨਾ
ਭੁੱਖਾਂ ਦੇ ਖ਼ਿਲਾਫ਼ ਅਜੇ ਲੜਨਾ
ਜੋ ਛਾਂ ਦੇ ਬਹਾਨੇ ਖਾ ਜਾਂਦੇ
ਰੁੱਖਾਂ ਦੇ ਖ਼ਿਲਾਫ਼ ਅਜੇ ਲੜਨਾ

ਤੇਰੀ ਤੇਗ਼ ਦੀ ਧਾਰ ਤੋਂ ਮੈਂ ਸਦਕੇ
ਓਦ੍ਹੀ ਲੋੜ ਤੋਂ ਕੌਣ ਇਨਕਾਰੀ ਏ

ਇਹਨੂੰ ਸਾਂਭ ਕੇ ਰੱਖ ਲਿਸ਼ਕਾ ਕੇ ਰੱਖ
ਇਹਦੀ ਧਾਰ ਨੂੰ ਸਾਣ ਚੜ੍ਹਾ ਕੇ ਰੱਖ
ਨ੍ਹੇਰੇ ਵਿੱਚ ਚਾਨਣ ਲਿਖਣਾ ਏ
ਇਹਨੂੰ ਅੱਗ ਦੀ ਲਾਟ ਬਣਾ ਕੇ ਰੱਖ
ਕੁੱਝ ਸਮਿਆਂ ਵਿੱਚ ਹੁੰਦੀ ਕੇਵਲ
ਸ਼ਮਸ਼ੀਰ ਹੀ ਇੱਕ ਲਿਖਾਰੀ ਏ

ਪਰ ਤੁਰਿਆ ਪੈਂਡਾ ਕਿਉਂ ਤੁਰਨਾ
ਅੱਗੇ ਦੀ ਵਾਟ ਜੋ ਭਾਰੀ ਏ

ਹਨ੍ਹੇਰੇ ਵਿੱਚ ਸੁਲਘਦੀ ਵਰਣਮਾਲਾ (1992) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਵਟਾਂਦਰੇ ਲਈ ਸੁਆਲ:

1. 'ਓਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ ਹੁਣ ਸ਼ਿਵ ਕੁਮਾਰ ਦੀ ਵਾਰੀ ਏ' ਸਤਰ ਦਾ ਕੀ ਭਾਵ ਹੈ। ਸ਼ਾਇਰ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ?

2. ਹੇਠ ਲਿਖੇ ਲਫ਼ਜ਼ਾਂ ਦੇ ਫ਼ਿਕਰੇ ਬਣਾਓ: ਵੰਡਣਾ, ਦੋਮੇਲ, ਤੌਹੀਨ, ਉਡਾਰੀ, ਵਾਟ

3. "ਮੈਂ ਕਦ ਕਹਿੰਦਾਂ ਇਨਸਾਫ਼ ਨਾ ਮੰਗ, ਜਾਂ ਇਹ ਕਿ ਹੱਕ ਲਈ ਛੇੜ ਨ ਜੰਗ"। ਤੁਹਾਡੇ ਖ਼ਿਆਲ ਵਿੱਚ, ਕਵੀ ਕਿਸ 'ਇਨਸਾਫ਼' ਤੇ ਕਿਹੜੇ 'ਹੱਕ' ਦੀ ਗੱਲ ਕਰ ਰਿਹਾ ਹੈ?

ਔਖੇ ਲਫ਼ਜ਼

ਉਡਾਰੀ	flight (f)
ਅਮਿਓਂ	nectar (m)
ਇਨਸਾਫ਼	justice (m)
ਇਨਕਾਰੀ	denying, disavowing (adj/u)
ਸਾਂਭਣਾ	to take care of (vt)
ਸ਼ਮਸ਼ੀਰ	sword (f)
ਹੱਕ	right (m)
ਕੇਵਲ	only (adv)
ਖੰਭ	wing, feather (m)
ਚਵਰ, ਚੌਰ	ceremonial whisk (m)
ਜ਼ਖ਼ਮ	wound (m)
ਜਗਣਾ	to be lit (vi)
ਤੇਗ਼	sword (f)
ਤੌਹੀਨ	insult (f)
ਦੁਸ਼ਮਣ	enemy (m)
ਦੋਮੇਲ	horizon (m)
ਧਾਰ	sharp edge (f)
ਨ੍ਹੇਰਾ = ਹਨ੍ਹੇਰਾ	darkness (m)
ਪਵਨ	wind (f)
ਪੈਂਡਾ	path (m)
ਬਹਾਨਾ	excuse (m)
ਲਾਟ	flame (f)
ਲੀਕ	line, streak (f)
ਵੰਡਣਾ	to divide (vt)
ਵਾਟ	distance, journey (f)

Sri Satguru Jagjit Singh Ji eLibrary NamdhariElibrary@gmail.com

Lesson 31
ਸਬਕ ੩੧
ਫ਼ੈਜ਼ ਅਹਿਮਦ ਫ਼ੈਜ਼

ਗੀਤ

ਕਿਧਰੇ ਨਾ ਪੈਂਦੀਆਂ ਦੱਸਾਂ, ਵੇ ਪਰਦੇਸੀਆ ਤੇਰੀਆਂ।
ਕਾਗ ਉਡਾਵਾਂ ਸ਼ਗਨ ਮਨਾਵਾਂ, ਵਗਦੀ ਵਾਅ ਦੇ ਤਰਲੇ ਪਾਵਾਂ।
ਜਦ ਕੋਈ ਯਾਦ ਪਵੇ ਤੇ ਰੋਵਾਂ, ਜਦ ਤੇਰਾ ਜ਼ਿਕਰ ਕਰਾਂ ਤੇ ਹੱਸਾਂ।
ਕਿਧਰੇ ਨਾ ਪੈਂਦੀਆਂ ਦੱਸਾਂ, ਵੇ ਪਰਦੇਸੀਆ ਤੇਰੀਆਂ।

ਰਾਜ਼ ਨਾ ਖੋਲ੍ਹਾਂ ਘੁਲਦੀ ਜਾਵਾਂ, ਦਰਦ ਨਾ ਦੱਸਾਂ ਮੁੱਕਦੀ ਜਾਵਾਂ।
ਕਿਸ ਨੂੰ ਇਲ ਦੇ ਦਾਗ਼ ਵਿਖਾਵਾਂ, ਕਿਸ ਘਰ ਅੱਗੇ ਝੋਲੀ ਡਾਵ੍ਹਾਂ।
ਕਿਸ ਦਾ ਦਾਮਨ ਖੱਸਾਂ, ਵੇ ਪਰਦੇਸੀਆ ਤੇਰੀਆਂ।
ਕਿਧਰੇ ਨਾ ਪੈਂਦੀਆਂ ਦੱਸਾਂ, ਵੇ ਪਰਦੇਸੀਆ ਤੇਰੀਆਂ।

ਸ਼ਾਮ ਉਡੀਕਾਂ ਸੱਜਣ ਉਡੀਕਾਂ, ਆਖੇਂ ਤਾਂ ਸਾਰੀ ਉਮਰ ਉਡੀਕਾਂ।
ਖਾਟ ਗਵਾਂਢੀ ਦੀਵੇ ਬਲਦੇ, ਰੱਬਾ ਸਾਡਾ ਚਾਨਣ ਘੱਲਦੇ।
ਸਾਡਾ ਚਾਨਣ ਘੱਲਦੇ, ਜੱਗ ਵੱਸਦਾ ਏ ਮੈਂ ਵੀ ਵੱਸਾਂ।
ਵੇ ਪਰਦੇਸੀਆ ਤੇਰੀਆਂ, ਕਿਧਰੇ ਨਾ ਪੈਂਦੀਆਂ ਦੱਸਾਂ।

(1990)

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਵਟਾਂਦਰੇ ਲਈ ਸੁਆਲ:

1. ਸ਼ਾਇਰ ਕਿਹੜੀਆਂ "ਦੱਸਾਂ" ਦੀ ਗੱਲ ਕਰ ਰਿਹਾ ਹੈ? "ਪਰਦੇਸੀਆ" ਸ਼ਬਦ ਰਾਹੀਂ, ਉਹ ਕਿਸ ਨੂੰ ਸੰਬੋਧਨ ਕਰ ਰਿਹਾ ਹੈ?

2. ਇਸ ਨਜ਼ਮ ਦਾ ਤਰਜੁਮਾ ਅੰਗ੍ਰੇਜ਼ੀ ਵਿੱਚ ਕਰੋ।

ਔਖੇ ਲਫ਼ਜ਼

ਕਾਗ	crow (m)
ਖਾਟ	house (m)
ਜ਼ਿਕਰ	mention, reference (m)
ਦੱਸ	information, intimation (f)
ਦਾਮਨ	hem (m)
ਮੁੱਕਣਾ	to end, finish (vi)
ਰਾਜ਼	secret (m)
ਰਾਜ਼ ਖੋਲ੍ਹਣਾ	to reveal a secret (vt)

Sri Satguru Jagjit Singh Ji eLibrary NamdhariElibrary@gmail.com

Lesson 32
ਸਬਕ ੩੨
ਅਮਰਜੀਤ ਚੰਦਨ

ਪਰਦੇਸੀਆਂ ਦਾ ਗੀਤ

ਚਿੱਟਿਆਂ ਬਨੇਰਿਆਂ 'ਤੇ ਚੁੱਪ ਬੈਠਾ ਕਾਂ
ਸਾਨੂੰ ਆਇਆਂ ਵੇਖ ਕੇ ਪਛਾਣੇਗਾ ਵੀ ਨਾ
ਵਿਹੜਿਆਂ 'ਚੋਂ ਉੱਡਦੇ ਵਰੋਲਿਆਂ ਦੀ ਛਾਂ
ਦੂਰ ਸੁੱਟੇਗੀ ਉਡਾ, ਕੋਈ ਜਾਣੇਗਾ ਵੀ ਨਾ
ਕਿਸ ਨੂੰ ਚੀਰ ਕੇ ਵਿਖਾਵਾਂਗੇ ਦਿਲ
ਜਦੋਂ ਜਾਗੀ ਨਾ ਵਰ੍ਹਿਆਂ ਤੋਂ ਸੁੱਤੀ ਪਈ ਮਾਂ
ਸਵੇਰਾਂ ਦੇ ਭੁੱਲੇ ਹੁਣ ਕਿੱਥੇ ਜਾਵਾਂਗੇ
ਜਿਹੜੇ ਜਾਣਦੇ ਸੀ ਉਹ ਵੀ ਅਣਜਾਣ ਹੋ ਗਏ।

ਖ਼ਾਲੀ ਹੱਥ, ਭਰੀ ਅੱਖ ਸਾਡੀ ਉਮਰਾਂ ਦੀ ਖੱਟੀ
ਜੱਗ ਜਿੱਤ ਕੇ ਵੀ ਸਾਰਾ, ਬਾਜ਼ੀ ਮਾਤ ਪੈ ਗਈ
ਲੈ ਕੇ ਅੰਗਾਂ ਵਿੱਚ ਧੁੱਪ ਅਸੀਂ ਗਾਹੇ ਚਾਰੇ ਚੱਕ
ਕਿਵੇਂ ਲੰਘਿਆ ਹੈ ਦਿਨ ਉੱਤੋਂ ਰਾਤ ਪੈ ਗਈ
ਸਾਰੇ ਮੱਚਿਆ ਤੂਫ਼ਾਨ, ਚੁੱਪ ਹੋਈ ਜਿੰਦ ਜਾਨ
ਲੰਬੀ ਉਮਰਾਂ ਦੀ ਕ਼ੈਦ ਸਾਥੋਂ ਨਹੀਂ ਜਾਣੀ ਕੱਟੀ
ਸਵੇਰਾਂ ਦੇ ਭੁੱਲੇ ਹੁਣ ਕਿੱਥੇ ਜਾਵਾਂਗੇ
ਜਿਹੜੇ ਜਾਣਦੇ ਸੀ ਉਹ ਵੀ ਅਣਜਾਣ ਹੋ ਗਏ।

ਜਿਨ੍ਹਾਂ ਤੁਰਨਾ ਸਿਖਾਇਆ ਉਹ ਗਏ ਰਾਹ ਮੁੱਕ
ਜਿਨ੍ਹਾਂ ਤਰਨਾ ਸਿਖਾਇਆ ਉਹ ਗਏ ਪਾਣੀ ਸੁੱਕ
ਹਰ ਪੈਰ, ਹਰ ਸਾਹ, ਜਿਹੜੇ ਰਹੇ ਅੰਗ-ਸੰਗ
ਉਹ ਚੇਤਿਆਂ ਦੀ ਖੇਡ ਵਿੱਚ ਗਏ ਕਿੱਥੇ ਲੁਕ
ਸਾਰੇ ਅਲਖ ਜਗਾਈ ਕਿਸੇ ਖ਼ੈਰ ਵੀ ਨਾ ਪਾਈ
ਰੂਹ ਦੀ ਭੁੱਖ ਨੂੰ ਕਿਤੋਂ ਵੀ ਜੁੜਿਆ ਨਾ ਟੁੱਕ
ਸਵੇਰਾਂ ਦੇ ਭੁੱਲੇ ਹੁਣ ਕਿੱਥੇ ਜਾਵਾਂਗੇ
ਜਿਹੜੇ ਜਾਣਦੇ ਸੀ ਉਹ ਵੀ ਅਣਜਾਣ ਹੋ ਗਏ॥

ਜੜ੍ਹਾਂ (1995) ਵਿੱਚੋਂ

ਵਿਚਾਰ-ਵਟਾਂਦਰੇ ਲਈ ਸੁਆਲ:

1. 'ਚਿੱਟੇ ਬਨੇਰੇ ਤੇ ਚੁੱਪ ਬੈਠੇ ਕਾਂ' ਦੀ ਤਸਵੀਰ ਕਿਸ ਚੀਜ਼ ਦਾ ਸੰਕੇਤ ਕਰਦੀ ਹੈ?

2. 'ਦੇਸ' ਤੇ 'ਪਰਦੇਸ' ਕਵੀ ਦੀਆਂ ਯਾਦਾਂ ਵਿੱਚ ਕਿਸ ਤਰ੍ਹਾਂ ਉਘੜਦੇ ਹਨ?

3. ਹੇਠ ਲਿਖੇ ਲਫ਼ਜ਼ਾਂ ਜਾਂ ਵਾਕਾਂਸ਼ਾਂ ਨੂੰ ਆਪਣੇ ਵਾਕਾਂ ਵਿੱਚ ਵਰਤੋਂ:

ਚਿੱਟਿਆਂ ਬਨੇਰਿਆਂ, ਉੜਦੇ ਵਰੋਲਿਆ, ਖ਼ਾਲੀ ਹੱਥ, ਭਰੀ ਅੱਖ,
ਅਣਜਾਣ, ਲੰਘਣਾ, ਮਾਤ ਪੈ ਜਾਣਾ, ਮੁੱਕਣਾ, ਸੁੱਕਣਾ, ਟੁੱਕਣਾ

ਔਖੇ ਲਫ਼ਜ਼

ਉਘੜਨਾ	to become clear, distinct, legible or prominent (vi)
ਅੰਗ-ਸੰਗ	present with, part and parcel of (adv)
ਅਲਖ	call for alms (f)
ਸੁੱਕਣਾ	to dry (vi)
ਕਾਂ	crow (m)
ਖੱਟੀ	gain (f)
ਖ਼ੈਰ	alms (f)
ਗਾਹੁਣਾ	to travel around (vt)
ਚਾਰੇ ਚੱਕ	four corners of the world (m)
ਚੁੱਪ	silence, hush (f)
ਜਿੰਦ-ਜਾਨ	heart and soul (f)
ਤੂਫ਼ਾਨ	storm (m)
ਪਛਾਣਨਾ	to recognize (vt)
ਬਾਜ਼ੀ	game (f)
ਮਾਤ	defeat (f)

Sri Satguru Jagjit Singh Ji eLibrary NamdhariElibrary@gmail.com

Prose

Sri Satguru Jagjit Singh Ji eLibrary NamdhariElibrary@gmail.com

Lesson 33
ਸਬਕ ੩੩
ਪ੍ਰਿਥਵੀਰਾਜ ਕਪੂਰ

ਸੋਭਾ ਸਿੰਘ ਨੂੰ ਖ਼ਤ

17 ਮਈ, 1965

ਪਿਆਰਿਓ,

ਤੁਧੁ ਆਪ ਵਿਛੋੜਿਆ ਆਪ ਮਿਲਾਇਆ,

ਪਰ ਅਜੇ ਵੇਲਾ ਨਹੀਂ ਆਇਆ ਹੋਣਾ, ਤਦੇ ਇੱਡੀ ਦੇਰ ਲੱਗ ਰਹੀ ਹੈ। ਉਧਰੋਂ ਮੇਰੀ ਨਾਲਾਇਕੀ ਕਿ ਮੁੱਦਤਾਂ ਹੋ ਗਈਆਂ ਨੇ ਮੈਂ ਖ਼ਤ ਹੀ ਨਹੀਂ ਪਾਇਆ। ਦਿਲ ਵਿੱਚ ਤਾਂ ਯਾਦ ਕਰਦਾ ਹੀ ਰਹਿਨਾਂ, ਟੇਪ ਤੇ ਰੀਕਾਰਡ ਕੀਤੀ ਕਵਿਤਾ ਵੀ ਸੁਣ ਲੈਨਾਂ। ਕੁੱਝ ਤਸੱਲੀ ਹੋ ਜਾਂਦੀ ਹੈ। ਪਰ ਅੰਬਾਂ ਦੀ ਭੁੱਖ ਅੰਬਾਕੜਿਆਂ ਨਾਲ਼ ਕਿਵੇਂ ਲੱਥੇ? ਚੰਗਾ, ਕਦੇ ਪੁੱਜਾਂਗਾ ਸਹੀ!

ਸਰਦਾਰਨੀ ਜੀ ਨੂੰ ਪ੍ਰਨਾਮ ਕਹਿਣਾ। ਸਭ ਮਿਤਰਾਂ ਪਿਆਰਿਆਂ ਨੂੰ ਪਿਆਰ। ਕਲੀਆਂ ਬੂਟਿਆਂ ਨੂੰ ਪਿਆਰ। ਨਵੀਂਆਂ ਪੁਰਾਣੀਆਂ ਸਭ ਤਸਵੀਰਾਂ ਨੂੰ ਪਿਆਰ। ਰਾਹ ਆਂਵਦੜਿਆਂ ਨੂੰ ਪਿਆਰ, ਰਾਹ ਜਾਂਵਦੜਿਆਂ ਨੂੰ ਪਿਆਰ। ਪਹਾੜਾਂ ਨੂੰ ਪਿਆਰ, ਫ਼ਿਜ਼ਾਵਾਂ ਨੂੰ ਪਿਆਰ, ਹਵਾਵਾਂ ਨੂੰ ਪਿਆਰ, ਝਰਨਿਆਂ ਨੂੰ ਪਿਆਰ ਤੇ ਉਨ੍ਹਾਂ ਝਰਨਿਆਂ ਤੋਂ ਪਾਣੀ ਭਰੇਂਦਿਆਂ ਤੇ ਭਰੇਂਦੀਆਂ ਨੂੰ ਪਿਆਰ।

ਪਿਆਰ ਭਰੇ ਸਤਿਕਾਰ ਨਾਲ,

ਤੁਹਾਡਾ ਆਪਣਾ,
ਪ੍ਰਿਥਵੀ

Sri Satguru Jagjit Singh Ji eLibrary NamdhariElibrary@gmail.com

ਔਖੇ ਲਫ਼ਜ਼

ਅੰਬਾਕੜਾ	inferior quality or dried-up mango (m)
ਕਲੀ	bud, blossom; paint (quicklime) (f)
ਤਸੱਲੀ	satisfaction, solace (f)
ਨਾਲਾਇਕੀ	incompetence (f)
ਪ੍ਰਨਾਮ	greetings (ceremonial) (m)
ਫ਼ਿਜ਼ਾ	weather (f)
ਮੁੱਦਤ	long time, duration (f)
ਵਿਛੋੜਨਾ	to separate (vt)

Sri Satguru Jagjit Singh Ji eLibrary NamdhariElibrary@gmail.com

Lesson 34
ਸਬਕ ੩੪
ਸੁਖਵੰਤ ਕੌਰ ਮਾਨ

ਜਿੱਤ

ਸਾਰੇ ਟੱਬਰ ਦੀ ਇਹ ਪੱਕੀ ਰਾਏ ਬਣ ਚੁੱਕੀ ਸੀ ਕਿ ਉਹ ਅਮਾਨਤ ਵਿੱਚ ਖ਼ਿਆਨਤ ਕਰਨਾ ਚਾਹੁੰਦੇ ਹਨ। ਇਸ ਕਰ ਕੇ ਕੋਈ ਜੁਆਬ ਨਹੀਂ ਦੇਂਦੇ ਪਏ।

ਪੰਦਰਾਂ ਅਗਸਤ ਤੋਂ ਪਹਿਲਾਂ ਹੀ ਜਦੋਂ ਪਤਾ ਲੱਗ ਗਿਆ ਕਿ ਪਾਕਿਸਤਾਨ ਬਣ ਜਾਣਾ ਏ ਤੇ ਸਾਡਾ ਉੱਥੇ ਰਹਿਣਾ ਅਸੰਭਵ ਹੈ ਤਾਂ ਦਾਦੀ ਜੀ ਨੇ ਆਪਣੀਆਂ ਨੂੰਹਾਂ ਨੂੰ ਕਿਹਾ ਕਿ ਉਹ ਆਪਣੇ ਦਾਜ ਤੇ ਵਰੀ ਦੇ ਕ਼ੀਮਤੀ ਕੱਪੜਿਆਂ ਦਾ ਇੱਕ-ਇੱਕ ਟਰੰਕ ਤਿਆਰ ਕਰ ਲੈਣ। ਗੋਟਿਆਂ ਨਾਲ਼ ਮੜ੍ਹੇ ਹੋਏ ਦੁਪੱਟਿਆਂ, ਖੀਨਖ਼ਾਬ ਤੇ ਮਖ਼ਮਲ ਦੇ ਸੂਟਾਂ ਤੇ ਬਨਾਰਸੀ ਲਹਿੰਗਿਆਂ ਨਾਲ਼ ਤੁੰਨ-ਤੁੰਨ ਕੇ ਜਦ ਤਿੰਨ ਟਰੰਕ ਤਿਆਰ ਹੋ ਗਏ ਤਾਂ ਲਹਿਣੇਂ ਮਿਰਾਸਣ ਨੂੰ ਸੱਦਿਆ ਗਿਆ। ਇੱਕ-ਇੱਕ ਕੱਪੜਾ ਉਸ ਨੂੰ ਫੋਲ-ਫੋਲ ਕੇ ਵਿਖਾਇਆ ਗਿਆ। ਉਹ ਕੱਪੜੇ ਵੇਖ ਜ਼ਰੂਰ ਰਹੀ ਸੀ, ਪਰ ਉਸ ਦੀਆਂ ਅੱਖਾਂ ਵਿੱਚੋਂ ਲਗਾਤਾਰ ਅੱਥਰੂਆਂ ਦੀ ਝੜੀ ਲੱਗੀ ਹੋਈ ਸੀ। ਅੱਧੀ ਕੁ ਰਾਤੀਂ ਉਸ ਦੇ ਤਿੰਨੋਂ ਪੁੱਤਰ ਆਏ, ਅੱਲ੍ਹਾ-ਮੀਆਂ ਨੂੰ ਆਪਣਾ ਗਵਾਹ ਮਿਥ, ਅਮਾਨਤ ਵਿੱਚ ਖ਼ਿਆਨਤ ਨਾ ਕਰਨ ਦੀਆਂ ਸਹੁੰਆਂ ਖਾਂਦੇ ਟਰੰਕ ਸਿਰਾਂ ਉੱਤੇ ਚੁੱਕ ਕੇ ਉਹ ਆਪਣੇ ਘਰ ਲੈ ਗਏ। ਖ਼ਿਆਲ ਸੀ ਕਿ ਚਾਰ ਦਿਨਾਂ ਦਾ ਰੌਲਾ ਰੱਪਾ ਹੈ, ਠੰਢ-ਠੰਢੀਰ ਹੋਣ ਉੱਤੇ ਮੁੜ ਆਪਣੇ ਘਰੀਂ ਪਰਤ ਆਉਣਾ ਹੈ। ਪਰ ਗੱਲ ਉਲਟ ਹੋ ਗਈ। ਪਾਕਿਸਤਾਨ ਬਣ ਗਿਆ ਤੇ ਅਸੀਂ ਉੱਜੜ-ਪੁੱਜੜ ਕੇ ਇਧਰ ਆ ਗਏ। ਜ਼ਮੀਨ ਵੀ ਅਲਾਟ ਹੋ ਗਈ। ਚੌਂਕੇ ਵਿੱਚ ਕੰਮ ਕਰਦੀਆਂ ਮਾਂ ਤੇ ਚਾਚੀਆਂ ਕਦੀ-ਕਦੀ ਆਪਣੇ ਕ਼ੀਮਤੀ ਕੱਪੜਿਆਂ ਨੂੰ ਯਾਦ ਕਰਦੀਆਂ ਹਉਕੇ ਜਿਹੇ ਭਰਨ ਲੱਗਦੀਆਂ।

ਬਾਪੂ ਜੀ ਨੇ ਦੋ-ਤਿੰਨ ਖ਼ਤ ਪਿਛਲੇ ਪਿੰਡ ਆਪਣੇ ਮਿਰਾਸੀਆਂ ਨੂੰ ਪਾਏ, ਜਿਨ੍ਹਾਂ ਵਿੱਚ ਦੱਸਿਆ ਹੋਇਆ ਹੁੰਦਾ ਕਿ ਅਸੀਂ ਰਾਜ਼ੀ-ਖ਼ੁਸ਼ੀ ਪਹੁੰਚ ਗਏ ਹਾਂ। ਥੱਲੇ ਬੜੇ ਖ਼ੁਸ਼ਖ਼ਤ ਅੱਖਰਾਂ ਵਿੱਚ ਆਪਣਾ ਪਤਾ ਵੀ ਦਿੱਤਾ ਹੋਇਆ ਹੁੰਦਾ। ਪਰ ਜੁਆਬ ਕੋਈ ਨਾ ਆਇਆ।

ਕਦੀ-ਕਦੀ ਬਾਪੂ ਜੀ ਗ਼ੁੱਸੇ ਵਿੱਚ ਆ ਜਾਂਦੇ ਕਿ ਕੁੱਤੇ ਮਿਰਾਸੀ ਕੱਪੜਿਆਂ ਉੱਤੇ ਹੀ ਬੇਇਮਾਨ ਹੋ ਗਏ। ਕਦੀ ਉਹ ਆਖਦੇ, ਉਹ ਵੀਜ਼ਾ ਲੁਆ ਕੇ ਪਾਕਿਸਤਾਨ ਜਾਣਗੇ ਤੇ ਆਪਣੇ ਤਿੰਨ ਟਰੰਕ ਕਢਵਾ ਕੇ ਲਿਆਉਣਗੇ। ਅਖ਼ੀਰ ਉਨ੍ਹਾਂ ਨੇ ਆਪਣੇ ਦੋਸਤ ਪਟਵਾਰੀ ਫ਼ਿਆਜ਼ ਅਹਿਮਦ ਨੂੰ ਖ਼ਤ ਪਾਇਆ ਤਾਂ ਜੁਆਬ ਆਇਆ ਕਿ ਫ਼ਲਾਂ-ਫ਼ਲਾਂ "ਅੱਲ੍ਹਾ ਕੋ ਪਿਆਰਾ ਹੋ ਗਿਆ ਹੈ।" ਤੇ ਅਖ਼ੀਰ ਉੱਤੇ ਲਿਖਿਆ ਸੀ ਕਿ "ਆਪ ਕੀ ਮਿਰਾਸਣ ਲਹਿਣੇਂ ਔਰ ਉਸ ਕਾ ਬੜਾ ਲੜਕਾ ਅਨਾਇਤ ਉੱਲਾ ਵਫ਼ਾਤ ਪਾ ਗਏ ਹੈਂ।" ਹੁਣ ਬਾਪੂ ਜੀ ਚੁੱਪ ਹੋ ਗਏ ਸਨ। ਬੱਸ ਦਾਦੀ ਕਦੀ-ਕਦੀ ਲਹਿਣੇਂ ਦੀਆਂ ਗੱਲਾਂ ਛੇੜ ਲੈਂਦੀ। ਇੱਕ-ਇੱਕ ਕਰ ਕੇ ਉਸ ਦੀਆਂ ਚੰਗਿਆਈਆਂ ਗਿਣਦੀ ਜਾਂਦੀ। ਪਰ ਟਰੰਕਾਂ ਉੱਤੇ ਆ ਕੇ ਚੁੱਪ ਜਿਹੀ ਹੋ ਜਾਂਦੀ।

ਅਚਾਨਕ ਇੱਕ ਦਿਨ ਇੱਕ ਮੁੜਿਆ-ਤੁੜਿਆ ਜਿਹਾ ਕਾਰਡ ਡਾਕੀਆ ਦੇ ਗਿਆ। ਕਾਰਡ ਪਾਕਿਸਤਾਨੋਂ ਆਇਆ ਸੀ। ਡੋਬੇ ਲੈ-ਲੈ ਕੇ ਨੀਲੀ ਸਿਆਹੀ ਨਾਲ਼ ਲਿਖਿਆ ਹੋਇਆ। ਖ਼ਤ ਤੇ ਕੋਈ ਤਾਰੀਖ਼ ਨਹੀਂ ਸੀ। ਅੱਲ੍ਹਾ ਪਰਵਰਦਿਗ਼ਾਰ ਤੋਂ ਇੱਕ-ਇੱਕ ਜੀਅ ਦੀ ਸਿਹਤਯਾਬੀ ਮੰਗੀ ਗਈ ਸੀ ਅਤੇ ਅਖ਼ੀਰ ਵਿੱਚ ਭਾਈ ਅਨਾਇਤ ਉੱਲਾ ਦਾ ਵਫ਼ਾਤ ਪਾ ਜਾਣਾ ਦੱਸਿਆ ਗਿਆ ਸੀ। ਹੁਣ ਵੱਡੇ ਭਰਾ ਦੇ ਟੱਬਰ ਦਾ ਭਾਰ ਵੀ ਉਹ ਦੇ ਸਿਰ ਉੱਤੇ ਸੀ। ਪਟਵਾਰੀ ਵਾਲ਼ੇ ਖ਼ਤ ਦਾ ਜ਼ਿਕਰ ਵੀ ਸੀ, ਪਰ ਟਰੰਕਾਂ ਦਾ ਜ਼ਿਕਰ ਕਿਤੇ ਵੀ ਨਹੀਂ ਸੀ। ਇਹ ਖ਼ਤ ਲਹਿਣੇਂ ਦੇ ਵਿਚਕਾਰਲੇ ਪੁੱਤਰ ਅੱਲ੍ਹਾ ਰੱਖੇ ਦਾ ਸੀ।

ਕੋਈ ਮਹੀਨੇ ਕੁ ਮਗਰੋਂ ਅੱਲ੍ਹਾ ਰੱਖੇ ਦਾ ਇੱਕ ਹੋਰ ਖ਼ਤ ਆਇਆ। ਉਸ ਦਾ ਵੀਜ਼ਾ ਹਿੰਦੁਸਤਾਨ ਲਈ ਲੱਗ ਚੁੱਕਾ ਏ ਤੇ ਉਹ ਦਸੰਬਰ ਦੀ ਸੱਤ ਤਾਰੀਖ਼ ਆਪਣੇ ਜਜਮਾਨਾਂ ਨੂੰ ਮਿਲਨ ਲਈ ਏਧਰ ਆ ਰਿਹਾ ਏ।

ਹੁਣ ਬੜੀ ਬੇਸਬਰੀ ਨਾਲ਼ ਉਸ ਦੀ ਉਡੀਕ ਕੀਤੀ ਜਾ ਰਹੀ ਸੀ। ਆਖ਼ਿਰ ਉਹ ਆਪਣੇ ਪਿੰਡ ਦਾ ਮੀਰਜ਼ਾਦਾ ਸੀ, ਜਿੱਥੇ ਸਦੀਆਂ ਤੋਂ ਆਪਣੇ ਪੁਰਖੇ ਰਹਿੰਦੇ ਆ ਰਹੇ ਸਨ। ਉੱਥੇ ਦੀ ਕੋਈ ਗੱਲ ਦੱਸੇਗਾ, ਬਾਤ ਪਾਏਗਾ। ਬਾਪੂ ਜੀ ਉਹ ਖ਼ਤ ਸਾਰੀ ਬਿਰਾਦਰੀ ਵਿੱਚ ਵਿਖਾਉਂਦੇ ਫਿਰ ਰਹੇ ਸਨ। ਪਿੰਡ ਦੇ ਚੌਂਕ ਵਿੱਚ ਬੈਠ ਕੇ ਉਹ ਖ਼ਤ ਉਨ੍ਹਾਂ ਨੇ ਕਈਆਂ ਨੂੰ ਸੁਣਾਇਆ ਸੀ। ਖ਼ਤ ਦੀ ਇੱਕ-ਇੱਕ ਸਤਰ ਉਨ੍ਹਾਂ ਨੂੰ ਜ਼ੁਬਾਨੀ ਯਾਦ ਹੋ ਗਈ ਸੀ। ਫਿਰ ਵੀ ਕੁੱਝ ਕੰਡੇ ਵਾਂਙ ਰੜਕ ਰਿਹਾ ਸੀ। ਆਖ਼ਿਰ ਸਾਡੀ ਅਮਾਨਤ ਦਾ ਜ਼ਿਕਰ ਕਿਉਂ ਨਹੀਂ ਕੀਤਾ ਗਿਆ।

ਅੱਠ ਤਾਰੀਖ਼ ਸਵੇਰੇ ਗਿਆਰਾਂ ਵਜੇ ਅੱਲ੍ਹਾ ਰੱਖਾ, ਸਾਡਾ ਮੀਰਜ਼ਾਦਾ, ਡਿਉਢ਼ੀ ਵਿੱਚ ਝੱਕਦਾ ਜਿਹਾ ਖੜ੍ਹਾ ਅੰਦਰ ਆਉਣ ਲਈ ਜੱਕੋ-ਤੱਕੇ ਕਰ ਰਿਹਾ ਸੀ। ਸ਼ਾਇਦ ਉਸ ਨੂੰ ਯਕ਼ੀਨ ਨਹੀਂ ਸੀ ਆ ਰਿਹਾ ਕਿ ਇਹ ਕੱਚਾ ਜਿਹਾ ਘਰ ਉਸ ਦੇ ਸਰਦਾਰਾਂ ਦਾ ਏ। ਸਾਮ੍ਹਣੇ ਦਾਦਾ ਜੀ ਨੂੰ ਵੇਖ ਕੇ ਉਸ ਨੇ ਉਨ੍ਹਾਂ ਦੇ ਪੈਰ ਆ ਫੜੇ। ਦਾਦਾ ਜੀ ਨੇ ਮੋਢਿਆਂ ਤੋਂ ਫੜ ਕੇ ਉਠਾਇਆ ਤਾਂ ਪਰਲ-ਪਰਲ ਉਸ ਦੇ

ਅੱਥਰੂ ਵਗ ਰਹੇ ਸਨ। ਉਹ ਕਾਫ਼ੀ ਮਾੜਾ ਲੱਗ ਰਿਹਾ ਸੀ। ਵੱਟੋ-ਵੱਟ, ਕੋਲ਼ਿਆਂ ਦੀ ਕਾਲਖ ਨਾਲ਼ ਧੁਆਂਖਿਆ ਜਿਹਾ, ਸਸਤੀ ਜਿਹੀ ਪਾਪਲੀਨ ਦਾ ਨੀਲਾ ਜਿਹਾ ਝੱਗਾ ਤੇ ਉਸੇ ਕੱਪੜੇ ਦੀ ਗਿੱਟਿਆਂ ਤੋਂ ਉੱਚੀ ਜਿਹੀ ਤਹਿਮਤ। ਏਨੀ ਠੰਢ ਦੇ ਬਾਵਜੂਦ ਵੀ ਉਸ ਦੇ ਉੱਤੇ ਕੋਈ ਕੰਬਲ਼ ਜਾਂ ਲੋਈ ਨਹੀਂ ਸੀ। ਇੱਕ ਮਾਮੂਲੀ ਜਿਹੀ ਖੇਸੀ ਉਸ ਨੇ ਆਪਣੇ ਦੁਆਲ਼ੇ ਲਪੇਟੀ ਹੋਈ ਸੀ। ਇੱਕ ਨਿੱਕੀ ਜਿਹੀ ਗੰਢ ਉਸ ਨੇ ਪਾਸੇ ਨਾਲ਼ ਲਮਕਾਈ ਹੋਈ ਸੀ। ਅੰਦਰੋਂ ਸਭ ਦਾ ਦਿਲ ਭੈੜਾ ਜਿਹਾ ਪੈ ਗਿਆ ਸੀ; ਸਿਰਫ਼ ਉਸ ਦੀ ਹਾਲਤ ਵੇਖ ਕੇ ਕਿਸੇ ਪੁੱਛਿਆ ਨਹੀਂ ਸੀ। ਬਾਪੂ ਜੀ ਦੇ ਮੰਡੀਓਂ ਆਉਣ ਉੱਤੇ ਉਹ ਉਨ੍ਹਾਂ ਦੇ ਗਲ਼ ਲੱਗ ਲੇਹਰ ਮਾਰ ਕੇ ਰੋਇਆ, ਤਾਂ ਕਿਸ਼ੇ ਤੋਂ ਵੀ ਰੋਣ ਡੱਕਿਆ ਨਾ ਗਿਆ।

ਬਾਪੂ ਜੀ ਕਿੰਨਾ ਹੀ ਚਿਰ ਉਸ ਨੂੰ ਦਿਲਾਸਾ ਦੇਂਦੇ ਰਹੇ।

ਰੋਟੀ-ਪਾਣੀ ਖਾ ਉਹ ਫਿਰ ਬਾਪੂ ਜੀ ਦੇ ਪੈਰਾਂ ਵਿੱਚ ਪੀੜ੍ਹੀ ਉੱਤੇ ਆਣ ਬੈਠਾ। ਹੁਣ ਉਹ ਦੱਸ ਰਿਹਾ ਸੀ ਕਿ ਕਿਵੇਂ ਬਾਹਰਲੇ ਮੁਸੱਲਕੇ ਪਿੰਡਾਂ ਦੇ ਤਗੜੇ ਮੁਸਲਮਾਨ ਗੱਡੇ ਲਿਆ-ਲਿਆ ਸਰਦਾਰਾਂ ਦੇ ਘਰਾਂ ਤੋਂ ਸਾਮਾਨ ਭਰ ਭਰ ਲੈ ਗਏ ਸਨ। ਕਸਬੇ ਦਾ ਥਾਣੇਦਾਰ ਆਪ ਉਸ ਨੇ ਉਨ੍ਹਾਂ ਨਾਲ਼ ਘੁੰਮਦਾ ਵੇਖਿਆ ਸੀ। ਗ਼ਰੀਬ ਤੇ ਕੰਮੀ-ਕਮੀਣ ਤਾਂ ਇਹ ਸਾਰਾ ਤਮਾਸ਼ਾ ਵੇਖਦੇ ਹੀ ਰਹਿ ਗਏ ਸਨ। "ਸੱਚ, ਸਰਦਾਰ ਜੀ, ਇੱਕ ਗੱਲ ਬੜੀ ਮਾੜੀ ਹੋਈ ਹੈ। ਤੁਹਾਡੇ ਪਸਾਰ ਤੇ ਬੈਠਕ ਦੇ ਲੋਹੇ ਦੇ ਗਾਰਡਰ ਅਗਲਿਆਂ ਨੇ ਲਾਹ ਕੇ ਨਵੇਂ ਉੱਸਰ ਰਹੇ ਜ਼ਿਬਾਹਖ਼ਾਨੇ ਉੱਤੇ ਜਾ ਪਾਏ।"

ਇੱਕ-ਦਮ ਸਾਰੇ ਟੱਬਰ ਦਾ ਮੂੰਹ ਜਿਵੇਂ ਲਹਿ ਗਿਆ ਹੋਵੇ। ਆਪਣੀਆਂ ਹੁਣ ਵਾਲ਼ੀਆਂ ਕੱਚੀਆਂ ਕੋਠੜੀਆਂ ਵੱਲ ਵੇਖ ਬਾਪੂ ਜੀ ਦਾ ਹਉਕਾ ਨਿਕਲ਼ ਗਿਆ ਸੀ। ਚੁੱਪ ਜਿਹੀ ਛਾ ਗਈ ਸੀ।

ਬਾਪੂ ਜੀ ਰਸੋਈ ਵਿੱਚ ਆਏ, ਤਾਂ ਮਾਂ ਟਰੰਕਾਂ ਬਾਰੇ ਤੁੱਖਣੀਆਂ ਦੇਣ ਲੱਗੀ। ਛੋਟੀ ਚਾਚੀ ਨੇ ਤਾਂ ਉਸ ਨੂੰ ਬੇਇਮਾਨ ਤਕ ਵੀ ਕਹਿ ਦਿੱਤਾ ਸੀ। ਵਿਚਕਾਰਲੀ ਚਾਚੀ ਵੀ ਲੂਸਣੀਆਂ ਜਿਹੀਆਂ ਲੈਂਦੀ ਫਿਰ ਰਹੀ ਸੀ। ਦਾਦੀ ਮੱਥੇ ਉੱਤੇ ਹੱਥ ਧਰੀ ਸੋਚਾਂ ਵਿੱਚ ਲਹਿ ਗਈ ਸੀ।

"ਫਿਰ ਅੱਲ੍ਹਾ ਰੱਖਿਆ ਸਾਡੇ ਟਰੰਕ ਨਹੀਓ ਲਿਆਂਦੇ?" ਬਾਪੂ ਜੀ ਨੇ ਆਪਣੇ ਆਪ ਨੂੰ ਡੱਕ-ਡੱਕ ਕੇ ਰੱਖਦਿਆਂ ਵੀ ਲੌਢੇ-ਵੇਲ਼ੇ ਦੀ ਚਾਹ ਤੋਂ ਬਾਅਦ ਪੁੱਛ ਹੀ ਲਿਆ ਸੀ। ਉਨ੍ਹਾਂ ਦੀ ਆਵਾਜ਼ ਵਿੱਚ ਨਿਹੋਰਾ ਸੀ।

"ਮੋਤੀਆਂ-ਵਾਲਿਓ," ਪੱਗ ਦੇ ਲੜ ਨਾਲ਼ ਅੱਥਰੂ ਪੂੰਝ ਕੇ ਉਹ ਦੱਸਣ ਲੱਗਾ, "ਜਦੋਂ ਪਿੰਡ ਦਾ ਸਾਰਾ ਮਾਲ ਲੁੱਟ ਘੱਤਾ ਤਾਂ ਥਾਣੇਦਾਰ ਨੇ ਮਿਰਾਸੀਆਂ ਤੇ ਹੋਰ ਕੰਮੀਆਂ-ਕਮੀਣਾਂ ਨੂੰ ਸੱਦ ਕੇ ਥਾਣੇ ਬਹਾ ਲਿਆ। ਸਰਦਾਰ ਤੁਹਾਨੂੰ ਆਪਣਾ ਮਾਲ ਦੇ ਗਏ ਨੇ। ਅਸੀਂ ਬੜੇ ਤਰਲੇ ਲਏ ਭਈ ਉਹ ਸਾਨੂੰ ਕੁੱਝ ਨਹੀਂ ਦੇ ਕੇ ਗਏ। ਪਰ ਉਹ ਮੰਨਣ ਕਿੱਥੇ। ਸਾਡੇ ਲੋਕਾਂ ਉੱਤੇ ਉਹ ਕ਼ਹਿਰ ਟੁੱਟਾ ਭਈ ਰਹੇ ਰੱਬ ਦਾ ਨਾਂ। ਠੁੱਡੇ, ਧੱਕੇ, ਬੈਂਤ...!" ਅੱਲ੍ਹਾ ਰੱਖਾ ਜਿਵੇਂ ਹਾਲੀਂ ਵੀ ਤ੍ਰਹਿ ਰਿਹਾ ਸੀ। ਬਾਰ-ਬਾਰ ਕੰਨਾਂ ਨੂੰ ਹੱਥ ਲਾਉਂਦਾ, ਅੱਖਾਂ ਮੀਟੀ ਮੂੰਹ ਵਿੱਚ ਉਹ ਕੁੱਝ ਪੜ੍ਹਦਾ ਜਾਂਦਾ ਸੀ।

"ਥਾਣੇਦਾਰ ਆਖੇ ਭਈ ਸਾਨੂੰ ਉੱਤੋਂ ਹੁਕਮ ਚੜ੍ਹਿਆ ਏ।" ਲੰਬਾ ਸਾਹ ਲੈ ਕੇ ਉਹ ਫਿਰ ਦੱਸਣ ਲੱਗਾ ਸੀ। "ਆ ਲੱਗਾ ਘਰ-ਘਰ ਦੀ ਤਲਾਸ਼ੀ ਲੈਣ। ਸਾਡੀ ਤਿੰਨਾਂ ਭਰਾਵਾਂ ਦੀ ਜਿੰਦ ਵੜ-ਵੜ ਕੇ ਨਿਕਲ਼ੇ ਭਈ ਇਹ ਤਾਂ ਅਮਾਨਤ ਵਿੱਚ ਖ਼ਿਆਨਤ ਹੋ ਗਈ। ਸਾਡੀਆਂ ਤੀਵੀਂਆਂ ਨੇ ਪਤਾ ਨਹੀਂ ਕਿਹੜੇ ਵਖ਼ਤਾਂ ਨਾਲ਼ ਲੱਕ-ਲੱਕ ਟੋਏ ਪੁੱਟ ਕੇ ਵਿੱਚ ਟਰੰਕ ਧਰ ਕੇ ਉੱਤੋਂ ਲੇਪਣ ਕਰ ਦਿੱਤਾ। ਆਉਂਦਿਆਂ ਈ ਉਨ੍ਹਾਂ ਸੋਟੀਆਂ ਮਾਰ-ਮਾਰ ਥਾਂ ਲੱਭ ਲਈ। ਤਿੰਨੇ ਟਰੰਕ ਸਾਡੇ ਸਿਰਾਂ ਉੱਤੇ ਚੁਕਾ ਕੇ ਹੌਲਦਾਰ ਨੇ ਥਾਣੇਦਾਰ ਦੇ ਘਰ ਪਹੁੰਚਾ ਦਿੱਤੇ। ਵੇਖਿਆ ਤਾਂ ਰਸੂਲਪੁਰ ਦਾ ਨਵਾਬ, ਜਿਸ ਨੇ ਤੁਹਾਡੇ ਜਾਣ ਬਾਅਦ ਆਪਣੇ ਮੁਜ਼ਾਰੇ ਭੇਜ ਕੇ ਸਾਰਾ ਪਿੰਡ ਲੁਟਵਾਇਆ ਸੀ, ਉਸ ਦੀ ਬੈਠਕੇ ਬੈਠਾ ਪੀਵੀ ਜਾਏ।" ਇੱਥੇ ਆ ਕੇ ਅੱਲ੍ਹਾ ਰੱਖਾ ਫਿਰ ਚੁੱਪ ਹੋ ਗਿਆ।

"ਥਾਣੇਦਾਰ ਆਖੇ ਮੈਂ ਤੁਹਾਡੇ ਉੱਤੇ ਮੁਕੱਦਮਾ ਦਾਇਰ ਕਰਨਾ ਏ। ਸਰਕਾਰੀ ਹੁਕਮ ਏ। ਸਾਰੀ ਰਾਤ ਸਾਡੀ ਕੁੱਟ-ਮਾਰ ਹੁੰਦੀ ਰਹੀ। ਆਖੇ, ਤੁਸਾਂ ਸਰਦਾਰਾਂ ਦੇ ਘਰ ਲੁੱਟੇ ਨੇ। ਤੁਹਾਡੇ ਉੱਤੇ ਚੋਰੀ ਦਾ ਇਲਜ਼ਾਮ ਏ। ਸਵੇਰੇ ਸਾਨੂੰ ਤੰਬੀਹ ਕਰ ਕੇ ਛੱਡ ਦਿੱਤਾ ਗਿਆ। ਆਖੇ, ਜੇ ਤੁਸਾਂ ਕਿਸੇ ਨੂੰ ਦੱਸਿਆ ਕਿ ਟਰੰਕ ਥਾਣੇਦਾਰ ਦੇ ਘਰ ਨੇ ਤਾਂ ਤੁਹਾਡੇ ਵਾਲ਼ਾ...। ਬੇਬੇ ਤੇ ਸਰਦਾਰ ਜੀ ਉਸ ਦਿਨ ਦੀ ਮੰਜੇ ਉੱਤੇ ਡਿੱਗੀ ਮੁੜ ਕੇ ਉੱਠੀ ਨਹੀਂ।" ਉਹ ਪੱਗ ਦੇ ਲੜ ਨਾਲ਼ ਆਪਣੇ ਅੱਥਰੂ ਪੂੰਝ ਰਿਹਾ ਸੀ।

ਸਾਰਿਆਂ ਦੇ ਮੂੰਹ ਲੱਥ ਗਏ ਸਨ। ਕਿੰਨਾ ਚਿਰ ਹੀ ਚੁੱਪ ਛਾਈ ਰਹੀ ਸੀ। ਦਾਦੀ ਜੀ ਦਾ ਤਾਂ ਹਉਕਾ ਵੀ ਨਿਕਲ਼ ਗਿਆ ਸੀ। ਸ਼ਾਇਦ ਉਨ੍ਹਾਂ ਨੂੰ ਆਪਣੀ ਮਿਰਾਸਣ ਦੀ ਮੌਤ ਦਾ ਦੁੱਖ ਸੀ। ਮਾਂ ਨਿੰਮੋਝੂਣੀ ਜਿਹੀ ਹੋਈ ਉੱਠ ਕੇ ਰੋਟੀਆਂ ਪਕਾਉਣ ਜਾ ਲੱਗੀ ਸੀ। ਉਸ ਨੂੰ ਆਪਣੇ ਕ਼ੀਮਤੀ ਕੱਪੜਿਆਂ ਦਾ ਦੁੱਖ ਸੀ, ਜਿਨ੍ਹਾਂ ਨੂੰ ਪਾ ਕੇ ਹਾਲੀਂ ਉਨ੍ਹੇ ਆਪਣੀ ਰੀਝ ਵੀ ਨਹੀਂ ਸੀ ਲਾਹੀ। ਏਨੇ ਵਿੱਚ ਮਾਂ ਨੇ ਅੱਲ੍ਹਾ ਰੱਖੇ ਲਈ ਰੋਟੀ ਘੱਲ ਦਿੱਤੀ ਸੀ। ਘਿਓ-ਸ਼ੱਕਰ, ਸੇਵੀਆਂ ਤੇ ਆਲੂ-ਵੜੀਆਂ ਦੀ ਭਾਜੀ ਨਾਲ਼ ਫੁਲਕੇ।

"ਸਾਨੂੰ ਤਾਂ ਪਨਾਹਗੀਰ ਨੇੜੇ ਨਹੀਂ ਛੁਹਣ ਦੇਂਦੇ।"

"ਹੈਂ!" ਬਾਪੂ ਜੀ ਇੱਕ-ਦਮ ਮੰਜੀ ਤੋਂ ਉੱਛਲ ਜਿਹੇ ਪਏ ਸਨ।

"ਆਹ ਰਿਜ਼ਕ ਦੀ ਮਾਰ ਵਗੇ ਜੇ ਝੂਠ ਬੋਲਾਂ ਤੇ!" ਅੱਲ੍ਹਾ ਰੱਖੇ ਨੇ ਰੋਟੀ ਤਲ਼ੀ ਉੱਤੇ ਤੋਲਦਿਆਂ ਜਿਵੇਂ ਸਹੁੰ ਖਾਧੀ ਸੀ। ਜਦੋਂ ਦੀ ਉਨ੍ਹਾਂ ਨੂੰ ਜ਼ਮੀਨ ਅਲਾਟ ਹੋਈ ਏ, ਸਾਡਾ ਤੇ ਜਿਉਣਾ ਹਰਾਮ ਕੀਤਾ ਹੋਇਆ ਏ ਉਨ੍ਹਾਂ ਨੇ। ਤਿੰਨ ਵੇਰਾਂ ਤੇ ਸਾਡੀਆਂ ਭੇਡਾਂ ਘੇਰੀਆਂ।

Sri Satguru Jagjit Singh Ji eLibrary NamdhariElibrary@gmail.com

ਜਦੋਂ ਜਾਣਾ, ਇੱਕ-ਦੋ ਭੇਡਾਂ ਗੁੰਮ ਹੋ ਜਾਣੀਆਂ। ਗੰਨੇ, ਸਾਗ, ਸਬਜ਼ੀ ਦੇ ਨੇੜੇ ਨਹੀਂ ਲੱਗਣ ਦੇਂਦੇ। ਮੇਰਾ ਨਿੱਕਾ ਛੁਹਰ ਇੱਕ ਦਿਨ ਗੰਨਾ ਭੰਨ ਬੈਠਾ। ਵੱਟ ਉੱਤੇ ਪਟਕਾ-ਪਟਕਾ ਮਾਰਿਆ ਅਗਲਿਆਂ ਨੇ। ਕਮਲ਼ੀ ਬੇਬੇ ਕੰਮੋ ਨੂੰ ਨਾਲ਼ ਲੈ ਕੇ ਇੱਕ ਦਿਨ ਸਾਗ ਲੈਣ ਤੁਰ ਪਈ। ਉਹ ਲਾਹ-ਪਾਹ ਕੀਤੀ ਕਿ ਆਈ ਤਾਂ ਹੁਭਕੀਂ-ਹੁਭਕੀਂ ਰੋਈ ਜਾਏ, ਗੱਲ ਕੋਈ ਦੱਸੇ ਨਾ। ਅਸੀਂ ਤਾਂ ਰੋਂਦੇ ਆਂ ਸਰਦਾਰ ਜੀ, ਸਾਡੇ ਸਰਦਾਰ ਇਧਰ ਆ ਗਏ, ਸਾਡਾ ਰਿਜ਼ਕ ਵੀ ਨਾਲ਼ ਲੈ ਆਏ।"

ਰੋਟੀ ਜਿਵੇਂ ਉਹ ਦੇ ਸੰਘ ਵਿੱਚ ਅੜ ਗਈ ਸੀ। ਬਾਪੂ ਜੀ ਹੁਣ ਉਸ ਦੀਆਂ ਗੱਲਾਂ ਬੜੇ ਧਿਆਨ ਨਾਲ਼ ਸੁਣ ਰਹੇ ਸਨ। "ਉਹ ਤਾਂ ਸਾਨੂੰ ਆਪਣੀਆਂ ਵੱਟਾਂ ਤੋਂ ਘਾਹ ਵੀ ਨਹੀਂ ਖੋਤਰਨ ਦੇਂਦੇ।" ਅੱਲ੍ਹਾ ਰੱਖਾ ਫਿਰ ਉਦਾਸ ਹੋ ਗਿਆ ਸੀ।

"ਅੱਛਾ!," ਬਾਪੂ ਜੀ ਦੇ ਚਿਹਰੇ ਉੱਤੇ ਹੈਰਾਨੀ ਨਾਲ਼ੋਂ ਖ਼ੁਸ਼ੀ ਵਧੇਰੇ ਸੀ। "ਤੇ ਹੁਣ ਫਿਰ ਕੀ ਕਰਦੇ ਓ?" ਬਾਪੂ ਜੀ ਨੇ ਪੁੱਛਿਆ।

"ਕਰਨਾ ਕੀ ਏ! ਅਸੀਂ ਤਾਂ ਤੁਹਾਡੀ, ਰਾਜੇ ਲੋਕਾਂ ਦੀ ਸੇਵਾ ਕਰਦੇ ਸਾਂ, ਨਾ ਖਾਣ ਦੀ ਕਮੀ ਸੀ, ਨਾ ਪਹਿਨਣ ਦੀ।" ਉਸ ਨੇ ਲੰਬਾ ਹਉਕਾ ਭਰਿਆ ਸੀ। "ਹੁਣ ਤਾਂ ਜੂਨ-ਕਟੀ ਆ ਸਰਦਾਰ ਜੀ। ਉਧਰੋਂ ਨੈਤਾ ਦਗ਼ਾ ਦੇ ਗਿਆ। ਬੱਸ ਇੱਕੋ ਗੱਲ ਈ ਆਖੀ ਜਾਏ, ਆਖੇ, ਸਰਦਾਰਾਂ ਦੇ ਹੁੰਦਿਆਂ ਤਾਂ ਸਾਡੀ ਵਾਅ ਵੱਲ ਕੋਈ ਨਹੀਂ ਸੀ ਵੇਖਦਾ। ਇਹ ਕੀ ਹੋਇਆ ਸਾਡੇ ਨਾਲ਼। ਇੱਕ ਦਿਨ ਭੇਡਾਂ ਚਾਰਨ ਗਿਆ ਹੋਇਆ ਸੀ। ਭੇਡਾਂ ਜਾ ਵੜੀਆਂ ਅਲਾਟੀਆਂ ਦੀਆਂ ਪੈਲ਼ੀਆਂ ਵਿੱਚ। ਉਨ੍ਹਾਂ ਨੇ ਪੁੱਠੀ ਕੁਹਾੜੀ ਮਾਰੀ ਮੋਰਾਂ ਵਿੱਚ। ਪਤਾ ਨਹੀਂ ਕੋਈ ਕੁਵੱਲੀ ਸੱਟ ਲੱਗ ਗਈ ਜਾਂ ਅੰਦਰੋ-ਅੰਦਰ ਕੋਈ ਝੋਰਾ ਲੱਗ ਗਿਆ ਸੀ ਉਸ ਨੂੰ। ਦਗ਼ਾ ਦੇ ਗਿਆ ਉਹ ਵੀ!" ਅੱਲ੍ਹਾ ਰੱਖੇ ਦਾ ਗੱਚ ਭਰ ਆਇਆ ਸੀ। "ਦੋ ਛੁਹਰੀਆਂ ਨੇ ਵਿਆਹੁਣ ਯੋਗ ਉਸ ਦੀਆਂ। ਵੱਡੀ ਨੂੰ ਉਹੀ ਮੰਗ ਗਿਆ ਸੀ, ਗੁੱਜਰਾਂ ਵਾਲ਼ੇ। ਅੱਸੂ ਦਾ ਵਿਆਹ ਏ।" ਕਹਿ ਕੇ ਉਹ ਡੂੰਘੀ ਸੋਚੇ ਡੁੱਬ ਗਿਆ ਸੀ। "ਬੱਸ ਇੱਕੋ ਝੋਰਾ ਏ, ਸਰਦਾਰ ਜੀ, ਪਈ ਅਮਾਨਤ ਵਿੱਚ ਖ਼ਿਆਨਤ ਹੋ ਗਈ।" ਅੱਲ੍ਹਾ ਰੱਖੇ ਦਾ ਮੂੰਹ ਫਿਰ ਰੋਣ-ਹਾਕਾ ਹੋ ਗਿਆ ਸੀ।

"ਸਹੁਰੀ ਹੋ ਗਈ ਅਮਾਨਤ ਤੂੰ ਰੋਂਦਾ ਕਿਉਂ ਵੇ ਕਮਲਿਆ।...ਕਰਤਾਰ ਕੌਰੇ, ਆਪਾਂ ਦੋ ਸੂਟ ਵਧੀਆ, ਉੱਤੇ ਖੇਸ, ਅੱਲ੍ਹਾ ਰੱਖੇ ਨੂੰ ਤੇ ਦੋ ਸੂਟ ਲਿਨਣ ਦੇ ਘੱਲਣੇ ਨੇ ਨੈਤੇ ਦੀਆਂ ਧੀਆਂ ਲਈ," ਬਾਪੂ ਜੀ ਨੇ ਚੌਂਕੇ ਵਿੱਚ ਕੰਮ ਕਰਦੀ ਮਾਂ ਨੂੰ ਦੱਸਿਆ ਸੀ। ਉਨ੍ਹਾਂ ਦੇ ਚਿਹਰੇ ਉੱਤੇ ਹੁਣ ਖ਼ੁਸ਼ੀ-ਭਰਿਆ ਜਲਾਲ ਚਮਕ ਰਿਹਾ ਸੀ।

ਮਨਮਤੀਆਂ (2002) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

Exercise 34.1 Fill in each blank with a suitable word (in its appropriate form) from the glossary for "ਜਿੱਤ." Then translate the sentences.

1. ਗੁਰਮੁਖੀ ਲਿੱਪੀ ਦੇ ਪੈਂਤੀ _____ ਹਨ।
2. ਪਹਿਲਾਂ ਕੰਮੀ ਆਪਣਿਆਂ _____ ਦੀ ਦਿਨ-ਰਾਤ ਸੇਵਾ ਕਰਦੇ ਰਹਿੰਦੇ ਸਨ।
3. ਅਜੇ ਤੱਕ ਪੁਲਿਸ ਨੇ ਕਿਸੇ ਤੇ ਚੋਰੀ ਦਾ _____ ਨਹੀਂ ਪਾਇਆ ਹੈ।
4. ਕਾਜ਼ੀ ਸਾਹਿਬ ਨੇ ਵਕੀਲ ਨੂੰ ਕਿਹਾ ਕਿ ਅਗਲੇ _____ ਨੂੰ ਬੁਲਾਓ।
5. ਵੰਡ ਤੋਂ ਬਾਅਦ ਪੱਛਮੀ ਪੰਜਾਬ ਤੋਂ ਆਉਣ ਵਾਲੇ ਕਈ _____ ਲੁਧਿਆਣੇ, ਅੰਬਾਲੇ, ਅਤੇ ਕੁਰਕਸ਼ੇਤਰ ਦਿਆਂ ਕੈਂਪਾਂ ਵਿੱਚ ਰਹੇ ਸਨ।
6. _____ ਨੂੰ ਇੱਕ-ਦਮ ਚਿੱਠੀਆਂ ਭੇਜਣੀਆਂ ਪੈਣਗੀਆਂ।
7. ਪਹਿਲਾਂ ਵਿਆਹ-ਸ਼ਾਦੀ ਵੇਲੇ _____ ਲੈਣਾ ਮਾਮੂਲੀ ਗੱਲ ਸੀ ਪਰ ਅੱਜ-ਕੱਲ੍ਹ ਘੱਟ ਹੈ।
8. _____ ਵੇਲੇ ਪੰਜਾਬ ਦੇ ਲੋਕ ਸ਼ਾਮ ਦਾ ਖਾਣਾ ਪਕਾਉਣ ਦੀ ਤਿਆਰੀ ਕਰਦੇ ਹਨ।
9. ਤੁਹਾਨੂੰ ਮੇਰੀ _____ ਹੈ ਕਿ ਮੈਨੂੰ ਦੱਸੇ ਬਗ਼ੈਰ ਨਾ ਜਾਣਾ।
10. ਪੰਛੀਆਂ ਦੀ ਤਰ੍ਹਾਂ ਬੰਦੇ ਲਈ ਉੱਡਣਾ _____ ਹੈ।

Exercise 34.2 Translate:

1. We all looked at the spectacle in (with) amazement.
2. Before planting seeds the gardener hoes the garden.
3. When I came into the room the child was sobbing in the corner.
4. The police are making an inquiry into the case.
5. After the accident I sued the person who hit me with his car.
6. ਉਹ ਆਪਣੀ ਤਹਿਮਤ ਬੰਨ੍ਹ ਕੇ ਗ਼ੁਸਲਖ਼ਾਨੇ ਤੋਂ ਨਿਕਲ ਗਿਆ।
7. ਜਦੋਂ ਮੈਂ ਬਿੱਲੀ ਨੂੰ ਧੱਕਾ ਦਿੱਤਾ, ਉਹ ਮਿਆਂਕ ਕੇ ਚਲੀ ਗਈ।
8. ਤਾਲੇ ਦੀ ਚਾਬੀ ਗੁੰਮ ਹੋਈ।
9. ਮੈਨੂੰ ਝੋਰਾ ਲੱਗਿਆ ਹੈ ਕਿ ਮੈਂ ਦੇਸੋਂ ਬਾਹਰ ਜਾਣ ਦਾ ਮੌਕਾ ਖੁੰਝ ਗਈ ਹਾਂ।
10. ਸਾਨੂੰ ਪੂਰਾ ਯਕ਼ੀਨ ਹੈ ਕਿ ਉਨ੍ਹਾਂ ਦੀ ਰਾਏ ਸਹੀ ਹੈ।

ਔਖੇ ਲਫ਼ਜ਼

ਅਸੰਭਵ	impossible (adj/u)
ਅੱਖਰ	letter (of alphabet) (m)
ਅਖ਼ੀਰ, ਆਖ਼ਿਰ	end (m); in the end (adv)
ਅਮਾਨਤ	property entrusted to somebody else (f)
ਇੱਕ-ਦਮ	immediately (adv)
ਇਲਜ਼ਾਮ	blame, charge (m)
ਸਹੀ	correct, right (adj/u)
ਸਹੁੰ	oath, vow (f)
ਸਾਗ	greens (usually mustard or spinach) (m)
ਹੁਬਕਣਾ	to sob, snivel (vi)
ਕੰਮੀ-ਕਮੀਣ	menial worker (m)
ਕਾਲ਼ਖ	blackness, soot (f)
ਕੁਹਾੜੀ	hatchet (f)

Sri Satguru Jagjit Singh Ji eLibrary NamdhariElibrary@gmail.com

ਕੁਵੱਲਾ	ill-advised (adj/i)
ਕੋਠੜੀ	small room, cell (f)
ਕੋਲਾ	coal (m)
ਖ਼ਿਆਨਤ	breach of trust (f)
ਖੀਨਖ਼ਾਬ	a gold-threaded material (f)
ਖ਼ੁਸ਼ਖ਼ਤ	calligraphy (adj/u)
ਖੇਸੀ	cotton blanket (f)
ਖੋਤਰਨਾ	to scratch, scrape; to hoe (vt)
ਗੱਚ ਭਰ ਆਉਣਾ	to feel lump in the throat, get emotional (vi)
ਗੰਢ	bundle-pack (f)
ਗੰਨਾ	sugarcane (m)
ਗਵਾਹ	witness (m)
ਗ਼ੁਸਲਖ਼ਾਨਾ	bathroom (m)
ਚੌਂਕਾ	cooking place, kitchen (m)
ਛੁਹਰ/ਛੁਹਰੀ	boy/girl
ਜੱਕੋ-ਤੱਕਾ	hesitation, reluctance (m)
ਜਜਮਾਨ	client, patron (m)
ਜ਼ਿਬਾਹਖ਼ਾਨਾ	slaughterhouse (m)
ਝੋਰਾ	grief, regret (m)
ਠੁੱਡਾ	hit with the front part of foot (m)
ਡੱਕਣਾ	to stop (vt)
ਡਾਕੀਆ	postman (m)
ਡਿਉਢ਼ੀ	porch, gateway, foyer (f)
ਤਹਿਮਤ	sheet-like garment covering the lower body (f)
ਤੰਬੀਹ	inquiry, interrogation (f)
ਤਲਾਸ਼ੀ	search (f)
ਤ੍ਰਹਿਣਾ	to be frightened (vi)
ਤੁੱਖਣੀ	prodding (f)
ਤੁੰਨਣਾ	to stuff, fill (vt)
ਥਾਣੇਦਾਰ	chief of police station (m)
ਦਗ਼ਾ	betrayal (m)
ਦਾਜ	dowry (m)
ਧੱਕਾ	push, shove (m)
ਧੁਆਂਖਿਆ	smoked (adj/i)
ਨਿਹੋਰਾ	complaint (m)
ਪਸਾਰ	expanse, spread (m)
ਪਟਕਾ ਮਾਰਨਾ	to strike or throw down with a thud (vt)
ਪਟਵਾਰੀ	village taxman, land revenue official (m)
ਪਨਾਹਗੀਰ	refugee (m)
ਪਰਤ, ਪਰਤਣਾ	to return (vi)
ਪਾਪਲੀਨ	poplin (f)
ਪੁੱਠਾ	reverse (adj/m)

Sri Satguru Jagjit Singh Ji eLibrary NamdhariElibrary@gmail.com

ਪੈਲੀ	plot of farm land, landed property (f)
ਬੰਨ੍ਹਣਾ	to tie, bind (vt)
ਬੈਂਤ	cane (m)
ਭਾਜੀ	vegetable dish (f)
ਭੇਡ	sheep (f)
ਮਖ਼ਮਲ	velvet (f)
ਮੜ੍ਹਨਾ	to mount, frame (vt)
ਮਾਮੂਲੀ	ordinary, everyday (adj/u)
ਮਿਥਣਾ	to assume, suppose (vt)
ਮਿਰਾਸੀ/ਮਿਰਾਸਣ	a musician or genealogist (m/f)
ਮੀਰਜ਼ਾਦਾ	a musician or genealogist (m/f)
ਮੁਸੱਲਕਾ	having or pertaining to Muslims (adj/i)
ਮੁਕੱਦਮਾ	lawsuit (m)
ਮੁਕੱਦਮਾ ਦਾਇਰ ਕਰਨਾ	to sue (vt)
ਮੁਜ਼ਾਰਾ	agricultural tenant (m)
ਮੌਰ	shoulder blade (m)
ਯਕ਼ੀਨ	belief (m)
ਰਾਏ	opinion, view (f)
ਰਿਜ਼ਕ	sustenance, food (m)
ਲੱਥਾ	*past participle* of ਲਹਿਣਾ, cast off, let down
ਲੂਸਣਾ	to burn slowly (vi)
ਲੇਹਰ	shriek, squeal (f)
ਲੇਪਣਾ	to spread, daub (vt)
ਲੋਈ	woolen wrap (f)
ਲੌਢਾ ਵੇਲਾ	afternoon (m)
ਵਖ਼ਤ	trouble, hardship (m)
ਵਰੀ	dresses and jewelry given to bride (f)

Sri Satguru Jagjit Singh Ji eLibrary NamdhariElibrary@gmail.com

Lesson 35
ਸਬਕ ੩੫
ਮੋਹਨ ਭੰਡਾਰੀ

ਬਾਕੀ ਸਭ ਸੁੱਖ-ਸਾਂਦ ਹੈ

ਸਾਡੀ ਬੀਹੀ ਦੇ ਲਗ-ਭਗ ਪੰਜਾਹ ਦੇ ਪੰਜਾਹ ਘਰਾਂ ਨੇ ਆਪੋ ਆਪਣੀ ਰਾਏ ਕ੍ਰਾਇਮ ਕਰ ਲਈ ਸੀ। ਕੋਈ ਕਹਿੰਦਾ ਸੀ: "ਮੋਹਣਾ ਹੰਕਾਰਿਆ ਗਿਆ ਹੈ, ਇਹ ਸਮਝਦਾ ਹੈ ਕਿ ਸਾਰੇ ਪਿੰਡ 'ਚ ਮੈਥੋਂ ਸਿਵਾ ਹੁਣ ਚਿੱਠੀ ਲਿਖਣ ਵਾਲਾ ਹੀ ਕੋਈ ਨਹੀਂ। ਲੋਕੀਂ ਚਿੱਠੀਆਂ ਲਿਖਵਾਉਣ ਲਈ ਤੜਫਦੇ ਤੇ ਵਿਲ੍ਹੂੰ ਵਿਲ੍ਹੂੰ ਕਰਦੇ ਫਿਰਨਗੇ।"

ਕੋਈ ਕਹਿੰਦਾ, "ਦਸਵੀਂ ਕਾਹਦੀ ਕਰ ਲਈ, ਇਸ ਮੁੰਡੇ ਦਾ ਦਿਮਾਗ਼ ਹੀ ਅਸਮਾਨੇ ਚੜ੍ਹ ਗਿਆ। ਇਹ ਹੁਣ ਰੱਬ ਨੂੰ ਟੱਪ ਦੱਸਦੈ। ਭਲੇ ਵੇਲ਼ੇ ਇੱਕ ਬੋਰੀ ਜਿਹੀ ਦੀ ਪਤਲੂਨ (ਕਟਰਾਈ) ਮਿਲ਼ ਗਈ। ਉਹ ਪਾ ਕੇ ਤੇ ਪੱਟੀਆਂ ਵਾਹ ਕੇ ਸਰਦਾਰਾਂ ਦੇ ਮੁੰਡਿਆਂ ਨਾਲ਼ ਬੀਹੀਆਂ 'ਚ ਗੇੜੇ ਮਾਰਦਾ ਰਹਿੰਦੈ। ਕਦੇ ਬਾਹਰ ਖੇਤੀਂ ਟੱਕਰ ਗਿਆ, ਇਕੱਲਾ, ਤਾਂ ਨਾਨਕੇ ਯਾਦ ਕਰਵਾ ਦਿਆਂਗੇ ਇਸ ਦੇ। ਆਪਣੇ ਆਪ ਨੂੰ ਨਾਢੂ ਖਾਂ ਸਮਝਦੈ। ਨਾਲ਼ੇ ਵੇਖ ਲਾਂਗੇ ਇਹ ਦੇ ਹਿਮਾਇਤੀ ਨੂੰ, ਸਾਲ਼ਾ ਜਿਹੜਾ ਮੂਹਰੇ ਆਏਗਾ।"

ਲੋਕ ਭੂਸਰ ਗਏ ਸਨ।

ਸਾਰੇ ਮਹੱਲੇ 'ਚ ਤਰ੍ਹਾ-ਤਰ੍ਹਾ ਹੋ ਰਹੀ ਸੀ। ਸਭ ਨੇ ਆਪੋ ਆਪਣੀ ਰਾਏ ਕ੍ਰਾਇਮ ਕਰ ਲਈ ਸੀ। ਬੀਹੀ ਦੀਆਂ ਬੁੜ੍ਹੀਆਂ ਵੀ ਘੁਸਰ-ਮੁਸਰ ਕਰਦੀਆਂ ਰਹਿੰਦੀਆਂ। ਉਂਗਲਾਂ ਕੱਢ-ਕੱਢ ਗੱਲਾਂ ਕਰਦੀਆਂ, ਨਵੀਂਆਂ-ਵਿਆਹੀਆਂ ਕੁੜੀਆਂ ਹਿਰਾਸੀਆਂ-ਹਿਰਾਸੀਆਂ ਰਹਿੰਦੀਆਂ। ਵਿਟਰ-ਵਿਟਰ ਵੇਖਦੀਆਂ ਰਹਿੰਦੀਆਂ। ਹੋਰ ਉਹ ਕਿਸ ਤੋਂ ਚਿੱਠੀ ਲਿਖਵਾਉਂਦੀਆਂ। ਕਬੀਲਦਾਰੀ ਦੇ ਸੌ ਪੜਦੇ ਹੁੰਦੇ ਨੇ। ਉਹ ਸੋਚਦੀਆਂ।

ਅਸਲੀ ਗੱਲ ਬਾਰੇ ਕੋਈ ਧਿਆਨ ਨਹੀਂ ਸੀ ਦੇਂਦਾ। ਗੱਲ ਤਾਂ ਦਰਅਸਲ ਇਹ ਸੀ ਕਿ ਮੈਂ ਪੂਰੇ ਪੰਜ ਵਰ੍ਹੇ ਚਿੱਠੀਆਂ ਲਿਖਦਾ ਰਿਹਾ ਸਾਂ। ਪੰਜਵੀਂ ਤੋਂ ਲੈ ਕੇ ਦਸਵੀਂ ਤੱਕ। ਚਿੱਠੀਆਂ ਲਿਖ ਲਿਖ ਮੈਂ ਅੱਕ ਗਿਆ ਸਾਂ। ਲੋਕੀਂ ਚਿੱਠੀਆਂ ਲਿਖਵਾਉਂਦੇ ਵੀ ਤਾਂ ਨਹੀਂ ਸਨ ਸਿੱਧੀ ਤਰ੍ਹਾਂ। ਕੁੜੀਆਂ ਚਾਰ-ਚਾਰ ਸਫ਼ਿਆਂ ਦੀਆਂ ਚਿੱਠੀਆਂ ਲਿਖਵਾਉਂਦੀਆਂ। ਚਿੱਠੀਆਂ ਵਿੱਚ ਦੋਹਰੇ, ਟਿੱਚਰਾਂ ਤੇ ਤੁਕਾਂ ਜੋੜ-ਜੋੜ ਲਿਖਵਾਉਂਦੀਆਂ ਰਹਿੰਦੀਆਂ। ਹਾਲਾਂ ਕਿ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਚਿੱਠੀ ਲਿਖਣ ਵਾਲਾ ਕੋਈ ਹੋਰ ਹੈ ਪਰ ਉਹ ਛਾਤੀ ਤੇ ਹੱਥ ਰੱਖ ਕੇ, ਅੱਖਾਂ ਮੀਟ ਕੇ ਕਹਿੰਦੀਆਂ ਲਿਖ "ਚਿੱਠੀ ਲਿਖਦੀ ਹਾਂ ਖ਼ੂਨ ਨਾਲ਼ ਸਿਆਹੀ ਨਾ ਸਮਝਣਾ। ਮਰ ਗਈ ਹਾਂ ਤੇਰੀ ਯਾਦ ਵਿੱਚ ਜਿਊਂਦੀ ਨਾ ਸਮਝਣਾ।" ਮੈਨੂੰ ਕਈ ਕਈ ਮਿੰਟ ਉਡੀਕਣਾ ਪੈਂਦਾ ਕਿ ਉਹ ਸਮਾਧੀ ਚੋਂ ਨਿਕਲਣ ਤੇ ਅਗਲੀ ਗੱਲ ਲਿਖਵਾਉਣ। ਅਗਲੀ ਗੱਲ ਹੁੰਦੀ, "ਇਨ੍ਹਾਂ ਪਰਦੇਸੀਆਂ ਤੇ ਨਾ ਕਰਨਾ ਇਤਬਾਰ ਲੋਕੋ, ਇਹ ਰੱਸੀ ਦਾ ਸੱਪ ਬਣਾ ਦੇਂਦੇ।"

ਕੋਈ ਕਹਿੰਦੀ, "ਇਉਂ ਲਿਖ ਦੇ, ਬਈ ਉਹ ਸਾਨੂੰ ਚਿੱਠੀ ਪਾ ਦੇਵੇ ਕਿ ਉਹ ਇਸ ਮਹੀਨੇ ਦੇ ਅੰਦਰ-ਅੰਦਰ ਮੈਨੂੰ ਲੈਣ ਆਵੇਗਾ। ਭਾਵੇਂ ਨਾ ਹੀ ਆਵੇ ਪਰ ਇਸ ਤਰ੍ਹਾਂ ਚਿੱਠੀ ਜ਼ਰੂਰ ਲਿਖ ਦੇਵੇ।"

ਇਸ ਤਰ੍ਹਾਂ ਦੀਆਂ ਚਿੱਠੀਆਂ ਲਿਖ-ਲਿਖ ਮੈਂ ਥੱਕ ਗਿਆ ਸਾਂ। ਵਾਰਿਸ ਸ਼ਾਹ ਦੇ ਬੈਂਤਾਂ ਤੋਂ ਲੈ ਕੇ ਕਬੀਰ ਦੇ ਦੋਹਰਿਆਂ ਤੱਕ ਉਹ ਆਪਣੀਆਂ ਚਿੱਠੀਆਂ 'ਚ ਪਤਾ ਨਹੀਂ ਕੀ ਲਿਖਵਾਉਂਦੀਆਂ ਸਨ? ਹੋਰ ਛੋਟੇ-ਛੋਟੇ ਟੋਟਕਿਆਂ ਦਾ ਤਾਂ ਅੰਤ ਹੀ ਨਹੀਂ ਸੀ। ਕੋਈ ਕਹਿੰਦੀ, "ਵੇ ਮੋਹਣਿਆਂ! ਸਾਨੂੰ ਲੋਕਾਂ ਵਾਂਙੂੰ ਟੋਟਕੜੇ ਤਾਂ ਘੜਨੇ ਨਹੀਂ ਆਉਂਦੇ, ਤੂੰ ਆਪੇ ਲਿਖਦੇ ਜਿਹੜੀ ਗੱਲ ਤੈਨੂੰ ਚੰਗੀ ਲੱਗਦੀ ਐ। ਵਿੱਚ ਸਾਡੀ ਰਾਮ ਸਤ ਜ਼ਰੂਰ ਲਿਖ ਦੇਈਂ।" ਮੈਂ ਪਰੇਸ਼ਾਨ ਹੋ ਜਾਂਦਾ। ਆਖ਼ਿਰ ਮੈਂ ਆਪਣੇ ਆਪ ਕੀ ਲਿਖਾਂ ਤੇ ਕੀ ਨਾ ਲਿਖਾਂ?

ਬੁੜ੍ਹੀਆਂ ਆਪਣੇ ਰੋਣੇ ਰੋਂਦੀਆਂ। ਕਿਸੇ ਦੀ ਨੂੰਹ ਕੁਪੱਤੀ ਸੀ। ਕਿਸੇ ਦੀ ਧੀ ਦੁਖੀ ਸੀ। ਕਿਸੇ ਦਾ ਪੁੱਤ ਫ਼ੌਜ 'ਚ ਭਰਤੀ ਹੋ ਗਿਆ ਸੀ। ਕਿਸੇ ਦਾ ਹੱਥ ਤੰਗ ਸੀ। ਮੁਕੱਦਮਾ ਉਨ੍ਹਾਂ ਨੂੰ ਖਾਈ ਜਾ ਰਿਹਾ ਸੀ। ਮਹੀਨੇ 'ਚ ਦੋ-ਦੋ ਤਾਰੀਖ਼ਾਂ ਪੈਂਦੀਆਂ ਸਨ। ਕਿਸੇ ਦੀ ਧੀ ਨੂੰ ਲੰਬੀ ਬੀਮਾਰੀ ਸੀ। ਸਹੁਰੇ ਉਸ ਨੂੰ ਲੈ ਜਾਂਦੇ ਨਹੀਂ ਸਨ। ਉਹ ਪੇਕਿਆਂ ਦਾ ਬੂਹਾ ਮੱਲੀ ਬੈਠੀ ਸੀ। ਉਹ ਨਾ ਮਰਦੀ ਸੀ ਤੇ ਨਾ ਰਾਜ਼ੀ ਹੁੰਦੀ ਸੀ। ਡਾਕਟਰ ਨੇ ਨਿੱਤ ਨਵੇਂ ਲੋਦੇ ਲਾ ਕੇ ਕੁੜੀ ਦਾ ਸਰੀਰ ਛਾਣ ਦਿੱਤਾ ਸੀ। ਡਾਕਟਰ ਦਾ ਘਰ ਭਰ ਰਿਹਾ ਸੀ। ਉਹ ਦਿਨ-ਬਦਿਨ ਕੰਗਾਲ ਹੋ ਰਹੇ ਸਨ।

ਗੱਲ ਕੀ, ਲੋਕਾਂ ਦੇ ਦੁੱਖ ਲਿਖ-ਲਿਖ ਮੈਂ ਦੁਖੀ ਹੋ ਜਾਂਦਾ ਸਾਂ। ਸਾਰਾ-ਸਾਰਾ ਦਿਨ ਸੋਚਦਾ ਰਹਿੰਦਾ ਸਾਂ, ਇਹ ਲੋਕ ਵੀ ਕਦੀ ਰਾਜ਼ੀ ਖ਼ੁਸ਼ੀ ਹੋਣਗੇ? ਖ਼ੁਸ਼ੀਆਂ ਮਨਾਉਣਗੇ। ਤੇ ਮੈਥੋਂ ਸੁਹਣੀਆਂ-ਸੁਹਣੀਆਂ ਗੱਲਾਂ ਲਿਖਵਾਉਣਗੇ। ਉਹ ਗੱਲਾਂ ਜਿਹੜੀਆਂ ਮੈਨੂੰ ਦੁਖੀ ਨਾ ਕਰਨ। ਮੈਨੂੰ ਖ਼ੁਸ਼ ਰੱਖਣ। ਸਦਾ ਖ਼ੁਸ਼। ਸੋਚਦਾ-ਸੋਚਦਾ ਮੈਂ ਗੌਤਮ ਬੁੱਧ ਦੀ ਫ਼ਿਲਾਸਫ਼ੀ 'ਚ ਜਾ ਵੜਦਾ। 'ਇਹ ਦੁਨੀਆ ਦੁੱਖਾਂ ਦਾ ਘਰ ਹੈ'। ਉਸ ਦਾ ਇਹ ਵਚਨ ਮੇਰੇ ਦਿਮਾਗ਼ ਵਿੱਚ ਗੂੰਜਦਾ ਰਹਿੰਦਾ।

ਮੇਰਾ ਜੀਅ ਕਰਦਾ ਮੈਂ ਪਿੰਡੋਂ ਭੱਜ ਜਾਵਾਂ, ਦੂਰ...ਜਿੱਥੇ ਕੋਈ ਮੈਨੂੰ ਜਾਣਦਾ ਨਾ ਹੋਵੇ। ਉੱਥੇ ਨਾ ਮੈਥੋਂ ਕੋਈ ਚਿੱਠੀ ਲਿਖਵਾਏਗਾ ਤੇ ਨਾ ਮੈਂ ਦੁਖੀ ਹੋਵਾਂਗਾ।

ਕਪੂਰੇ ਦਾ ਪੁੱਤ ਮੇਘਾ, ਮੇਲੋ ਦੀ ਧੀ ਸ਼ਰਬਤੀ ਤੇ ਨਾਈਆਂ ਦਾ ਘੋਟਾ, ਇਹ ਸਾਰੇ ਜਣੇ ਹੁਣ ਪੰਜਵੀਂ 'ਚ ਹੋ ਗਏ ਸਨ। ਮੈਂ ਇਸ਼ਾਰੇ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦਾ ਕਿ ਹੁਣ ਉਨ੍ਹਾਂ ਤੋਂ ਲਿਖਵਾ ਲਿਆ ਕਰਨ ਲੋਕ, ਚਿੱਠੀਆਂ।

ਪਰ ਉਹ ਕਹਿੰਦੇ ਸਨ ਕਿ ਕਿਸ-ਕਿਸ ਦੇ ਸਾਮ੍ਹਣੇ ਆਪਣੇ ਘਰ ਦਾ ਭੇਦ ਉਹ ਖੋਲ੍ਹਦੇ ਫਿਰਨ। ਕਬੀਲਦਾਰੀ ਦੇ ਸੌ ਪੜਦੇ ਹੁੰਦੇ ਨੇ।

"ਮੋਹਣ ਸਿੰਘਾ, ਤੇਤੋਂ ਕਦੇ ਅਸੀਂ ਕੋਈ ਗੱਲ ਲੁਕਾ ਕੇ ਨਹੀਂ ਰੱਖੀ। ਹਰ ਗੱਲ ਆਪਣੇ ਧੀਆਂ ਪੁੱਤਾਂ ਵਾਂਙ ਤੇਰੇ ਨਾਲ ਕਰ ਲੈਂਦੇ ਆਂ। ਆਪਣੇ ਦਿਲ ਫੋਲ ਲੈਂਦੇ ਹਾਂ ਤੇਰੇ ਕੋਲ। ਹੋਰ ਸਾਲਾ ਕੀ ਐ ਇੱਥੇ, ਬਸ ਆਪਣਾ ਦਿਲ ਹੌਲਾ ਹੋ ਜਾਂਦਾ ਜ਼ਰਾ। ਨਾਲੇ ਤੂੰ ਸਾਡੀ ਸੁਣ ਵੀ ਲੈਂਦਾਂ ਧਿਆਨ ਨਾਲ।"

ਉਨ੍ਹਾਂ ਦਾ ਪਿਆਰ ਨਾਲ ਕਿਹਾ, 'ਮੋਹਣ ਸਿੰਘਾ' ਮੈਨੂੰ ਚੰਗਾ-ਚੰਗਾ ਲੱਗਦਾ। ਉਹ ਸੱਚੇ ਵੀ ਸਨ। ਮੈਂ ਉਨ੍ਹਾਂ ਦੇ ਘਰਾਂ ਦੀ ਹਰ ਗੱਲ, ਹਰ ਘਟਨਾ, ਥੋੜ੍ਹ ਤੇ ਲੋੜ ਤੋਂ ਜਾਣੂ ਸਾਂ। ਜਿਵੇਂ ਮੈਂ ਉਨ੍ਹਾਂ ਦੇ ਟੱਬਰ ਦਾ ਹੀ ਜੀਅ ਹੋਵਾਂ। ਇਹ ਸੋਚ ਕੇ ਮੈਂ ਨੀਵੀਂ ਪਾ ਲੈਂਦਾ ਤੇ ਮੈਨੂੰ ਸ਼ਰਮ ਜਿਹੀ ਆ ਜਾਂਦੀ। ਆਖ਼ਿਰ ਦੋ ਲਫ਼ਜ਼ ਲਿਖਣ ਪਿੱਛੇ ਮੈਂ ਉਨ੍ਹਾਂ ਨੂੰ ਐਨਾ ਕਿਉਂ ਤੰਗ ਕਰਦਾ ਸਾਂ। ਕਿਉਂ ਜੁਆਬ ਦੇਂਦਾ ਸਾਂ ਚਿੱਠੀ ਲਿਖਣ ਤੋਂ?

ਪਰ ਇਸ ਦੇ ਬਾਵਜੂਦ ਮੇਰੀ ਝਿਜਕ ਦੂਰ ਨਾ ਹੋਈ। ਹਰ ਮੌਕੇ ਤੇ ਮੈਂ ਉਨ੍ਹਾਂ ਨੂੰ ਟਾਲਨ ਦੀ ਕੋਸ਼ਿਸ਼ ਕਰਦਾ। ਹਰ ਰੋਜ਼ ਹੀ "ਕੱਲ੍ਹ ਨੂੰ ਲਿਖ ਦਿਊਂ" ਕਹਿ ਕੇ ਲਾਰਾ ਲਾ ਛਡਦਾ। ਪਤਾ ਨਹੀਂ ਹੁਣ ਚਿੱਠੀ ਲਿਖਣ ਲਈ ਕਿਸੇ ਦੇ ਘਰ ਜਾਣ ਲੱਗਿਆਂ ਮੈਨੂੰ ਸ਼ਰਮ ਕਿਉਂ ਮਹਿਸੂਸ ਹੁੰਦੀ ਸੀ। ਪਤਾ ਨਹੀਂ ਮੈਂ ਕਿਉਂ ਝਿਜਕਦਾ ਸਾਂ।

ਅਜੇ ਪਰਸੋਂ ਦੀ ਗੱਲ ਹੈ। ਉਜਾਗਰ ਫ਼ੌਜੀ ਦੀ ਮਾਂ ਹਰ ਕੌਰ ਮੈਨੂੰ ਆਪਣੇ ਘਰ ਲੈ ਜਾਣ ਲਈ ਆਈ। ਚਿੱਠੀ ਲਿਖਵਾਉਣ ਲਈ। ਪਹਿਲਾਂ ਤਾਂ ਮੈਂ ਟਾਲ-ਮਟੋਲ ਕਰਦਾ ਰਿਹਾ। ਪਰ ਜਦੋਂ ਉਸ ਦੀਆਂ ਅੱਖਾਂ ਭਰ ਆਈਆਂ ਤਾਂ ਮੈਂ ਨੀਵੀਂ ਪਾ ਲਈ ਤੇ ਉਸ ਦੇ ਪਿੱਛੇ-ਪਿੱਛੇ ਤੁਰ ਪਿਆ।

ਆਪਣੇ ਘਰ ਜਾ ਕੇ ਉਸ ਨੇ ਬਾਹਰਲੇ ਦਰਵਾਜ਼ੇ ਕੋਲ ਮੇਰੀ ਖ਼ਾਤਿਰ ਪੀੜ੍ਹੀ ਡਾਹ ਦਿੱਤੀ। ਮੈਂ ਚੁੱਪ ਕਰ ਕੇ ਬੈਠ ਗਿਆ। ਉਹ ਉੱਠ ਕੇ ਕਾੜ੍ਹਨੀ ਚੋਂ ਦੁੱਧ ਦਾ ਗਲਾਸ ਭਰ ਲਿਆਈ। ਮੈਂ ਬੜੀ ਨਾਂਹ ਨੁੱਕਰ ਕੀਤੀ, ਪਰ ਉਸ ਕਿਹਾ, "ਪੀ ਲੈ ਪੁੱਤ, ਕਿਹੜਾ ਆਪਾਂ ਮੁੱਲ ਲਿਆਂਦੈ। ਸੁੱਖ ਨਾਲ ਦੋ ਲਵੇਰੀਆਂ ਖੜ੍ਹੀਆਂ ਨੇ ਘਰ। ਬੇਸ਼ੱਕ ਲੈ ਜਾਇਆ ਕਰ ਵੇਲੇ ਕੁਵੇਲੇ ਲੋੜ ਪੈ ਜਵੇ ਜੇ ਕਦੇ। ਅਸੀਂ ਪੁੱਤ ਤੇਰਾ ਹੱਕ ਨਹੀਂ ਰੱਖਦੇ। ਬੱਸ ਚਿੱਠੀ ਦੇ ਬੋਲ ਜ਼ਰਾ ਚੰਗੇ ਲਿਖ ਦੇਈਂ। ਆਹ ਲੈ ਫੜ ਕਾਰਡ।" ਉਸ ਨੇ ਕਾਂਸੀ ਦੀ ਥਾਲੀ ਤੇ ਰੱਖ ਕੇ ਪੋਸਟ-ਕਾਰਡ ਮੈਨੂੰ ਫੜਾ ਦਿੱਤਾ।

"ਪਹਿਲਾਂ ਦੁੱਧ ਦੀ ਘੁੱਟ ਭਰ ਲੈ ਪੁੱਤ ਬਹਿ ਕੇ।" ਉਸ ਨੇ ਪਿੱਤਲ ਦੇ ਗਲਾਸ ਵੱਲ ਇਸ਼ਾਰਾ ਕਰਦਿਆਂ ਕਿਹਾ।

ਮੈਂ ਸੰਗਦਿਆਂ-ਸੰਗਦਿਆਂ ਗਲਾਸ ਮੂੰਹ ਨੂੰ ਲਾ ਲਿਆ। ਪਰ ਇੱਕ-ਦਮ ਮੂੰਹ ਤੋਂ ਲਾਹ ਲਿਆ। ਗਰਮ ਗਰਮ ਦੁੱਧ ਨੇ ਮੇਰੀ ਜੀਭ, ਗਰਮ-ਗਰਮ ਗਲਾਸ ਨੇ ਮੇਰੇ ਬੁੱਲ੍ਹ ਫੂਕ ਦਿੱਤੇ।

ਮੈਨੂੰ ਬੁੜ੍ਹੀ ਤੇ ਬਹੁਤ ਗ਼ੁੱਸਾ ਆਇਆ। ਮੇਰੀ ਜੀਭ ਅਜੇ ਵੀ ਜਲ੍ਹੂੰ-ਜਲ੍ਹੂੰ ਕਰ ਰਹੀ ਸੀ।

ਬੁੜ੍ਹੀ ਵੀ ਡਰ ਜਿਹੀ ਗਈ। ਉਸ ਨੇ ਦੁੱਧ ਫੈਂਟ-ਫੈਂਟ ਪਾਣੀ ਵਰਗਾ ਕਰ ਦਿੱਤਾ, ਜਿਹੜਾ ਮੈਂ ਇੱਕੋ ਸਾਹੇ ਪੀ ਗਿਆ।

ਅੰਦਰੋਂ ਥਮ੍ਹਲੇ ਓਹਲਿਉਂ ਕਿਸੇ ਦੀ ਹਾਏ-ਹਾਏ ਦੀ ਆਵਾਜ਼ ਆਈ। ਪੁੱਛਣ ਤੇ ਪਤਾ ਲੱਗਾ ਕਿ ਉਹ ਕਰਤਾਰੋ ਸੀ। ਹਰ ਕੌਰ ਦੀ ਨੂੰਹ। ਜਿਸ ਪਰਸੋਂ ਪੁੱਤ ਜੰਮਿਆਂ ਸੀ। ਅੰਦਰ ਮੰਜੇ ਤੇ ਪਈ ਉਹ ਕੁਰਲਾ ਰਹੀ ਸੀ। ਉਸ ਨੂੰ ਪਰਸੋਂ ਤੋਂ ਹੀ ਦਰਦ ਹੋ ਰਿਹਾ ਸੀ ਜਿਹੜਾ ਅਜੇ ਤੱਕ ਨਹੀਂ ਸੀ ਟਿਕਿਆ।

ਬੁੜ੍ਹੀ ਨੇ ਹਉਕਾ ਭਰਕੇ ਕਿਹਾ, "ਪੁੱਤ ਮੋਹਣਿਆ, ਜ਼ਰਾ ਚੰਗੀ ਤਰ੍ਹਾਂ ਲਿਖੀਂ ਚਿੱਠੀ, ਜਿਹਨੂੰ ਪੜ੍ਹ ਕੇ ਮੁੰਡਾ ਫ਼ੌਜ 'ਚੋਂ ਨਾਂ ਕਟਵਾ ਆਵੇ। ਅਸੀਂ ਬਹੁਤ ਦੁਖੀ ਆਂ, ਪੁੱਤ...!" ਉਸ ਦੀਆਂ ਅੱਖਾਂ ਫਿਰ ਭਰ ਆਈਆਂ।

ਮੇਰਾ ਦਿਲ ਵੀ ਬੜਾ ਖ਼ਰਾਬ ਜਿਹਾ ਹੋ ਗਿਆ।

ਮੈਂ ਆਪਣੇ ਵੱਲੋਂ ਰਾਜ਼ੀ ਖ਼ੁਸ਼ੀ ਲਿਖੀ। ਉਸ ਦੀ ਰਾਜ਼ੀ ਖ਼ੁਸ਼ੀ ਪੁੱਛੀ। ਤੇ ਫਿਰ ਸੁਆਲੀ ਨਜ਼ਰਾਂ ਨਾਲ ਬੁੜ੍ਹੀ ਵੱਲ ਵੇਖਣ ਲੱਗ ਪਿਆ।

"ਲਿਖ ਪੁੱਤ...! ਬਈ ਉਸ ਦਾ ਬਾਪੂ ਤਾਰੀਖ਼ ਤੇ ਜਾ ਆਇਆ। ਇਸ ਪੰਦਰਾਂ ਦੀ ਫਿਰ ਪੇਸ਼ੀ ਪੈ ਗਈ।"

"ਹੋਰ?" ਮੈਂ ਲਿਖ ਕੇ ਪੁੱਛਿਆ।

"ਦੀਪੋ ਦੇ ਪ੍ਰਾਹੁਣੇ ਦਾ ਅਜੇ ਕੋਈ ਪਤਾ ਨਹੀਂ ਕਿੱਥੇ ਗਿਆ। ਕਿੱਥੇ ਹੈ, ਕਿੱਥੇ ਨਹੀਂ। ਉਹ ਵੀ ਗ਼ੌਰ ਕਰੇ ਉਧਰੋਂ, ਥਹੁ ਪਤਾ ਕੱਢੇ।"

"ਬੂਰੀ ਮੱਝ ਐਤਕਾਂ ਤੁਅ ਗਈ। ਨਾਲੇ ਉਸ ਦੀ ਪੂਛ ਨੂੰ ਬਾਹਮਣੀ ਲੱਗ ਗਈ ਸੀ। ਪਰ ਹੁਣ ਠੀਕ ਹੈ। ਪੂਛ ਵੱਢਣੀ ਪਈ ਤੇ ਮੱਝ ਦੀ ਕਦਰ ਵੀ ਅੱਧੀ ਰਹਿ ਗਈ ਏ।" ਮੈਨੂੰ ਪਤਾ ਹੀ ਨਾ ਲੱਗਾ ਕਿ ਇਹ ਗੱਲ ਉਸ ਨੇ ਮੇਰੇ ਨਾਲ ਕੀਤੀ ਸੀ ਜਾਂ ਲਿਖਣ ਲਈ ਕਹੀ ਸੀ। ਪਰ ਮੈਂ ਲਿਖ ਦਿੱਤੀ।

Sri Satguru Jagjit Singh Ji eLibrary NamdhariElibrary@gmail.com

"ਨਾਲੇ ਬਲਦ ਦਾ ਕੰਨ੍ਹ ਮਤਾੜਿਆ ਗਿਆ ਐਤਕੀਂ। ਜੇ ਪਤਾ ਹੁੰਦਾ ਬਾਰੂ ਨੂੰ ਨਾ ਵੇਚਦੇ। ਪਰ ਵੇਚਦੇ ਵੀ ਕਿੱਦਾਂ ਨਾ, ਹਾਲਾ ਜੁ ਦੇਣਾ ਸੀ। ਖੇਤੀਆਂ ਤਾਂ ਜਾਏ ਖਾਣੀਆਂ ਐਤਕੀਂ ਪਾਣੀ ਨੇ ਮਾਰ ਲਈਆਂ। ਕਾਲਜੇ 'ਚ ਰੁੱਗ ਭਰਦੈ ਗੋਡੇ-ਗੋਡੇ ਪਾਣੀ ਵੇਖ ਕੇ ਖੇਤਾਂ 'ਚ।" ਉਹ ਲਗਾਤਾਰ ਬੋਲੀ ਗਈ।

ਇਹ ਬਾਰੂ ਕੌਣ ਹੋਇਆ? ਮੈਂ ਪੁੱਛਿਆ।

"ਆਪਣਾ ਵੱਛਾ ਸੀ ਪੁੱਤ, ਘਰ ਦਾ ਪਾਲਿਆ ਹੋਇਆ। ਮੈਂ ਚੰਦਰੇ ਨੂੰ ਸਾਰਾ ਸਾਰਾ ਦੁੱਧ ਛੱਡਦੀ ਰਹੀ ਹਾਂ। ਮੁੰਡਾ ਕਹਿੰਦਾ ਵੇਚਣਾ ਨਹੀਂ। ਬੜਾ ਸੁਹਣਾ ਵਹਿੜਕਾ ਨਿਕਲ੍ਹਾ। ਉਸ ਦੀਆਂ ਮੇਲੇ ਤੋਂ ਲਿਆਂਦੀਆਂ ਘੁੰਘਰਾਲ਼ਾਂ ਤੇ ਨੱਥਾਂ ਅਜੇ ਬਹੂ ਦੇ ਸੰਦੂਕ 'ਚ ਜਿਉਂ ਦੀਆਂ ਤਿਉਂ ਪਈਆਂ ਨੇ। ਸਾਨੂੰ ਪਾਉਣੀਆਂ ਵੀ ਨਸੀਬ ਨਾ ਹੋਈਆਂ। ਜਿਸ ਦਿਨ ਵਿਕ ਗਿਆ, ਤੇਰੇ ਚਾਚੇ ਨੇ ਟੁੱਕ ਦੀ ਬੁਰਕੀ ਨਾ ਖਾਧੀ। ਥਮ੍ਹਲੇ ਨਾਲ਼ ਲੱਗ ਕੇ ਬੈਠਾ ਰਿਹਾ ਸਾਰਾ ਦਿਨ, ਨੀਵੀਂ ਪਾ ਕੇ।"

"ਹੋਰ ਕੀ ਲਿਖਾਂ ਚਾਚੀ?" ਮੈਂ ਕੁਵੇਲ੍ਹਾ ਹੁੰਦਾ ਵੇਖ ਕੇ ਕਿਹਾ। "ਹੋਰ ਲਿਖ ਦੇ ਪੁੱਤ, ਬਈ ਕਰਤਾਰੋ ਦੇ ਘਰ ਕਾਕਾ ਹੋ ਕੇ ਗੁਜ਼ਰ ਗਿਆ, ਕਰਤਾਰੋ ਮੰਜੇ ਤੇ ਮਰਨ ਵਾਲ਼ੀ ਪਈ ਐ। ਜਲਦੀ ਤੋਂ ਜਲਦੀ ਸਾਹਿਬ ਨੂੰ ਕਹਿ ਕੇ ਨਾਂ ਕਟਵਾ ਆਵੇ। ਚਿੱਠੀ ਨੂੰ ਤਾਰ ਸਮਝੇ।"

ਮੈਂ ਸੁੰਨ ਹੋ ਗਿਆ।

"ਕਿੰਨਾ ਸੋਹਣਾ ਸੀ ਗੋਭਲਾ ਜਿਹਾ, ਮੇਰਾ ਪੋਤਾ, ਇੰਨ-ਬਿੰਨ ਬਾਪ ਤੇ ਗਿਆ ਸੀ। ਤਿੱਖਾ ਨੱਕ, ਚੌੜਾ ਮੱਥਾ ਤੇ ਭਰਵਾਂ ਚੇਹਰਾ। ਮੂੰਹ ਜਿਵੇਂ ਹੱਸੂੰ-ਹੱਸੂੰ ਕਰਦਾ ਸੀ। ਜਦੋਂ ਦੀਵੇ-ਚਾਨਣੇ ਮੈਂ ਦੇਖਿਆ ਇਉਂ ਲੱਗਿਆ, ਜਿਮੇਂ ਸਾਮਰਤੱਖ ਮੇਰਾ ਪੁੱਤ ਆ ਗਿਆ ਹੋਵੇ, ਛੁੱਟੀ ਲੈ ਕੇ, ਫ਼ੌਜ 'ਚੋਂ। ਉਸ ਵੇਲੇ ਮੇਰਾ ਮੱਥਾ ਠਣਕਿਆ। ਮੈਂ ਕਿਹਾ ਹਰ ਕੌਰੇ, ਤੇਰੇ ਘਰ ਤੇਰਾ ਦੂਜਾ ਪੁੱਤ ਜੰਮਿਐਂ। ਜਦੋਂ ਸੁੱਖ ਨਾਲ਼ ਗੱਭਰੂ ਹੋ ਗਿਆ, ਦੁਨੀਆਂ ਖੜ੍ਹੀ ਹੋ-ਹੋ ਵੇਖੂ। ਰੱਬ ਸੁੱਖ ਰੱਖੇ। ਲੰਬੀ ਉਮਰ ਦੇਵੇ ਮੇਰੇ ਪੋਤੇ ਨੂੰ। ਪਰ ਸਾਡੇ ਭਾਗ ਖੋਟੇ...।" ਬੁੜ੍ਹੀ ਆਪੇ ਬੁੜਬੜਾਈ।

"ਭਾਬੀ ਦੀ ਉਮਰ ਲੰਬੀ ਚਾਹੀਦੀ ਐ, ਚਾਚੀ। ਇਸ ਦਾ ਧਿਆਨ ਨਾਲ਼ ਇਲਾਜ ਕਰਵਾ। ਨਾਲੇ ਜਿਉਂਦਾ ਰਹੇ ਸਾਡਾ ਭਾਈ। ਉਸ ਦੀ ਲਿਖੀ ਹੀ ਏਨੀ ਕੁ ਸੀ।" ਮੈਂ ਦਿਲਾਸਾ ਦਿੰਦਿਆਂ ਕਿਹਾ।

ਚਾਚੀ ਨੇ ਸਿਰ ਤੇ ਰੱਖੇ ਖੱਦਰ ਦੇ ਪਰਨੇ ਨਾਲ਼ ਅੱਖਾਂ ਪੂੰਝੀਆਂ।

"ਆਹੋ ਚਾਚੀ।" ਮੈਂ ਬੜੀ ਮੁਸ਼ਕਿਲ ਨਾਲ਼ ਕਹਿ ਸਕਿਆ।

"ਚੰਗਾ ਪੁੱਤ ਇੱਕ ਵਾਰੀ ਸਾਰੀ ਚਿੱਠੀ ਪੜ੍ਹ ਕੇ ਸੁਣਾ ਦੇ ਮੈਨੂੰ। ਕੋਈ ਭੁੱਲੀ-ਚੁੱਕੀ ਗੱਲ ਚੇਤੇ ਆ ਜਾਇਗੀ ਨਾਲ਼ੇ।" ਉਸ ਦੀਆਂ ਅੱਖਾਂ 'ਚ ਤਰਲਾ ਸੀ।

ਮੈਂ ਸਾਰੀ ਚਿੱਠੀ ਪੜ੍ਹ ਕੇ ਸੁਣਾ ਦਿੱਤੀ।

"ਬੱਸ ਚਾਚੀ?" ਮੈਂ ਐਡਰੈੱਸ ਲਿਖਦਿਆਂ ਪੁੱਛਿਆ।

"ਬੱਸ ਪੁੱਤ...ਲਿਖ ਦੇ ਬਾਕੀ ਸਭ ਸੁੱਖ-ਸਾਂਦ ਹੈ।"

ਬੁੜ੍ਹੀ ਦੀ ਗੱਲ ਸੁਣ ਕੇ ਮੇਰੇ ਹੱਥੋਂ ਕ਼ਲਮ ਡਿਗ ਪਈ।

ਬਰਫ਼ ਲਤਾੜੇ ਰੁੱਖ (1994) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

Exercise 35.1 Fill in each blank with a suitable word (in its appropriate form) from the glossary for "ਬਾਕੀ ਸਭ ਸੁੱਖ-ਸਾਂਦ ਹੈ." Then translate the sentences.

1. ਰੋਟੀ ਦੀ ਇੱਕ _____ ਮੂੰਹ ਵਿੱਚ ਪਾ ਕੇ ਆਦਮੀ ਬੋਲਿਆ, "ਕਿੰਨਾ ਸੁਆਦ ਹੈ!"
2. ਸਾਧੂ ਪਿੱਪਲ ਹੇਠ _____ ਲਾ ਕੇ ਬੈਠਾ ਸੀ।
3. ਪ੍ਰੋਗਰਾਮ ਵਿੱਚ _____ ਲੈਣ ਵਾਲੇ ਆਪਣੇ ਕੱਪੜੇ ਪਾ ਕੇ ਇਧਰ-ਉਧਰ ਕਾਹਲੀ ਨਾਲ ਭੱਜ ਰਹੇ ਸਨ।
4. ਕਾਰ ਦੀਆਂ ਬੱਤੀਆਂ ਸਾਮ੍ਹਣੇ ਹਿਰਨੀ _____ ਖੜ੍ਹੀ ਸੀ।
5. ਜਦੋਂ ਵੀ ਮੇਰੇ ਦੋਸਤ ਬਾਹਰਲੇ ਦੇਸ ਜਾਂਦੇ ਹਨ ਉਹ ਮੈਨੂੰ _____ ਭੇਜਦੇ ਹਨ।
6. ਦੁਖੀ ਕੁੜੀ ਨੂੰ ਟੱਬਰ ਨੇ _____ ਦਿੱਤਾ।
7. ਜਦੋਂ ਉਸਤਾਦ ਜੀ ਨੇ ਡੇਵਿਡ ਤੋਂ ਪੁੱਛਿਆ ਕਿ ਉਹ ਕਲਾਸ ਵਿੱਚ ਦੇਰ ਨਾਲ ਕਿਉਂ ਆਇਆ ਹੈ, ਤਾਂ ਉਹ _____ ਕਰਨ ਲੱਗਿਆ।
8. _____ ਸੁਣ ਕੇ ਸਾਰੇ ਹੀ ਮਹਿਮਾਨ ਖਿੜ ਖਿੜਾ ਕੇ ਹੱਸ ਪਏ।
9. ਲਾੜੇ-ਲਾੜੀ ਨੂੰ ਰੋਟੀ ਪਕਾਉਣ ਲਈ _____ ਦੇ ਬਰਤਨ ਵਰੀ ਵਿੱਚ ਦਿੱਤੇ ਜਾਂਦੇ ਹਨ।
10. ਉਹ _____ ਪੈਸੇ ਦੀ ਤਰ੍ਹਾਂ ਹੈ, ਕਦੇ ਕਿਸੇ ਦੇ ਕੰਮ ਨਹੀਂ ਆਉਂਦਾ।

Exercise 35.2 Translate:

1. The farmer got milk from the lactating buffaloes.
2. In the winter doctors give vaccinations for the flu.
3. She got annoyed and turned her face away from me.
4. The mother has faith in her son that he will pass his exam.
5. Due to sitting on the floor so long my feet went numb.
6. ਘਟਨਾ ਪਿੱਛੋਂ ਅਸਾਂ ਸਾਰਿਆਂ ਹਉਕਾ ਭਰਿਆ ਸੀ।
7. ਕੰਗਾਲ ਟੱਬਰਾਂ ਨੂੰ ਦੋ ਵਕ਼ਤ ਦੀ ਰੋਟੀ ਵੀ ਨਹੀਂ ਮਿਲਦੀ।
8. ਕੁਪੱਤੇ ਲੋਕ ਹਰ ਗੱਲ ਤੇ ਝਗੜਾ ਕਰਦੇ ਹਨ।
9. ਉਸ ਦਾ ਗੋਭਲਾ ਜਿਹਾ ਮੁੰਡਾ ਕੁੜੀਆਂ ਵਰਗਾ ਲੱਗਦੈ।
10. ਪੀੜ੍ਹੀ ਤੇ ਬੈਠੀ ਹੋਈ ਜ਼ਨਾਨੀ ਚਰਖੇ ਤੇ ਰੂੰ ਕੱਤਣ ਲੱਗੀ।

ਔਖੇ ਲਫ਼ਜ਼

ਉਹਲਾ	cover (m)
ਇਸ਼ਾਰਾ	sign, signal, gesture (m)
ਇਤਬਾਰ	trust, faith (m)
ਸਹੁਰਾ	father-in-law's family, father-in-law (m)
ਸਫ਼ਾ	clean (adj/i); page (m)
ਸਮਾਧੀ	meditation, contemplation (f)
ਸਾਮਰਤੱਖ (ਸਾਮ੍ਹਣੇ)	in front of (pp)
ਸੁੰਨ	numb (adj/u)
ਹਉਕਾ	sigh (m)
ਹੱਸੂ-ਹੱਸੂ	smiling, happy (adj/u)
ਹਿਮਾਇਤੀ	supporter (m)
ਹਿਰਾਸਿਆ/ਹਿਰਾਸੀ	afraid, confused (adj/m/f)
ਕੰਗਾਲ	poor, destitute (adj/u)

Sri Satguru Jagjit Singh Ji eLibrary NamdhariElibrary@gmail.com

ਕੰਨ੍ਹ	part of ox's neck where yoke falls (m)
ਕਬੀਲਦਾਰ	family man (m)
ਕਾਂਸੀ	bronze (f)
ਕਾੜ੍ਹਨੀ	earthen vessel (f)
ਕੁਪੱਤਾ	quarrelsome (adj/i)
ਕੁਰਲਾਉਣਾ	to cry, wail (vi)
ਖੱਦਰ	coarse, home-spun cotton cloth (m)
ਖੋਟਾ	fake, false (adj/i)
ਗੋਭਲਾ	chubby (adj/i)
ਗ਼ੌਰ	attention, deliberation, deep thought (m)
ਘੁੰਘਰਾਲ	string of bells, around neck of animals (f)
ਝਗੜਾ	quarrel (m)
ਝਿਜਕ	hesitation, reluctance, shyness (f)
ਝਿਜਕਣਾ	to be hesitant, bashful (vi)
ਟਾਲ-ਮਟੋਲ	dilly-dallying, excuses (f)
ਟਿੱਚਰ	joke, jest (f)
ਟੁੱਕ	bread (m)
ਟੋਟਕਾ	witticism, anecdote (m)
ਤਾਰੀਖ਼	date (f)
ਤੂਅ	(of cattle) abortion, premature delivery (f)
ਥਹੁ	assessment (m)
ਥੰਮ੍ਹ, ਥਮ੍ਹਲਾ	pillar, support (m)
ਦਿਲਾਸਾ	consolation (m)
ਦੁਹਰਾ	rhymed couplet (m)
ਨੱਥ	nose-rope for animals (f)
ਨਾਢੂਖਾਨ	proud, arrogant, swaggering (adj/u)
ਨਾਂ ਕਟਵਾ ਕੇ	having taken discharge (adv)
ਪੱਟੀ	bandage, strip (f)
ਪਰਨਾ	length of cloth used as towel (m)
ਪਿੱਤਲ	brass (m)
ਪੀੜ੍ਹਾ, ਪੀੜ੍ਹੀ	low chair, stool (m, f)
ਪੂੰਛਣਾ	to wipe, rub out, clean (vt)
ਫੈਂਟਣਾ	to mix or cool by pouring from one vessel to another (vt)
ਫ਼ੌਜੀ	soldier (m)
ਬੀਹੀ/ਵੀਹੀ	street (f)
ਬੁੱਢੀ/ਬੁੜ੍ਹੀ	old woman (f)
ਬੁਰਕੀ	bite, mouthful (f)
ਬੁੜਬੁੜਾਉਣਾ	to mumble, mutter (vi)
ਬੈਂਤ	a meter of verse (m)
ਭਾਗ	part, portion; luck (m)
ਭੁਸਰਨਾ	to create problems (vi)
ਮੱਥਾ ਠਣਕਣਾ	to suspect

Sri Satguru Jagjit Singh Ji eLibrary NamdhariElibrary@gmail.com

ਮੁਤਾੜਨਾ	(for a bullock) to get hurt from yoke on the neck (vi)
ਰਾਮ ਸਤ	a greeting (f)
ਲਵੇਰੀ	lactating cow, buffalo, or goat (f)
ਲਾਰਾ	false promise, false hope (m)
ਲੋਦਾ	vaccination (m)
ਵਿਟਰਨਾ	to be annoyed (vi)

Sri Satguru Jagjit Singh Ji eLibrary NamdhariElibrary@gmail.com

Lesson 36
ਸਬਕ ੩੬
ਅਜਮੇਰ ਰੋਡੇ

ਨਿੱਕੀ

ਬਲਵੰਤ ਨੇ ਬੂਹਾ ਖੋਲ੍ਹਿਆ।

"ਹੈਲੋ... ਸ਼ਾਬਾਸ਼ੇ ਆਹ ਕਿਵੇਂ ਜੀਅ ਕਰ ਆਇਆ ਅੱਜ ਇਧਰ ਨੂੰ?" ਬਲਵੰਤ ਨੇ ਜਗਦੇਵ ਨੂੰ ਅਚਾਨਕ ਵੇਖ ਕੇ ਖ਼ੁਸ਼ ਹੁੰਦਿਆਂ ਕਿਹਾ। "ਹੋਰ ਸੁਣਾ ਕਿਵੇਂ, ਠੀਕ-ਠਾਕ ਹੈ?"

"ਦਰਸ਼ਨ ਕਰ ਕੇ। ਤੂੰ ਸੁਣਾ ਕਿਵੇਂ ਦਿਨ ਲੰਘਦੇ ਹਨ।" ਜਗਦੇਵ ਨੇ ਬੂਟ ਲਾਹੁੰਦਿਆਂ ਕਿਹਾ।

"ਬਸ ਮਿਹਰਬਾਨੀ ਹੈ ਉਪਰ ਵਾਲ਼ੇ ਦੀ, ਹੋਰ ਕਿਵੇਂ ਚੱਕਰ ਮਾਰਿਆ ਫਿਰ?"

"ਐਧਰ ਆਇਆ ਸੀ ਸੇਫ਼ ਵੇਅ ਤੋਂ ਲੱਸੀ ਲੈਣ, ਸੋਚਿਆ ਤੈਨੂੰ ਹੈਲੋ ਕਹਿ ਜਾਵਾਂ, ਤੇਰਾ ਤਾਂ ਟਾਈਮ ਨਹੀਂ ਲੱਗਦਾ। ਕੀ ਗੱਲ ਇਕੱਲਾ ਈ ਹੈਂ ਘਰੇ, ਕੋਈ ਖੜਕਾ-ਦੜਕਾ ਨਹੀਂ ਸੁਣਦਾ?"

"ਸਾਰੇ ਈ ਗਏ ਹੋਏ ਹਨ ਕਿਤੇ ਨਾ ਕਿਤੇ, ਮੈਂ ਵੀ ਨਿਕਲਨ ਈ ਵਾਲਾ ਸੀ ਜੇ ਤੂੰ ਨਾ ਆਉਂਦਾ ਤਾਂ।" ਦੋਵੇਂ ਜਣੇ ਸੋਫ਼ਿਆਂ ਤੇ ਬੈਠ ਗਏ।

"ਕੱਲ੍ਹ ਹਰਨਾਮ ਦੀ ਪਾਰਟੀ ਤੇ ਨਹੀਂ ਦਿਸਿਆ ਤੂੰ?" ਬਲਵੰਤ ਨੇ ਪੁੱਛਿਆ।

"ਪਾਰਟੀ-ਪੂਰਟੀ ਦੀ ਗੱਲ ਫਿਰ ਕਰਾਂਗੇ ਤੂੰ ਐਧਰ ਵੇਖ ਤੈਨੂੰ ਇੱਕ ਚੀਜ਼ ਵਿਖਾਵਾਂ।" ਜਗਦੇਵ ਨੇ ਆਪਣੇ ਹੱਥ 'ਚ ਫੜੀ ਅੰਗ੍ਰੇਜ਼ੀ ਦੀ ਅਖ਼ਬਾਰ ਮੇਜ਼ ਤੇ ਰੱਖਦਿਆਂ ਕਿਹਾ।

"ਆਹ ਵੇਖ ਦਿਲਾਵਰ ਦੀ ਕੁੜੀ ਦੀ ਫੋਟੋ, ਪਹਿਲੇ ਨੰਬਰ ਤੇ ਆਈ ਹੈ ਸ਼ਹਿਰ 'ਚੋਂ।"

"ਅੱਛਾ, ਕਮਾਲ ਹੋ ਗਈ ਫਿਰ ਤਾਂ ਬਈ," ਬਲਵੰਤ ਨੇ ਸਫ਼ੇ ਦੇ ਵਿਚਾਲੇ ਛਪੀ ਵੱਡੀ ਫ਼ੋਟੋ ਵੱਲ ਵੇਖਦਿਆਂ ਕਿਹਾ। "ਕਿਹੜੀ ਕਲਾਸ 'ਚੋਂ ਆਈ ਹੈ ਫ਼ਸਟ?"

"ਪੜ੍ਹਾਈ ਕਰ ਕੇ ਨਹੀਂ, ਸੁਹਣੀ ਕਰ ਕੇ ਆਈ ਹੈ ਪਹਿਲੇ ਨੰਬਰ ਤੇ। ਬਿਊਟੀ ਕੁਈਨ।"

"ਲੈ...ਰਹਿਣ ਦੇ...ਗੋਰੀਆਂ 'ਚੋਂ ਵੀ?" ਬਲਵੰਤ ਦਾ ਹੈਰਾਨੀ ਨਾਲ਼ ਮੂੰਹ ਈ ਖੁੱਲ੍ਹਾ ਰਹਿ ਗਿਆ।

"ਗੋਰੀਆਂ ਕਾਲ਼ੀਆਂ ਸਭ ਮਾਤ ਪਾ ਦਿੱਤੀਆਂ ਇੱਕ ਵਾਰੀ ਤਾਂ।" ਜਗਦੇਵ ਨੇ ਬਲਵੰਤ ਦੇ ਮੂੰਹ ਵੱਲ ਨੀਝ ਲਾ ਕੇ ਤੱਕਿਆ ਜਿਵੇਂ ਉਸ ਦੇ ਚਿਹਰੇ ਦਾ ਪ੍ਰਤਿਕਰਮ ਭਾਂਪ ਰਿਹਾ ਹੋਵੇ। ਬਲਵੰਤ ਅੱਗੋਂ ਕੁੱਝ ਨਾ ਬੋਲਿਆ। ਉਸ ਨੇ ਧਿਆਨ ਨਾਲ਼ ਫ਼ੋਟੋ ਵੱਲ ਵੇਖਿਆ। ਫ਼ੋਟੋ ਸੱਚਮੁੱਚ ਹੀ ਬਹੁਤ ਸੁਹਣੀ ਸੀ।

"ਸੁਹਣੀ ਹੈ ਫ਼ੋਟੋ," ਬਲਵੰਤ ਹੌਲ਼ੀ ਜਿਹੀ ਬੋਲਿਆ।

"ਪਰ ਉਹ ਇਕੱਲਾ ਮੂੰਹ ਨਹੀਂ ਵੇਖਦੇ ਭਾਈ ਸਾਹਿਬ, ਸਰੀਰ ਦਾ ਅੰਗ ਅੰਗ ਵੇਖ-ਚਾਖ ਕੇ ਫ਼ਸਟ ਕੱਢਦੇ ਹਨ। ਕੋਈ ਮਮੂਲੀ ਗੱਲ ਨਹੀਂ ਇਹ। ਤੂੰ ਟੀ. ਵੀ. ਤੇ ਨਹੀਂ ਵੇਖੇ ਕਦੇ ਬਿਊਟੀ ਮੁਕਾਬਲੇ?"

ਬਲਵੰਤ ਬਿਨਾਂ ਬੋਲਣ ਤੋਂ ਫ਼ੋਟੋ ਵੱਲ ਵੇਖਦਾ ਰਿਹਾ, ਜਿਵੇਂ ਯਕੀਨ ਨਾ ਆ ਰਿਹਾ ਹੋਵੇ।

ਜਗਦੇਵ ਨੇ ਗੱਲ ਜਾਰੀ ਰੱਖਦਿਆਂ ਕਿਹਾ, "ਉਂਜ ਦੇਖ ਲਾ ਯਾਰ ਆਪਣੇ ਲੋਕ ਕਿੱਥੋਂ ਤੁਰ ਕੇ ਕਿੱਥੇ ਆ ਗਏ। ਕਿੱਥੇ ਅਗਲਾ ਆਪਣੀ ਧੀ ਵੱਲ ਕਿਸੇ ਨੂੰ ਅੱਖ ਚੁੱਕ ਕੇ ਨਹੀਂ ਵੇਖਣ ਦੇਂਦਾ ਸੀ ਤੇ ਕਿੱਥੇ ਹੁਣ ਸਾਰੇ ਮੁਲਖ਼ ਸਾਮ੍ਹਣੇ ਨੰਗੀਆਂ ਲੱਤਾਂ ਕੱਢ ਕੇ ਪਰੇਡਾਂ! ਹੱਦ ਹੋ ਗਈ ਭਈ ਆਪਣੇ ਲੋਕਾਂ ਦੀ ਵੀ।"

"ਤੇਰੇ ਖ਼ਿਆਲ 'ਚ ਅੱਜ-ਕੱਲ੍ਹ ਦੇ ਜੁਆਕ ਸੁਣਦੇ ਹੈ ਮਾਪਿਆਂ ਦੀ ਗੱਲ?" ਬਲਵੰਤ ਨੇ ਕੁੱਝ ਔਖਿਆਈ ਜਿਹੀ ਨਾਲ਼ ਜਗਦੇਵ ਦੀਆਂ ਅੱਖਾਂ ਵਿਚ ਵੇਖਦਿਆਂ ਕਿਹਾ। ਜਗਦੇਵ ਨੇ ਅੱਖਾਂ ਪਾਸੇ ਕਰ ਲਈਆਂ। ਉਸ ਦੀ ਆਪਣੀ ਕੁੜੀ, ਬੰਟੀ, ਕੁੱਝ ਚਿਰ ਪਹਿਲਾਂ ਸਖ਼ਤੀ ਕਾਰਨ ਘਰੋਂ ਨੱਸ ਗਈ ਸੀ ਤੇ ਮਸਾਂ ਸਮਝਾ ਬੁਝਾ ਕੇ ਵਾਪਸ ਲਿਆਂਦੀ ਸੀ। ਜਗਦੇਵ ਨੇ ਭਾਵੇਂ ਇਸ ਗੱਲ ਦੀ ਕਿਸੇ ਕੋਲ ਭਾਫ਼ ਨਹੀਂ ਕੱਢੀ ਸੀ, ਪਰ ਅੰਦਰੋ-ਅੰਦਰ ਕਾਫ਼ੀ ਲੋਕਾਂ ਨੂੰ ਪਤਾ ਲੱਗ ਗਿਆ ਸੀ। ਸ਼ਾਇਦ ਇਹੀ ਕਾਰਨ ਸੀ ਹੁਣ ਜਗਦੇਵ ਅਖ਼ਬਾਰ ਚੁੱਕੀ ਘਰੋ-ਘਰ ਤੁਰਿਆ ਫਿਰਦਾ ਸੀ ਤੇ ਦਿਲਾਵਰ ਦੀ ਕੁੜੀ ਦੀ ਗੱਲ ਕਰ ਕੇ ਕੋਈ ਤਸੱਲੀ ਜਿਹੀ ਮਹਿਸੂਸ ਕਰਦਾ ਸੀ।

ਉਸ ਨੂੰ ਲੱਗਾ 'ਅੱਜ-ਕੱਲ੍ਹ ਦੇ ਜੁਆਕਾਂ' ਵਾਲ਼ੀ ਗੱਲ ਬਲਵੰਤ ਨੇ ਉਸ ਨੂੰ ਲਾਅ ਕੇ ਕਹੀ ਸੀ। ਫਿਰ ਉਸ ਨੂੰ ਖ਼ਿਆਲ ਆਇਆ ਦਿਲਾਵਰ ਅਤੇ ਬਲਵੰਤ ਦੀ ਚੰਗੀ ਬਣਦੀ ਹੈ ਅਤੇ ਦੋਵੇਂ ਜਣੇ ਘਰਾਂ 'ਚੋਂ ਦੂਰੋਂ ਨੇੜਿਓਂ ਸਕੇ ਵੀ ਹਨ। ਉਹ ਅਖ਼ਬਾਰ ਚੁੱਕ ਕੇ ਸੋਫੇ ਤੋਂ ਉੱਠ ਕੇ ਖੜ੍ਹਾ ਹੋ ਗਿਆ।

"ਚੰਗਾ ਬਲਵੰਤ ਸਿੰਘਾ ਮੈਂ ਚੱਲਦਾਂ, ਫਿਰ ਮਿਲ਼ਾਂਗੇ, ਮੈਂ ਤਾਂ ਐਵੇਂ ਹੈਲੋ ਹੀ ਕਹਿਣ ਆਇਆ ਸਾਂ।" ਬਲਵੰਤ ਨੇ ਉਸ ਨੂੰ ਹੋਰ ਬੈਠਣ ਲਈ ਕਿਹਾ, ਪਰ ਜਗਦੇਵ ਹੱਥ ਮਿਲ਼ਾ ਕੇ ਚਲਾ ਗਿਆ।

Sri Satguru Jagjit Singh Ji eLibrary NamdhariElibrary@gmail.com

ਬਲਵੰਤ ਨੂੰ ਅਜੇ ਵੀ ਯਕ਼ੀਨ ਨਹੀਂ ਸੀ ਆ ਰਿਹਾ। ਕੀ ਇਹ ਸੱਚਮੁੱਚ ਉਹੀ ਨਿੱਕੀ ਹੈ ਜਿਸ ਦੇ ਨੱਕ 'ਚੋਂ ਨਲ਼ੀ ਨਹੀਂ ਸੀ ਸੁਕਦੀ। ਉਸ ਨੂੰ ਯਾਦ ਆਇਆ ਨਿੱਕੀ ਦੀਆਂ ਅੱਖਾਂ ਮੋਟੀਆਂ ਸਨ ਅਤੇ ਨੱਕ ਤਿੱਖਾ। ਪਰ ਪਿੰਡਾਂ ਵਿਚ ਇਹੋ-ਜਿਹੀਆਂ ਗੱਲਾਂ ਵੱਲ ਕੌਣ ਧਿਆਨ ਦੇਂਦਾ ਸੀ। ਉਸ ਨੂੰ ਨਿੱਕੀ ਦੇ ਬਚਪਣ ਬਾਰੇ ਇੱਕ ਹੋਰ ਗੱਲ ਵੀ ਕਦੇ ਨਹੀਂ ਸੀ ਭੁੱਲੀ।

ਨਿੱਕੀ ਦੋ ਕੁ ਸਾਲਾਂ ਦੀ ਸੀ। ਇੱਕ ਦਿਨ ਉਸ ਦੀ ਮਾਂ ਮੇਲੋ ਬਾਹਰ ਆਪਣੇ ਖੇਤ ਵਿੱਚ ਕਪਾਹ ਚੁਗਦੀ ਸੀ। ਨਿੱਕੀ ਨੂੰ ਉਸ ਨੇ ਇੱਕ ਪਾਸੇ ਟਾਹਲੀ ਦੀ ਠੰਢੀ ਛਾਂ ਹੇਠ ਸੁਆਇਆ ਹੋਇਆ ਸੀ। ਜਦੋਂ ਮੇਲੋ ਕੁੱਝ ਚਿਰ ਪਿੱਛੋਂ ਕਪਾਹ ਢੇਰੀ ਕਰਨ ਆਈ, ਤਾਂ ਨਿੱਕੀ ਨੂੰ ਉਥੋਂ ਗੁੰਮ ਵੇਖ ਕੇ ਉਸ ਦੀ ਖਾਨਿਓਂ ਗਈ। "ਹਾਏ ਨੀ ਮੈਂ ਮਰ ਜਾਂ ਮੇਰੀ ਕੁੜੀ!" ਉਹ ਡੌਰ-ਭੌਰੀ ਹੋਈ ਕਦੇ ਇਸ ਪਾਸੇ ਨੱਸ ਕੇ ਵੇਖੇ ਕਦੇ ਔਸ ਪਾਸੇ। ਨਾਲ਼ ਦੇ ਖੇਤ 'ਚ ਕੰਮ ਕਰਦਾ ਬਲਵੰਤ ਉੱਥੇ ਆਇਆ ਅਤੇ ਮੇਲੋ ਨੂੰ ਵੇਖ ਕੇ ਬੋਲਿਆ:

"ਕੀ ਗੱਲ ਹੈ ਭਾਬੀ ਭੂਸਰੀ ਗਾਂ ਵਾਂਙ ਭੱਜੀ ਫਿਰਦੀ ਹੈਂ? ਸਾਨੂੰ ਦੱਸ ਕੋਈ ਸੇਵਾ ਦੀ ਲੋੜ ਐ ਤਾਂ।"

"ਵੇ ਬੰਤ ਮੇਰੀ ਤਾਂ ਕੁੜੀ ਇੱਥੋਂ ਪਤਾ ਨਹੀਂ ਕਿੱਥੇ ਚਲੀ ਗਈ। ਵੀਰ ਬਣ ਕੇ ਵੇਖ ਇੱਥੇ ਕਿਤੇ ਹੈਗੀ ਹੈ ਤਾਂ।"

"ਹੈਂ, ਨਿੱਕੀ ਨੂੰ ਚੁੱਕ ਕੇ ਲੈ ਗਿਆ ਕੋਈ।"

"ਹਾੜ੍ਹੇ ਹਾੜ੍ਹੇ ਤੇਰੇ ਅੱਗੇ ਹੱਥ ਬੰਨ੍ਹਦੀ ਆਂ, ਵੀਰ ਬਣ ਕੇ ਭਾਲ਼ ਕੁੜੀ ਨੂੰ।"

"ਓ ਅੱਛਾ, ਭਾਬੀ ਤੈਨੂੰ ਦੱਸਾਂ, ਜਾਂ ਤਾਂ ਫਿਰ ਓਹੀ ਗੱਲ ਹੋਈ। ਉਹ ਸਾਡੇ ਖੇਤ ਵਾਲ਼ੀ ਬੇਰੀ ਹੈ ਨਾ ਮੋਟੇ ਤਣੇ ਵਾਲ਼ੀ, ਉੱਥੇ ਗਿਦੜੀ ਦਾ ਘੁਰਨਾ ਹੈ। ਮੈਨੂੰ ਲੱਗਦਾ ਗਿਦੜੀ ਲੈ ਗਈ ਨਿੱਕੀ ਨੂੰ ਚੁੱਕ ਕੇ। ਚੱਲ ਉੱਥੇ ਵੇਖ ਚੱਲ ਕੇ। ਇਸੇ ਤਰ੍ਹਾਂ ਅੱਗੇ ਇੱਕ ਵਾਰੀ ਕਹਿੰਦੇ ਸੋਖੀ ਦੇ ਮੁੰਡੇ ਨੂੰ...।"

"ਵੇ ਜਾਹ ਦਫ਼ਾ ਹੋ ਟੁੱਟ ਪੈਣਾ ਮੇਰੇ ਨਾਲ' ਚਲਾਕੀਆਂ ਕਰਦੈ ਅੱਗੋਂ, ਆਖੇ ਸਾਡੇ ਖੇਤ 'ਚ ਆ ਜਾ...।"

"ਨਾ ਭਾਬੀ ਮੈਨੂੰ ਤਾਂ ਵੱਡੇ ਮਹਾਰਾਜ ਦੀ ਸਹੁੰ, ਜੇ ਐਹੋ ਜਿਹੀ ਕੋਈ... ਚੱਲ ਜਾਹ ਤੂੰ ਕੱਲੀ ਜਾ ਕੇ ਵੇਖ ਆ ਮੈਂ ਇਧਰ ਵੇਖਦਾਂ।"

ਮੇਲੋ ਡਰਦੀ-ਡਰਦੀ ਬੇਰੀ ਦੇ ਦੂਜੇ ਪਾਸੇ ਗਈ। ਅੱਗੇ ਛਾਵੇਂ ਮੁੱਢ ਨਾਲ਼ ਬੈਠੀ ਨਿੱਕੀ ਗੁੜ ਦੀ ਡਲ਼ੀ ਖਾ ਰਹੀ ਸੀ। ਉਸ ਨੂੰ ਵੇਖ ਕੇ ਮੇਲੋ ਦੀ ਜਾਨ ਵਿੱਚ ਜਾਨ ਆਈ। ਉਸ ਨੇ ਨਿੱਕੀ ਨੂੰ ਚੁੱਕ ਕੇ ਹਿੱਕ ਨਾਲ਼ ਲਾ ਲਿਆ। ਜਦੋਂ ਉਸ ਨੂੰ ਨਿੱਕੀ ਦੇ ਹੱਥ ਵਿੱਚ ਗੁੜ ਦਾ ਖ਼ਿਆਲ ਆਇਆ ਤਾਂ ਨਿੱਕੀ ਆਪੇ ਹੀ ਬੋਲ ਪਈ:

"ਬੇਬੇ ਬੰਤ ਤਾਤੇ ਨੇ, ਹੈ ਨਾ, ਗੁੜ ਦਿੱਤਾ ਸੀ ਨਾਲ਼ੇ, ਹੈ ਨਾ, ਕਹਿੰਦਾ ਸੀ, ਸ਼ੀ... ਚੁੱਪ।"

ਮੇਲੋ ਨੇ ਮੁੜ ਕੇ ਵੇਖਿਆ, ਪਰੇ ਖੜ੍ਹਾ ਬੰਤ ਦੰਦੀਆਂ ਕੱਢੀ ਜਾਂਦਾ ਸੀ।

"ਖੜ੍ਹ ਜਾ ਦੋਜ਼ਕੀਆ...ਕਿੰਨਾ ਭਜਾਇਆ ਮੈਨੂੰ, ਆਹ ਕਪਾਹ ਤੇਰਾ ਕੋਈ ਲੱਗਦਾ ਚੁਗੇਗਾ ਆ ਕੇ।" ਬਲਵੰਤ ਹਸਦਾ-ਹਸਦਾ ਮੇਲੋ ਨੂੰ ਅੰਗੂਠਾ ਦਿਖਾ ਕੇ ਪਰ੍ਹੇ ਤੁਰ ਗਿਆ। ਪਰ ਮੇਲੋ ਦਾ ਇਹ ਗ਼ੁੱਸਾ ਉੱਤੋਂ-ਉੱਤੋਂ ਹੀ ਸੀ। ਪਿੱਛੋਂ ਮੇਲੋ ਲਈ ਇਹ ਹਾਦਸਾ ਅਤਿ ਪਿਆਰੀ ਯਾਦ ਬਣ ਕੇ ਸਦਾ ਲਈ ਦਿਲ ਵਿਚ ਟਿਕ ਗਿਆ। ਬਲਵੰਤ ਉਸ ਸਮੇਂ ਕਾਲਜ ਚੋਂ ਇੱਕ ਦੋ ਵਾਰ ਫੇਲ੍ਹ ਹੋ ਕੇ ਵਾਪਸ ਪਿੰਡ ਆ ਕੇ ਖੇਤੀ ਦਾ ਕੰਮ ਕਰਨ ਲੱਗ ਪਿਆ ਸੀ।

ਅੱਜ ਸਭ ਕੁੱਝ ਕਿੰਨਾ ਬਦਲ ਗਿਆ ਹੈ। ਬਲਵੰਤ ਦੇ ਬੁੱਲ੍ਹਾਂ ਤੇ ਮੁਸਕਾਨ ਆ ਗਈ। ਪਰ ਨਾਲ਼ ਹੀ ਨਿੱਕੀ ਦੇ ਬਿਊਟੀ ਮੁਕਾਬਲਿਆਂ ਵਿਚ ਹਿੱਸਾ ਲੈਣ ਦੀ ਗੱਲ ਨੇ ਉਸ ਦਾ ਮਨ ਉਦਾਸ ਕਰ ਦਿੱਤਾ। ਉਸ ਦੇ ਵਿਚਾਰ ਵਿਚ 'ਸਾਡੀਆਂ' ਕੁੜੀਆਂ ਲਈ ਇਹ ਗੱਲਾਂ ਬਹੁਤ ਮਾੜੀਆਂ ਸਨ। ਨਿੱਕੀ ਦਾ ਅਸਰ ਕਮਿਊਨਿਟੀ ਦੀਆਂ ਬਾਕੀ ਕੁੜੀਆਂ ਤੇ ਵੀ ਜ਼ਰੂਰ ਪਵੇਗਾ। ਕੱਲ੍ਹ ਨੂੰ ਉਸ ਦੀਆਂ ਆਪਣੀਆਂ ਧੀਆਂ ਵੀ ਜੁਆਨ ਹੋਣ ਵਾਲ਼ੀਆਂ ਸਨ। ਉਸ ਨੇ ਅੰਦਾਜ਼ਾ ਲਾਇਆ ਨਿੱਕੀ ਦੀ ਉਮਰ ਕੋਈ ਅਠਾਰਾਂ ਉੱਨੀ ਸਾਲ ਦੀ ਹੋਵੇਗੀ। ਅੱਜ ਤੋਂ ਤੇਰਾਂ ਚੌਦਾਂ ਸਾਲ ਪਹਿਲਾਂ ਦਿਲਾਵਰ ਆਪਣਾ ਪਰਿਵਾਰ ਨਾਲ਼ ਲੈ ਕੇ ਕਨੇਡਾ ਆ ਗਿਆ ਸੀ। ਉਹ ਆਉਂਦਾ ਈ ਇਨਸ਼ੋਰੈਂਸ ਵੇਚਣ ਲੱਗ ਪਿਆ ਸੀ ਅਤੇ ਹੁਣ ਤੱਕ ਚੰਗਾ ਪੈਸਾ ਕਮਾ ਚੁੱਕਿਆ ਸੀ।

ਬਲਵੰਤ ਦਿਲਾਵਰ ਤੋਂ ਚਾਰ ਪੰਜ ਸਾਲ ਪਿੱਛੋਂ ਆਇਆ ਸੀ। ਉਸ ਦੇ ਅਜੇ ਵੀ ਪੂਰੀ ਤਰਾਂ ਪੈਰ ਨਹੀਂ ਸਨ ਜੰਮੇ। ਉਹ ਦੋ ਕੁ ਸਾਲ ਪਹਿਲਾਂ ਕੁਨੈਲ, ਕੈਲਗਰੀ ਤੋਂ ਫਿਰਦਾ-ਫਿਰਾਉਂਦਾ ਵਾਪਸ ਵੈਨਕੂਵਰ ਆ ਟਿਕਿਆ ਸੀ। ਪਤਨੀ ਕਿਸੇ ਸਟੋਰ ਵਿਚ ਪੱਕੇ ਕੰਮ ਉਤੇ ਲੱਗ ਗਈ ਪਰ ਬਲਵੰਤ ਆਪ ਅਕਸਰ ਅਨਇੰਪਲਾਇਮੈਂਟ ਤੇ ਰਹਿੰਦਾ। ਪਹਿਲਾਂ ਦੇ ਬੰਤ ਨਾਲੋਂ ਅੱਜ-ਕੱਲ੍ਹ ਦੇ ਬਲਵੰਤ ਵਿਚ ਬਹੁਤ ਫ਼ਰਕ ਆ ਗਿਆ ਸੀ। ਉਹ ਭਾਵੇਂ ਅਜੇ ਚਾਲ਼ੀਆਂ ਦੇ ਇਰਦ-ਗਿਰਦ ਹੀ ਸੀ, ਪਰ ਉਸ ਦੀ ਬੋਲਣੀ-ਚਾਲਣੀ ਅਤੇ ਅਦਾਵਾਂ 'ਚੋਂ ਬਜ਼ੁਰਗਪੁਣੇ ਦੀ ਝਲਕ ਪੈਂਦੀ ਸੀ।

ਉਹ ਪੋਚਵੀਂ ਪੱਗ ਬੰਨ੍ਹ ਕੇ ਅਤੇ ਸੁਥਰੇ ਕੱਪੜੇ ਪਹਿਨ ਕੇ ਅਤੇ ਆਪਣੀ ਅੱਧ-ਚਿੱਟੀ ਦਾਹੜੀ ਖੁੱਲ੍ਹੀ ਛੱਡ ਕੇ ਹਰ ਰੋਜ਼ ਗੁਰਦਵਾਰੇ ਜਾਂਦਾ ਅਤੇ ਲੋਕਾਂ ਨੂੰ ਘਰੇਲੂ ਸਲਾਹ-ਮਸ਼ਵਰੇ ਦੇਂਦਾ। ਜਾਂ ਕਮਿਊਨਿਟੀ ਦੇ ਮਸਲਿਆਂ ਦੀ ਗੱਲ ਕਰਦਾ। ਲੋਕਾਂ ਵਿਚ ਉਸ ਦੀ ਚੰਗੀ ਇੱਜ਼ਤ ਬਣੀ ਹੋਈ ਸੀ। ਦਿਲਾਵਰ ਦੇ ਪਰਿਵਾਰ ਨਾਲ਼ ਉਸ ਦੀ ਸਾਂਝ ਅਜੇ ਵੀ ਡੂੰਘੀ ਸੀ। ਭਾਵੇਂ ਉਨ੍ਹਾਂ ਨਾਲ਼ ਆਉਣ ਜਾਣ ਕਦੀ-ਕਦਾਈਂ ਹੀ ਹੁੰਦਾ। ਨਿੱਕੀ ਨੂੰ ਤਾਂ ਵੇਖਿਆਂ ਸ਼ਾਇਦ ਸਾਲ ਹੀ ਬੀਤ ਗਏ ਸਨ। ਉਹ ਜਦੋਂ ਵੀ ਦਿਲਾਵਰ ਦੇ ਘਰ ਜਾਂਦਾ, ਨਿੱਕੀ ਅਕਸਰ ਆਪਣੀਆਂ ਸਹੇਲੀਆਂ ਨਾਲ਼ ਬਾਹਰ ਹੁੰਦੀ ਜਾਂ ਸਕੂਲ ਵਿਚ। ਉਂਜ ਵੀ ਕਨੇਡਾ ਵਿਚ ਜੰਮੇ-ਪਲ਼ੇ ਜਾਂ ਜਵਾਨ ਹੋਏ ਬੱਚੇ ਵੱਡਿਆਂ ਵਿਚ ਘੱਟ ਵੱਧ ਹੀ ਦਿਲਚਸਪੀ ਲੈਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਇਸ ਸਮੇਂ ਬਲਵੰਤ ਦਿਲਾਵਰ ਬਾਰੇ ਸੋਚ ਰਿਹਾ ਸੀ। ਦਿਲਾਵਰ ਬਹੁਤ ਅਣਖੀਲਾ ਅਤੇ ਗ਼ੁਸੈਲ ਸੁਭਾਅ ਦਾ ਸੀ। ਕਿਵੇਂ ਉਸ ਨੇ ਨਿੱਕੀ ਦੀ ਫ਼ੋਟੋ ਨਾਲ਼ ਥਾਂ-ਥਾਂ ਹੋਈ ਚਰਚਾ ਸਹਾਰੀ ਹੋਵੇਗੀ! ਉਸ ਨੂੰ ਪੱਕਾ ਯਕ਼ੀਨ ਸੀ ਦਿਲਾਵਰ ਨਿੱਕੀ ਦੀਆਂ ਅਜੇਹੀਆਂ ਹਰਕਤਾਂ ਤੋਂ ਅਣਜਾਣ ਰਿਹਾ ਹੋਵੇਗਾ, ਨਹੀਂ ਤਾਂ...। ਉਸ ਨੇ ਨਿੱਕੀ ਨੂੰ ਬਹੁਤ ਕੁੱਟਿਆ ਹੋਵੇਗਾ। ਜੇ ਉਹ ਵੀ ਜਗਦੇਵ ਦੀ ਕੁੜੀ ਵਾਂਙ ਘਰੋਂ ਨੱਸ ਗਈ! ਉਸ ਨੇ ਉਸੇ ਪਲ ਹੀ ਦਿਲਾਵਰ ਦੇ ਘਰ ਜਾਣ ਦਾ ਫ਼ੈਸਲਾ ਕਰ ਲਿਆ।

ਬੈੱਲ ਹੋਣ ਤੇ ਮੇਲੋ ਨੇ ਬੂਹਾ ਖੋਲ੍ਹਿਆ। "ਸਤਿ ਸ੍ਰੀ ਅਕਾਲ! ਅੱਜ ਸਾਡੇ ਘਰ ਕਿਵੇਂ ਰਾਹ ਭੁੱਲ ਕੇ ਆ ਗਏ? ਆ ਜਾਓ ਅੰਦਰ।" ਮੇਲੋ ਨੂੰ ਇਸ ਤਰ੍ਹਾਂ ਖ਼ੁਸ਼ ਵੇਖ ਕੇ ਬਲਵੰਤ ਨੂੰ ਹੈਰਾਨੀ ਹੋਈ।

"ਕੀ ਲਿਆਵਾਂ, ਜੂਸ ਕਿ ਚਾਹ ਧਰ ਦਿਆਂ?"

"ਨਹੀਂ ਕਿਸੇ ਚੀਜ਼ ਦੀ ਲੋੜ ਨਹੀਂ। ਮੈਂ ਤਾਂ..."

"ਨਿੱਕੀ, ਨਿੱਕੀ, ਥੱਲੇ ਆਈਂ ਇੱਕ ਮਿੰਟ," ਮੇਲੋ ਨੇ ਬਲਵੰਤ ਦੀ ਗੱਲ ਵਿਚੋਂ ਹੀ ਕੱਟ ਕੇ ਨਿੱਕੀ ਨੂੰ ਆਵਾਜ਼ ਮਾਰੀ ਅਤੇ ਕਾਫ਼ੀ ਟੇਬਲ ਉੱਤੇ ਪਹਿਲਾਂ ਦੇ ਪਏ ਕੱਪ ਚੁੱਕਣ ਲੱਗ ਪਈ।

"ਕਮਿੰਗ ਮਾਮ!" ਉਪਰੋਂ ਕਮਰੇ ਚੋਂ ਨਿੱਕੀ ਦੀ ਆਵਾਜ਼ ਆਈ। ਉਸ ਨੇ ਸੋਚਿਆ ਬਾਹਰ ਸ਼ਾਇਦ ਉਸ ਦੀ ਕੋਈ ਸਹੇਲੀ ਆਈ ਹੈ। ਦੂਜੇ ਪਲ ਹੀ ਉਹ ਆਪਣੀ ਗੋਰੀ ਸਹੇਲੀ ਨਾਲ਼ ਲਿਵਿੰਗ ਰੂਮ 'ਚ ਆ ਗਈ। ਨਿੱਕੀ ਨੇ ਪੂਰੀ ਮੇਕ-ਅਪ ਕੀਤੀ ਹੋਈ ਸੀ ਅਤੇ ਸਕਰਟ ਪਹਿਨੀ ਹੋਈ ਸੀ। ਉਸ ਦੇ ਚਿਹਰੇ ਉੱਤੇ ਉਤਸੁਕਤਾ, ਅਤੇ ਥੋੜ੍ਹਾ ਜਿਹਾ ਤਣਾਓ ਸੀ। ਸੋਫ਼ੇ ਉੱਤੇ ਬੈਠੇ ਬਲਵੰਤ ਨੂੰ ਜਿਵੇਂ ਉਸ ਨੇ ਦੇਖਿਆ ਹੀ ਨਹੀਂ ਸੀ। ਬਲਵੰਤ ਨਿੱਕੀ ਨੂੰ ਵੇਖਦਾ ਈ ਰਹਿ ਗਿਆ। ਐਨੀ ਸੁਹਣੀ ਅਤੇ ਸੁਡੌਲ ਅੰਗਾਂ ਵਾਲ਼ੀ ਮੁਟਿਆਰ ਉਸ ਨੇ ਸ਼ਾਇਦ ਪਹਿਲਾਂ ਕਦੇ ਵੇਖੀ ਹੀ ਨਹੀਂ ਸੀ।

"ਐਵੇਂ ਤਾਂ ਨਹੀਂ ਫ਼ਸਟ ਆ ਗਈ।" ਬਲਵੰਤ ਦੇ ਮਨ 'ਚ ਅਚੇਤ ਹੀ ਖ਼ਿਆਲ ਆਇਆ। ਪਰ ਉਸ ਨੇ ਤੁਰੰਤ ਹੀ ਅੱਖਾਂ ਨੀਵੀਂਆਂ ਕਰ ਲਈਆਂ। ਨਿੱਕੀ ਤਾਂ ਉਸ ਦੇ ਜਿਗਰੀ ਦੋਸਤ ਦੀ ਧੀ ਸੀ, ਉਸ ਦੀਆਂ ਆਪਣੀਆਂ ਧੀਆਂ ਵਰਗੀ।

"ਨਿੱਕੀ ਇਹ ਤੇਰਾ ਉਹ ਅੰਕਲ ਐ ਜਿਹੜਾ ਤੈਨੂੰ ਛੋਟੀ ਹੁੰਦੀ ਨੂੰ ਕਪਾਹ ਦੇ ਖੇਤ ਚੋਂ...," ਮੇਲੋ ਨੇ ਨਿੱਕੀ ਨੂੰ ਯਾਦ ਕਰਵਾਉਂਦਿਆਂ ਕਿਹਾ। ਸੁਣ ਕੇ ਨਿੱਕੀ ਦਾ ਚਿਹਰਾ ਬੱਚਿਆਂ ਵਾਂਙ ਖਿੜ ਗਿਆ।

"ਓ ਹਾਇ ਅੰਕਲ!" ਨਿੱਕੀ ਟਪੂਸੀ ਮਾਰ ਕੇ ਸੋਫ਼ੇ ਉੱਤੇ ਬਲਵੰਤ ਨਾਲ਼ ਲੱਗ ਕੇ ਜਾ ਬੈਠੀ। ਬਲਵੰਤ ਅਚੰਭਤ ਜਿਹਾ ਹੋਇਆ ਕੋਈ ਵੀ ਸ਼ਬਦ ਨਾ ਬੋਲ ਸਕਿਆ। ਉਸ ਨੇ ਨਿੱਕੀ ਨੂੰ ਪਿਆਰ ਦੇਣ ਲਈ ਹੱਥ ਚੁੱਕਿਆ, ਪਰ ਉਸ ਦੇ ਵਾਲ਼ ਖ਼ਰਾਬ ਹੋਣ ਦੇ ਡਰੋਂ ਪੋਲਾ ਜਿਹਾ ਉਸ ਦੇ ਮੋਢੇ ਤੇ ਹੀ ਰੱਖ ਦਿੱਤਾ। ਨਿੱਕੀ ਨੇ ਕਨੇਡੀਅਨ ਬੱਚਿਆਂ ਦੀ ਅਦਾ ਨਾਲ਼ ਆਪਣਾ ਲੰਬੇ ਕੇਸਾਂ ਵਾਲ਼ਾ ਸਿਰ ਬਲਵੰਤ ਦੇ ਖੱਬੇ ਪਾਸੇ ਨਾਲ਼ ਲਾ ਦਿੱਤਾ। ਵਾਲ਼ਾਂ 'ਚੋਂ ਉੱਠਦੀ ਮਹਿਕ ਨਾਲ਼ ਬਲਵੰਤ ਦਾ ਮਨ ਸਰੂਰਿਆ ਗਿਆ। ਨਿੱਕੀ ਸਾਰੀ ਦੀ ਸਾਰੀ ਹੀ ਉਸ ਨੂੰ ਸੱਜਰੇ ਖਿੜੇ ਗੁਲਾਬ ਵਾਂਙ ਲੱਗੀ। ਉਹ ਕੋਮਲ ਭਾਵਾਂ ਵਾਲ਼ੀ ਕੁੜੀ ਸੀ ਤੇ ਮਾਂ ਤੋਂ ਕਈ ਵਾਰ ਆਪਣੇ ਬਚਪਣ ਦੀ ਕਪਾਹ ਵਾਲ਼ੀ ਗੱਲ ਸੁਣ ਕੇ ਉਸ ਨੂੰ ਅੰਦਰੋ-ਅੰਦਰ ਆਪਣੇ ਇਸ ਅੰਕਲ ਨਾਲ਼ ਸੁਖਾਵਾਂ ਜਿਹਾ ਲਗਾਉ ਹੋ ਗਿਆ ਸੀ।

"ਦਿਲਾਵਰ ਕਿੱਥੇ ਹੈ," ਬਲਵੰਤ ਨੇ ਮੇਲੋ ਵੱਲ ਮੂੰਹ ਕਰ ਕੇ ਪੁੱਛਿਆ।

"ਉਹ ਆਹ ਸਟੋਰ ਤੱਕ ਗਏ ਹਨ। ਆਉਣ ਈ ਵਾਲ਼ੇ ਹਨ। ਪਹਿਲਾਂ ਤਾਂ ਐਵੇਂ ਗ਼ੁੱਸੇ ਜਿਹੇ 'ਚ ਬੈਠੇ ਸਨ। ਫਿਰ ਉਨ੍ਹਾਂ ਦੇ ਬੌਸ ਦਾ ਫ਼ੋਨ ਆ ਗਿਆ। ਕਹਿੰਦੇ ਵਧਾਈਆਂ ਦੇਣ ਆਉਣੈ। ਫਿਰ ਇਨ੍ਹਾਂ ਦਾ ਵੀ ਮੂਡ ਬਦਲ ਗਿਆ। ਕਹਿੰਦੇ ਚੱਲ ਸਟੋਰ ਤੋਂ ਜਾ ਕੇ ਮਿਠਿਆਈ ਹੀ ਲੈ ਆਵਾਂ।" ਮੇਲੋ ਨੇ ਹੱਸ ਕੇ ਬਲਵੰਤ ਕੋਲ਼ ਘਰ ਦਿਆਂ ਵਾਂਙ ਸਾਰੀ ਗੱਲ ਕਰ ਦਿੱਤੀ। ਬਲਵੰਤ ਨੂੰ ਆਪਣਾ ਆਪ ਮੂਰਖ ਜਿਹਾ ਲੱਗ ਰਿਹਾ ਸੀ।

ਉਸ ਨੇ ਸੋਚਿਆ ਉਹ ਕੀ ਅੰਦਾਜ਼ੇ ਲਾਉਂਦਾ ਸੀ ਤੇ ਇੱਥੇ ਕੀ ਕੁੱਝ ਵਾਪਰੀ ਜਾ ਰਿਹਾ ਹੈ। ਉਹ ਮੇਜ਼ ਤੇ ਨਿੱਕੀ ਦੀ ਤਸਵੀਰ ਵਾਲ਼ੀ ਪਈ ਅਖ਼ਬਾਰ ਵੱਲ ਵੇਖ ਕੇ ਬੋਲਿਆ, "ਨਿੱਕੀ ਬੇਟਾ ਤੇਰੀ ਇਹ ਫ਼ੋਟੋ ਬਹੁਤ ਸੁਹਣੀ ਛਪੀ ਹੈ।"

"ਥੈਂਕਸ ਅੰਕਲ।" ਨਿੱਕੀ ਨੇ ਕਿਹਾ ਤੇ ਨਾਲ਼ ਹੀ ਮੁਸਕਰਾ ਕੇ ਸੋਫ਼ੇ ਤੋਂ ਉੱਠ ਖੜੋਤੀ।

"ਇਹ ਕਿਸ ਗੱਲ ਨੂੰ ਇਹੋ ਜਿਹੇ ਕੰਮਾਂ 'ਚ ਪੈਂਦੀ ਹੈ, ਇਹ ਤਾਂ ਐਵੇਂ ਇਸ ਦੀਆਂ ਟੀਚਰਾਂ ਮਗਰ ਪੈ ਗਈਆਂ। ਇਹ ਤਾਂ ਆਪਣੀਆਂ ਕਿਤਾਬਾਂ 'ਚੋਂ ਹੀ ਨਹੀਂ ਨਿਕਲਦੀ," ਮੇਲੋ ਨੇ ਸਰਸਰੀ ਜਿਹੇ ਲਹਿਜ਼ੇ ਵਿਚ ਕਿਹਾ। ਅੰਦਰੋਂ ਉਹ ਪੂਰੀ ਖ਼ੁਸ਼ ਜਾਪਦੀ ਸੀ।

"ਕੋਈ ਨਹੀਂ, ਕੋਈ ਨਹੀਂ, ਚਲੋ ਕੀ ਹਰਜ ਹੈ ਭਾਈ। ਇਨ੍ਹਾਂ ਦੀ ਉਮਰ ਹੈ।" ਬਲਵੰਤ ਨੇ ਕਿਹਾ। ਨਾਲ਼ ਹੀ ਉਸ ਨੂੰ ਦਿਲਾਵਰ ਦੇ ਘਰ ਆਉਣ ਵਾਲ਼ੇ ਗੋਰੇ ਪਰਾਹੁਣਿਆਂ ਦਾ ਖ਼ਿਆਲ ਆਇਆ ਅਤੇ ਉਹ ਮੇਲੋ ਦੇ ਰੋਕਣ ਤੇ ਵੀ ਸਤਿ ਸ੍ਰੀ ਅਕਾਲ ਕਹਿ ਕੇ ਬਾਹਰ ਆ ਗਿਆ। ਉਸ ਨੂੰ ਬਿਊਟੀ ਮੁਕਾਬਲੇ ਅਜੇ ਵੀ ਚੰਗੇ ਨਹੀਂ ਸਨ ਲੱਗਦੇ, ਪਰ ਨਿੱਕੀ ਦੀ ਨਿਰਛਲ-ਜਿਹੀ ਛੋਹ ਨੇ ਉਸ ਦੇ ਮੂੰਹੋਂ ਕੀ ਕੁੱਝ ਅਖਵਾ ਦਿੱਤਾ ਸੀ।

ਵਤਨੋਂ ਦੂਰ (1990) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

Exercise 36.1 Fill in each blank with a suitable word (in its appropriate form) from the glossary for "ਨਿੱਕੀ." Then translate the sentences.

1. ਆਪਣੇ ਕੰਮ ਤੋਂ ਘਰ ਪਹੁੰਚ ਕੇ ਭੈਣ ਜੀ _____ ਸੰਗੀਤ ਸੁਣਨਾ ਪਸੰਦ ਕਰਦੇ ਹਨ।
2. _____ ਚੁਗਣੋਂ ਬਾਅਦ ਔਰਤਾਂ ਇਹ ਨੂੰ ਤੂੰਬ ਕੇ ਕੱਤਦੀਆਂ ਹਨ।
3. _____ ਕੰਮ ਸਾਰਾ ਟੱਬਰ ਵੰਡ ਕੇ ਕਰ ਲੈਣਗੇ।
4. _____ ਦਾ ਰੁੱਖ ਪੰਜਾਬ ਦਾ ਕੌਮੀ ਰੁੱਖ ਹੈ।
5. ਕਿਉਂਕਿ ਮੈਂ ਉਸ ਦਾ ਮਾਪ ਨਹੀਂ ਜਾਣਦਾ ਮੈਨੂੰ _____ ਲਾਉਣਾ ਪਵੇਗਾ।
6. ਬਿੱਲਾ ਚੂਹੇ ਨੂੰ _____ ਲਾ ਕੇ ਵੇਖ ਰਿਹਾ ਸੀ।
7. ਆਪਣਿਆਂ ਬੱਚਿਆ ਨਾਲ ਇੰਨਾ _____ ਨਾ ਕਰਿਆ ਕਰੋ।
8. ਮਾਪਿਆਂ ਦੀ _____ਤੋਂ ਤੰਗ ਆ ਕੇ_____ਘਰੋਂ ਨੱਸ ਜਾਂਦੇ ਹਨ।
9. _____ ਫ਼ਰਸ਼ ਸ਼ੀਸ਼ੇ ਵਰਗਾ ਲੱਗ ਸਕਦਾ ਹੈ।
10. _____ ਉਡੀਕਦਿਆਂ ਉਡੀਕਦਿਆਂ ਪੂਰੇ ਪੰਜ ਘੰਟੇ _____ ਗਏ।

Exercise 36.2 Translate:

1. The hotels in Islamabad have very clean rooms.
2. At the fair an astrologer guessed my fortune.
3. What occurred was my fault alone.
4. The company will suffer a loss of three lakh rupees.
5. The Darbar Sahib is one of the wonders of the world.
6. ਸਰਕਾਰੀ ਮੁਲਾਜ਼ਿਮ ਨੇ ਜ਼ਰੂਰੀ ਫ਼ਾਰਮ ਨੂੰ ਨਹੀਂ ਸੀ ਵੇਖਿਆ।
7. ਸ਼ਿਮਰਨ ਦੇ ਲਹਿਜ਼ੇ ਵਿੱਚ ਮਲਵਈ ਸੁਰ ਸੀ।
8. ਆਪਣੀ ਇੱਜ਼ਤ ਬਚਾਉਣ ਵਾਸਤੇ ਪ੍ਰਧਾਨ ਨੇ ਲੋਕ ਸਭਾ ਤੋਂ ਮੁਆਫ਼ੀ ਮੰਗੀ।
9. ਬਹਾਰ ਵਿੱਚ ਖ਼ਰਗੋਸ਼ ਆਪਣਿਆਂ ਘੁਰਨਿਆਂ ਤੋਂ ਨਿਕਲਣਗੇ।
10. ਚੋਰ ਦੀ ਚਲਾਕੀ ਦਾ ਕੋਈ ਮੁਕਾਬਲਾ ਨਹੀਂ।

ਔਖੇ ਲਫ਼ਜ਼

ਅਚੰਭਤ	surprised (adj/u)
ਅਦਾ	style of expression; graceful movement (f)
ਅੰਦਾਜ਼ਾ ਲਾਉਣਾ	to estimate, guess (vt)
ਇਰਦ-ਗਿਰਦ	surrounding, all around (adv)
ਸਖ਼ਤੀ	hardness, strictness (f)
ਸੱਜਰਾ	new, recent (adj/i)
ਸਰਸਰੀ	hurried, cursory (adj/u)
ਸਰੂਰ	exhilaration, mild intoxication (m)
ਸਲਾਹ-ਮਸ਼ਵਰਾ	consultation (m)
ਸੁਖਾਵਾਂ	soothing (adj/I)
ਸੁਥਰਾ	clean, neat (adj/i)
ਹਰਜ	loss, waste (m)
ਹਾਦਸਾ	accident, mishap (m)

Sri Satguru Jagjit Singh Ji eLibrary NamdhariElibrary@gmail.com

ਹਾੜ੍ਹੇ	'Lord have mercy!'
ਕਪਾਹ	cotton (f)
ਕਮਾਲ	wonder, marvel (m)
ਗਿੱਦੜ/ੀ	jackal (m/f)
ਗੁੜ	jaggery, raw sugar (m)
ਘਰੇਲੂ	domestic (adj/u)
ਘੁਰਨਾ	den, lair (m)
ਚੱਕਰ	revolution, circular movement (m)
ਚਰਚਾ	rumor, gossip (f)
ਚਲਾਕੀ	cleverness (f)
ਚੁਗਣਾ	to pick (vt)
ਜੁਆਕ	child (m)
ਜੋਤਸ਼ੀ	astrologer, palm-reader (m)
ਟਪੂਸੀ	small seated jump, scoot (f)
ਟਾਹਲੀ	tree similar to rosewood (f)
ਡੌਰ-ਭੌਰ	aghast, dumbfounded (adj/u)
ਤੱਕਣਾ	to look (vi)
ਤਣਾ	trunk (m)
ਦਫ਼ਾ ਹੋਣਾ	to go away (vi)
ਨਸ਼ੀ	running nose (f)
ਨੀਝ ਲਾਉਣੀ	to stare, gaze intently (vt)
ਪ੍ਰਤਿਕਰਮ	reaction, response (m)
ਪਲਨਾ	to be reared, nourished (vi)
ਪੋਚਵਾਂ	smooth, polished (adj/i)
ਪੋਲਾ	hollow; tender, delicate (adj/i)
ਬੇਬੇ	mother, grandmother (f)
ਬੇਰੀ	berry or jujube tree (f)
ਭਜਾਉਣਾ	to make someone run around (vt)
ਭਾਂਪਣਾ	to guess, divine (vt)
ਭਾਫ਼	steam; pent-up feelings (f)
ਮਸਲਾ	problem, issue (m)
ਮਗਰ	behind, back, on the back (adv)
ਮੁਸਕਰਾਉਣਾ	to smile (vi)
ਮੂਰਖ	foolish, stupid (adj/u); idiot (m)
ਲਹਿਜ਼ਾ	accent; attitude (m)
ਲਗਾਉ	attachment, fondness, bond (m)
ਵਧਾਈਆਂ	congratulations, blessings (f pl)
ਵਾਪਰਨਾ	to happen, occur (vi)

Sri Satguru Jagjit Singh Ji eLibrary NamdhariElibrary@gmail.com

Lesson 37

ਸਬਕ ੩੭

ਅਫ਼ਜ਼ਲ ਅਹਿਸਨ ਰੰਧਾਵਾ



ਮੁੰਨਾ ਕੋਹ ਲਹੌਰ

"ਸਾਧ ਪਕੌੜੇ ਵੇਚ ਕੇ ਆਪਣੇ ਜੀਆ ਜੰਤ ਦਾ ਮਸਾਂ ਹੀ ਢਿੱਡ ਭਰਦਾ ਤੇ ਚੋਰ ਚੋਰੀ ਕਰ ਕੇ ਆਪਣੇ ਬਾਲ-ਬੱਚੇ ਨਾਲ਼ ਬੁੱਲੇ ਲੁਟਦਾ। ਤੇ ਇੰਜ ਸਾਧ ਆਪਣੇ ਹਾਲ ਵਿੱਚ ਮਸਤ, ਚੋਰ ਆਪਣੇ ਮਾਲ ਵਿੱਚ ਮਸਤ ਤੇ ਵੇਲ਼ਾ ਆਪਣੀ ਚਾਲ ਵਿੱਚ ਮਸਤ ਸੀ।"

"ਕਹਾਣੀ ਦਾ ਮੁੱਢ ਹੀ ਬੇਢੰਗਾ ਏ!" ਦਾਰੀ ਜ਼ੁਲਾਹਾ ਬੋਲ ਪਿਆ, "ਅਗਾਂਹ ਕਹਾਣੀ ਕੀ ਹੋਣੀ ਏ?" ਕਹਾਣੀ ਸੁਣਾਉਂਦਾ ਬਾਬਾ ਭੋਜ ਵਿੱਚੋਂ ਟੋਕੇ ਜਾਣ ਤੇ ਭੁੜਕ ਡੰਡੀਓਂ ਪਾਰ ਹੋਇਆ। ਦਾਰੀ ਨੂੰ ਝਈ ਲੈ ਕੇ ਪਿਆ: "ਅਗਾਂਹ ਤੇ ਤੇਰੀ ਮਾਂ ਨੇ ਜੋ ਹੋਣਾ ਸੋ ਹੋਣਾ ਏ, ਪਹਿਲੋਂ ਤੂੰ ਇਹ ਦੱਸ ਕਿ ਕਹਾਣੀ ਦਾ ਮੁੱਢ ਕਿਵੇਂ ਬੇਢੰਗਾ ਏ?"

ਦਾਰੀ ਨੇ ਬਾਬੇ ਦੀ ਗੱਲ ਦਾ ਬੁਰਾ ਨਾ ਮੰਨਿਆ। ਹੱਸ ਕੇ ਕਹਿਣ ਲੱਗਾ, "ਤੂੰ ਤੇ ਆਖਦਾ ਹੁੰਦਾ ਏਂ ਭਈ ਚੋਰਾਂ ਦੇ ਘਰ ਕਦੇ ਦੀਵਾ ਨਹੀਂ ਬਲ਼ਦਾ। ਹੁਣ ਆਪ ਹੀ ਦੱਸਦਾ ਏਂ ਭਈ ਚੋਰ ਆਪਣੇ ਬਾਲ-ਬੱਚੇ ਨਾਲ਼ ਬੁੱਲੇ ਲੁਟਦਾ ਸੀ ਤੇ ਨਾਲ਼ੇ ਸਾਧ ਪਕੌੜੇ ਵੇਚਣ ਮਗਰੋਂ ਵੀ ਸਾਧ ਹੀ ਰਿਹਾ?"

ਕੋਲ਼ ਬੈਠਾ ਮਾਸਟਰ ਦਾਰੀ ਦੀ ਇਮਦਾਦ ਨੂੰ ਅੱਪੜਿਆ–"ਬਾਬਾ! ਦਾਰੀ ਦੀ ਗੱਲ ਨੂੰ ਚਿੱਥ ਜ਼ਰਾ! ਉਹ ਆਖਦਾ ਏ ਕਿ ਦੁਕਾਨ ਵਾਲ਼ਾ ਤੇ ਚੋਰ ਜੇ ਸਕੇ ਭਰਾ ਨਹੀਂ ਤੇ ਤਾਏ ਚਾਚੇ ਦੇ ਪੁੱਤਰ-ਭਰਾ ਤੇ ਜ਼ਰੂਰ ਹੁੰਦੇ ਨੇ। ਇੱਕ ਨੇ ਗਾਹਕ ਨੂੰ ਲੁੱਟਣਾ, ਇੱਕ ਨੇ ਸਾਕ ਨੂੰ।"

ਬਾਬੇ ਭੋਜ ਨੇ ਮਾਸਟਰ ਦੀ ਸੁਣੀ ਅਣਸੁਣੀ ਕਰਦਿਆਂ ਕਿਹਾ, "ਦੀਵਾ ਨਹੀਂ ਬਲ਼ਦਾ ਕਦੇ ਤੇਰੇ ਜਿਹੇ ਰੱਬ ਦੇ ਮਾਰੇ ਚੋਰ ਦੇ ਘਰ, ਜਿਸ ਨੇ ਸਵੇਰੇ ਉੱਠ ਕੇ ਮਸੀਤੇ ਜਾ ਕੇ ਨ੍ਹਾਉਣ ਤੋਂ ਪਹਿਲੋਂ ਮਸੀਤ ਦਾ ਤੇਲ ਚੋਰੀ ਕਰ ਕੇ ਮਲ਼ਨਾ ਹੁੰਦਾ ਏ।"

ਬਾਬੇ ਦੀ ਗੱਲ ਅਜੇ ਵਿੱਚ ਹੀ ਸੀ, ਦਾਰੀ ਹੱਸ ਕੇ ਕਹਿਣ ਲੱਗਾ, "ਰੋਜ਼ ਸਵੇਰੇ ਮੂੰਹ ਹਨੇਰੇ ਖੂਹੀ 'ਚੋਂ ਸੌ ਬੋਕਾ ਕੱਢ ਕੇ ਸਕਾਵੇ ਤੇ ਟੂਟੀਆਂ ਭਰਦਾ ਹਾਂ ਮਸੀਤ ਦੀਆਂ। ਜੇ ਕਦੇ ਕਿਸੇ ਨਿਮਾਜ਼ੀ ਸਵੇਰੇ ਇੱਕ ਬੋਕਾ ਵੀ ਕੱਢਿਆ ਹੋਵੇ ਤਾਂ ਮੈਂ ਝੂਠਾ। ਤੇ ਜੇ ਕਦੇ

Sri Satguru Jagjit Singh Ji eLibrary NamdhariElibrary@gmail.com

ਮੈਂ ਕੁੱਜੇ 'ਚੋਂ ਤੇਲ ਦਾ ਚੋਆ ਲੈ ਲੈਂਦਾ ਹਾਂ ਤੇ ਗੁਨਾਹ ਕੀ ਹੋਇਆ? ਅੱਲ੍ਹਾ ਦੇ ਘਰੋਂ ਨਾ ਲਵਾਂ ਤੇ ਹੋਰ ਕਿੱਥੋਂ ਲਵਾਂ?

ਦਾਰੀ ਦੀ ਗੱਲ ਦੇ 'ਹੋਰ ਕਿੱਥੋਂ ਲਵਾਂ' ਵਾਲੇ ਟੋਟੇ 'ਤੇ ਬਾਬੇ ਦਾ ਹਾਸਾ ਨਿਕਲ ਗਿਆ, ਬੋਲਿਆ, "ਪੁੱਤਰਾ! ਜੇ ਕਦੇ ਤੈਨੂੰ ਸਵੇਰੇ ਉੱਠ ਕੇ ਤੇਲ ਮਲ਼ ਕੇ ਨ੍ਹਾਉਣ ਦੀ ਆਦਤ ਨਾ ਹੋਵੇ ਤੂੰ ਕਦੇ ਮਸੀਤ ਵੱਲ ਮੂੰਹ ਵੀ ਨਾ ਕਰੇਂ। ਜਾ ਕੇ ਰੋਜ਼ ਤੇਲ ਮਲ਼ਨਾ ਏਂ। ਮਗਰੋਂ ਸਰੀਰ ਖੋਲ੍ਹਣ ਲਈ ਦਸ-ਵੀਹ ਬੋਕੇ ਕੱਢ ਕੇ ਸਕਾਵੇ ਭਰ ਕੇ ਨਹਾ ਵੀ ਤਾਂ ਆਪ ਈ ਔਂਦਾਂ? ਤੈਨੂੰ ਕਦੇ ਨਮਾਜ਼ ਪੜ੍ਹਨ ਦੀ ਤੌਫ਼ੀਕ ਨਹੀਂ ਹੋਈ। ਪਰ ਮੇਰੀ ਗੱਲ ਯਾਦ ਰੱਖੀਂ, ਅੱਲ੍ਹਾ ਦੇ ਘਰ ਚੋਰੀ ਕਰਨਾ ਏਂ—ਕੋੜ੍ਹਾ ਹੋ ਕੇ ਮਰੇਂਗਾ। ਕੀੜੇ ਖਾਣਗੇ ਤੇਰੇ ਸਰੀਰ ਨੂੰ।"

ਖ਼ੈਰੇ ਕੋਹੜੇ ਹੋਣ ਜਾਂ ਸਰੀਰ ਨੂੰ ਕੀੜਿਆਂ ਦੇ ਖਾਣ ਦੇ ਡਰ ਤੋਂ ਦਾਰੀ ਕੰਬ ਗਿਆ। ਸਫ਼ਾਈ ਦੇਂਦਿਆਂ ਕਹਿਣ ਲੱਗਾ: "ਸਹੁੰ ਬੇਬੇ ਦੀ! ਹੁਣ ਤਾਂ ਮੈਂ ਇਹ ਕੰਮ ਕਦੇ ਨਹੀਂ ਕੀਤਾ। ਅਜੇ ਪਿਛਲੀ ਜੁੰਮੇਰਾਤ ਨੂੰ ਸਵਾ ਰੁਪਏ ਦਾ ਤੇਲ ਤਾਂ ਮੈਂ ਆਪ ਮਸੀਤੇ ਪਾਇਆ ਸੀ।"

"ਹੁਣ ਤੂੰ ਮਸੀਤੋਂ ਤੇਲ ਚੋਰੀ ਕਰ ਕੇ ਨਹੀਂ ਮਲ਼ਦਾ—ਹੁਣ ਤੇ ਤੂੰ ਬੱਸ ਪੱਠੇ ਵੱਢਦਾਂ ਏਂ ਚੋਰੀ!" ਬਾਬੇ ਭੋਜ ਖ਼ੈਰੇ ਦਾਰੀ ਦੀ ਪਹਿਲੀ ਸਫ਼ਾਈ ਮੰਨ ਲਈ ਸੀ।

ਦਾਰੀ ਆਪਣੀ ਵਾਹੀ, "ਲੈ ਭਲਾ ਬਾਬਾ! ਪੱਠੇ ਮੈਂ ਕਿੰਨੇ ਕੁ ਵੱਢਦਾ ਆਂ? ਇੱਕ ਤੇ ਬੱਕਰੀ ਜਿੱਡੀ ਗਾਂ ਤੇ ਇੱਕ ਬਿੱਲੀ ਜਿੱਡੀ ਵੱਛੀ। ਨਾਲੇ ਪੱਠੇ ਮੈਂ ਕਿਹੜੇ ਰੋਜ਼ ਵੱਢਦਾ ਹਾਂ? ਇੱਕ ਅੱਧਾ ਡੰਗ ਤੇ ਮੈਂ ਘਾਹ ਖੋਤਰ ਕੇ ਪਾ ਲੈਂਦਾ ਹਾਂ ਤੇ ਵਿੱਚੋਂ ਇੱਕ ਅੱਧਾ ਡੰਗ ਪੱਠੇ ਵੱਢ ਲਿਆਉਂਦਾ ਹਾਂ, ਉਹ ਵੀ ਉਸ ਸ਼ੁਮ ਜੱਟ ਦੇ, ਜਿਹੜਾ ਮੰਗਿਆਂ ਨਹੀਂ ਦੇਂਦਾ। ਸਵੇਰੇ ਜੱਟ ਨੂੰ ਵੀ ਪਤਾ ਹੁੰਦਾ ਏ ਭਈ ਦਾਰੀ ਲੈ ਗਿਆ ਪੱਠੇ ਵੱਢ ਕੇ ਰਾਤੀਂ। ਉਹ ਵੀ ਹੱਸ ਛੱਡਦਾ ਏ ਤੇ ਮੈਂ ਵੀ। ਬਾਬਾ! ਤੂੰ ਹੀ ਦੱਸ ਆਪਣੇ ਦੀਨ ਇਮਾਨ ਨਾਲ਼, ਜੇ ਦਾਰੀ ਆਪਣੀ ਗਾਂ ਲਈ ਆਪਣੇ ਪਿੰਡ ਵਿੱਚੋਂ ਪੱਠੇ ਨਾ ਵੱਢੇ ਤੇ ਕਿੱਥੋਂ ਵੱਢੇ? ਪਿੰਡੋਂ ਬਾਹਰੋਂ ਕਿਸੇ ਹੋਰ ਪਿੰਡ ਦੇ ਪੱਠੇ ਵੱਢ ਕੇ ਧੌਣ ਭਨਵਾ ਲਏ?"

ਬਾਬੇ ਭੋਜ ਦਾ ਫਿਰ ਹਾਸਾ ਡੁੱਲ੍ਹ ਪਿਆ। ਹੱਸਦਿਆਂ ਹੱਸਦਿਆਂ ਬੋਲਿਆ, "ਓਇ ਬੰਦਿਆ! ਤੈਨੂੰ ਸੌ ਵਾਰੀ ਆਖਿਆ ਏ ਜਦੋਂ ਕਿਤੋਂ ਨਾ ਲੱਭਣ ਤਾਂ ਸਾਡੇ ਵੱਢ ਲਿਆਇਆ ਕਰ। ਪਰ ਰਾਤਾਂ ਨੂੰ ਲੋਕਾਂ ਦੇ ਚੋਰੀ ਨਾ ਵੱਢਿਆ ਕਰ। ਐਵੇਂ ਹਰਾਮ ਦੀ ਮੌਤੇ ਨਾ ਮਾਰਿਆ ਜਾਵੀਂ ਕਿਤੇ। ਓਇ ਚੋਰੀ ਪੱਠੇ ਵੱਢਦਿਆਂ ਮਾਰਿਆ ਜਾਣਾ ਵੀ ਕੋਈ ਕੰਮ ਹੋਇਆ। ਧੇਲਾ ਮੁੱਲ ਨਹੀਂ ਪੈਂਦਾ ਅਜਿਹੇ ਬੰਦੇ ਦਾ।"

"ਮੈਂ ਉਸ ਦੇ ਪੱਠੇ ਨਹੀਂ ਵੱਢਦਾ, ਜਿਸ ਪੱਠਿਆਂ ਦੇ ਰੁੱਗ ਤੋਂ ਮਾਰ ਹੀ ਘੱਤਣਾ ਹੋਵੇ। ਮੈਂ ਤਾਂ ਉਸ ਦੇ ਵੱਢਦਾ ਹਾਂ, ਜਿਹੜਾ ਜੇ ਉੱਤੋਂ ਫੜ ਵੀ ਲਵੇ ਤਾਂ ਆਪ ਆਪੇ ਪਚੀ ਹੋ ਜਾਵੇ।" ਦਾਰੀ ਨੇ ਚਹਿਕਦਿਆਂ ਗੱਲ ਤੋਰੀ, "ਸੁਣਿਆ ਨਹੀਂ ਓ ਬਾਬਾ! ਕਿਸੇ ਜਾਂਗਲੀ ਚੋਰ ਨੇ ਭੈਣ ਦਾ ਝੁੱਗਾ ਜਾ ਭੰਨਿਆ, ਪਰ ਸੰਨ੍ਹ ਤੇ ਹੀ ਫੜਿਆ ਗਿਆ। ਭੈਣ ਤੇ ਭਣਵਈਏ ਭਲਾ ਕੀ ਆਖਣਾ ਸੀ? ਸਗੋਂ ਰੋਟੀ ਖਵਾ ਕੇ ਘੱਲਿਓ ਨੇਂ। ਚੋਰ ਪਿਛਾਂਹ ਪਰਤ ਕੇ ਆਪਣੇ ਯਾਰਾਂ ਨੂੰ ਗੱਲ ਸੁਣਾਉਣ ਲੱਗਾ ਚੋਰੀ ਦੀ। ਫੜੇ ਜਾਣ ਉੱਤੇ ਅੱਪੜਿਆ ਤਾਂ ਦੱਸਿਓ ਸ਼ੂ, "ਮੈਨੂੰ ਫੜਨ ਵੇਲੇ ਵੀ ਭੈਣ ਤੇ ਭਣਵਈਆ ਆਏ।" ਬੇਲੀਆਂ ਦੇ ਇਹ ਪੁੱਛਣ ਤੇ "ਭਈ ਫਿਰ ਕੀ ਹੋਇਆ?" ਹੱਸ ਕੇ ਆਖਣ ਲੱਗਾ—"ਹੋਣਾ ਕੀ ਸੀ? ਮੈਨੂੰ ਵੇਖ ਕੇ ਮੇਰੀ ਭੈਣ ਤੇ ਭਣਵਈਆ ਢੇਰ ਪਚੀ ਹੋਏ।"

ਬਾਬਾ ਤੇ ਮਾਸਟਰ ਹੱਸ ਪਏ। ਬਾਬਾ ਭੋਜ ਪਿਆਰ ਨਾਲ਼ ਕਹਿਣ ਲੱਗਾ—"ਗੱਲਾਂ ਦਾ ਖੱਟਿਆ ਖਾਂਦਾ ਹੈਂ।"

ਉਸਤਾਦ ਖੰਘਦਾ ਖੰਘਦਾ ਪੈਰ ਘਸੀਟ ਕੇ ਤੁਰਦਾ ਮੰਡਲੀ ਵਿੱਚ ਆ ਰਲਿਆ।

"ਆ ਉਸਤਾਦਾ! ਬਾਬੇ ਭੋਜ ਉਸਤਾਦ ਨੂੰ ਆਪਣੇ ਕੋਲ਼ ਮੰਜੀ ਤੇ ਬਿਠਾ ਕੇ ਪੁੱਛਿਆ—"ਸੁਣਾ ਵੱਲ ਏਂ?"

"ਵੱਲ ਹੁਣ ਕੀ ਹੋਣਾ ਏ?" ਦਸ ਕਦਮ ਤੁਰਨ ਨਾਲ਼ ਉਸਤਾਦ ਨੂੰ ਸਾਹ ਚੜ੍ਹਿਆ ਹੋਇਆ ਸੀ। ਨਿਢਾਲ਼ ਜਿਹੀ 'ਵਾਜ਼ ਵਿੱਚ ਕਹਿਣ ਲੱਗਾ—"ਜੇ ਲੰਮੇ ਪੈ ਜਾਈਏ ਤਾਂ ਉੱਠ ਕੇ ਨਹੀਂ ਬੈਠਾ ਜਾਂਦਾ। ਜੇ ਜ਼ੋਰ ਲਾ ਲੂ ਕੇ ਉੱਠ ਹੀ ਬਹੀਏ ਤੇ ਪੈਰੀਂ ਨਹੀਂ ਖਲੋਤਾ ਜਾਂਦਾ। ਜੇ ਮਰ ਖਪ ਕੇ ਪੈਰੀਂ ਖਲੋ ਜਾਈਏ, ਤਾਂ ਤੁਰਿਆ ਨਹੀਂ ਜਾਂਦਾ ਤੇ ਜੇ ਜਾਨ ਤੇ ਖੇਡ ਕੇ ਘਰੋਂ ਤੇਰੀ ਹਵੇਲੀ ਤੱਕ ਦਸ ਕਰਊਂ ਤੁਰ ਹੀ ਆਈਏ ਤੇ ਫਿਰ ਸਾਹ ਹੀ ਸਵ੍ਹਾਰਾ ਨਹੀਂ ਹੁੰਦਾ। ਲੱਖ ਲਾਨ੍ਹਤ ਆਖ ਇਸ ਬੁਢੇਪੇ ਨੂੰ।"

ਦਾਰੀ ਉਸਤਾਦ ਦੀ ਗਰਿਆ-ਜ਼ਾਰੀ 'ਤੇ ਢੀਠਾਂ ਵਾਂਙ ਹੱਸ ਕੇ ਕਹਿਣ ਲੱਗਾ—"ਉਸਤਾਦ ਸਿਆਣੇ ਆਖ ਗਏ ਨੇ—ਜਵਾਨੀ ਬੜੀ ਚੀਜ਼ ਹੈ। ਬੁਢਾਪਾ ਬੜਾ ਲਾਨ੍ਹਤੀ।" ਸਣੇ ਉਸਤਾਦ ਸਾਰੇ ਹੱਸ ਪਏ।

ਭੋਜ ਤੇ ਉਸਤਾਦ ਸੱਤਰ-ਅੱਸੀ ਦੇ ਪੇਟੇ ਵਿੱਚ ਪੁਰਾਣੇ ਸੰਗੀ ਸਨ—ਦੋਵੇਂ ਹਾਣੀ। ਚਾਰ ਚਾਰ ਜਮਾਤਾਂ ਆਪਣੇ ਪਿੰਡ ਦੇ ਸਕੂਲ 'ਚੋਂ ਪੜ੍ਹ ਕੇ ਆਪਣੇ-ਆਪਣੇ ਕੰਮ ਲੱਗ ਗਏ। ਭੋਜ ਵਾਹੀ-ਜੋਤੀ ਵਿੱਚ ਤੇ ਉਸਤਾਦ ਭਾਂਡੇ ਬਣਾਉਣ ਤੇ ਖੋਤਿਆਂ 'ਤੇ ਭਾਰ ਢੋਣ ਵਿੱਚ। ਭੋਜ ਦੀ ਵਾਹੀ-ਜੋਤੀ ਉਸ ਦੇ ਪੁੱਤਰ-ਪੋਤਰਿਆਂ ਸਾਂਭ ਲਈ ਤੇ ਉਸਤਾਦ ਦੀ ਥਾਂ ਉਸ ਦਾ ਭਰਾ ਚੱਕ ਤੇ ਬੈਠ ਕੇ ਸਾਰਾ ਦਿਨ ਭਾਂਡੇ ਬਣਾਉਂਦਾ, ਆਵੀ ਚਾੜ੍ਹ ਕੇ ਪਕਾਉਂਦਾ ਤੇ ਪਿੰਡੋ-ਪਿੰਡ ਵੇਚਦਾ ਉਸ ਦਾ ਭਤੀਜਾ। ਉਸਤਾਦ ਦੀ ਤਾਂ ਨਾ ਰੰਨ, ਨਾ ਕੰਨ। ਪਤਾ ਨਹੀਂ ਕਿਉਂ ਸਾਰੀ ਉਮਰ ਉਸ ਨੂੰ ਕਿਧਰੋਂ ਰੰਨ ਦਾ ਇਹੋ ਜਿਹਾ ਟੋਟਾ ਨਾ ਲੱਭਾ, ਜਿਸ ਨੂੰ ਘਰ ਵਾਲ਼ੀ ਆਖਦੇ ਨੇ। ਤੇ ਪਤਾ ਨਹੀਂ ਉਸਤਾਦ ਨੂੰ ਇਸ ਬਦਨਸੀਬੀ ਕਰ ਕੇ ਹੀ ਸਾਰੇ ਪਿੰਡ ਵਾਲ਼ੇ ਉਸਤਾਦ ਆਖਦੇ! ਇਨ੍ਹਾਂ ਦੋ ਬਾਬਿਆਂ ਦੇ ਦੋ ਹੋਰ ਯਾਰ ਸਨ। ਇੱਕ ਅੱਧਖੜ ਉਮਰ ਦਾ ਸੱਯਦ ਮਾਸਟਰ ਤੇ ਇੱਕ ਜਵਾਨ ਉਮਰ ਦਾ ਦਾਰੀ ਜੁਲਾਹਾ। ਉਸ ਦਿਨ ਵੀ ਉਹ ਚਾਰੇ ਹੀ ਰੋਜ਼ ਵਾਂਙ ਬਾਬੇ ਭੋਜ ਦੀ ਹਵੇਲੀ ਵਿੱਚ ਬੈਠ ਕੇ ਰਾਤੀਂ ਇਧਰ ਉਧਰ ਦੀਆਂ ਗੱਲਾਂ ਮਾਰ ਰਹੇ ਸਨ:

Sri Satguru Jagjit Singh Ji eLibrary NamdhariElibrary@gmail.com

"ਬਾਬਾ ਅਗਾਂਹ ਤੁਰ ਹੁਣ!" ਦਾਰੀ ਨੇ ਬਾਬੇ ਨੂੰ ਆਖਿਆ।

"ਬੜਾ ਤੁਰੇ ਆਂ ਆਪਣੀ ਉਮਰ ਵਿੱਚ ਪੁੱਤਰ!" ਬਾਬੇ ਭੋਜ ਨੇ ਚਮਕ ਕੇ ਕਿਹਾ "ਇੱਥੋਂ ਤਾਰੀਖ਼ ਭੁਗਤਣ ਤੁਰਦੇ ਲਹੌਰ ਜਾਂਦੇ ਪੂਰੇ ਅੱਸੀ ਕੋਹ! ਪਿੰਡੋਂ ਰੋਟੀ ਪੱਲੇ ਬੰਨ੍ਹ ਕੇ, ਅੱਲ੍ਹਾ ਦਾ ਨਾਂ ਲੈ ਕੇ ਮਾਰਦੇ ਨਾਅਰਾ: "ਬੱਧੇ ਭਾਰ ਮੁਸਾਫ਼ਿਰਾਂ ਤੇ ਮੁੰਨਾ ਕੋਹ ਲਹੌਰ! ਤੇ ਪੈਂਡੇ ਠਿੱਲ੍ਹ, ਤੀਜੇ ਦਿਨ ਮੂੰਹ ਹਨੇਰੇ ਜਾ ਵੜਦੇ ਲਹੌਰ . . . ਤੇ ਤਾਰੀਖ਼ ਭੁਗਤ ਕੇ ਸਾ ਦਿਹਾੜੀ ਮੁੜ ਪੈਂਦੇ ਪਿਛਾਂਹ ਤੇ ਛਾਲਾਂ ਮਾਰਦੇ ਦੋ ਦਿਨਾਂ ਵਿੱਚ ਪਿੰਡ ਆ ਅੱਪੜਦੇ ਤੇ ਅਗਲੇ ਦਿਨ ਉੱਠ ਕੇ ਜੋਤਰਾ ਵੀ ਲਾਉਣ ਜਾਂਦੇ ਹੱਸਦੇ ਖੇਡਦੇ . . . ਓਇ ਤੂੰ ਸਾਨੂੰ ਤੁਰਨ ਦੇ ਮਿਹਣੇ ਕੀ ਦੇਣੇ ਨੇ, ਜਿਸ ਨੇ ਦੋ ਕੋਹ ਜਾਣਾ ਹੋਵੇ ਤੇ ਅੱਧਾ ਦਿਨ ਸਟੇਸ਼ਨ ਤੇ ਬਹਿ ਕੇ ਗੱਡੀ ਉਡੀਕਦਾ ਏ!"

"ਗੱਡੀਆਂ ਤਾਂ ਬੰਦੇ ਨਕਾਰੇ ਕਰ ਛੱਡੇ।" ਉਸਤਾਦ ਹੂੰਘਿਆ। "ਹੱਡਾਂ-ਗੋਡਿਆਂ ਤੋਂ ਰਹਿ ਗਏ ਜਵਾਨ! ਚੰਗੇ ਦਿਨ ਸਨ ਜਦੋਂ ਅਜੇ ਗੱਡੀਆਂ ਨਹੀਂ ਸਨ ਬਣੀਆਂ, ਜਵਾਨ ਤਾਂ ਸਾਹ-ਸੱਤਿਆ ਵਾਲੇ ਹੁੰਦੇ ਸਨ।"

ਮਾਸਟਰ ਬਹੁਤਾ ਗਾਲੜੀ ਨਹੀਂ ਸੀ, ਪਰ ਬੋਲਣੋਂ ਰਹਿ ਨਾ ਸਕਿਆ। "ਗੱਡੀਆਂ ਬੰਦੇ ਦੀ ਜਾਨ ਵੀ ਤਾਂ ਸੁਖੀ ਕਰ ਛੱਡੀ ਏ ਬਾਬਿਓ! ਸਵੇਰੇ ਚੜ੍ਹੋ ਗੱਡੀ ਤੇ ਲਹੌਰੋਂ ਤਾਰੀਖ਼ ਭੁਗਤ ਕੇ ਸ਼ਾਮ ਨੂੰ ਪਿੰਡ ਵੀ ਪਰਤ ਆਓ। ਜਿਹੜਾ ਪੈਂਡਾ ਤੁਸੀਂ ਛਿਆਂ ਦਿਨਾਂ ਵਿੱਚ ਕਰਦੇ ਸਓ, ਹੁਣ ਛਿਆਂ ਘੰਟਿਆਂ ਵਿੱਚ ਨਿੱਬੜ ਜਾਂਦਾ ਤੇ ਨਾ ਪੈਂਦੇ ਨੇ ਪੈਰੀਂ ਛਾਲੇ ਤੇ ਨਾ ਚੜ੍ਹਦੀਆਂ ਨੇ ਖੁੱਚਾਂ। ਅਮਨ ਨਾਲ਼ ਗੱਡੀ ਵਿੱਚ ਬਹਿ ਕੇ ਭਾਵੇਂ ਸੌਂ ਰਵ੍ਹੋ।"

ਦਾਰੀ ਨੇ ਸਫ਼ਾਈ ਦੇਂਦਿਆਂ ਤਰਲਾ ਵਾਹਿਆ "ਮੈਂ ਤਾਂ ਆਖਿਆ ਸੀ ਗੱਲ ਨੂੰ ਅਗਾਂਹ ਤੋਰੋ!"

"ਕਿਹੜੀ ਗੱਲ?" ਬਾਬੇ ਭੋਜ ਬੇ-ਧਿਆਨੀ ਤੇ ਆਰਾਮ ਨਾਲ਼ ਪੁੱਛਿਆ। ਬਹੁਤ ਵਾਰੀ ਇੰਜ ਹੀ ਹੁੰਦਾ ਕਿ ਗੱਲ 'ਚੋਂ ਹੋਰ ਗੱਲ ਤੁਰ ਪੈਂਦੀ, ਵਿੱਚੋਂ ਹੋਰ ਤੇ ਹੋਰ। ਅਸਲ ਗੱਲ ਕਿਤੇ ਪਿਛਾਂਹ ਦੂਰ ਰਹਿ ਜਾਂਦੀ ਤੇ ਰੌਲੇ ਵਿੱਚ ਵਿੱਸਰ ਜਾਂਦੀ।

"ਪਕੌੜੇ ਵੇਚਣ ਵਾਲੇ ਸਾਧ ਤੇ ਚੋਰ ਦੀ ਗੱਲ?" ਮਾਸਟਰ ਬਾਬੇ ਭੋਜ ਨੂੰ ਯਾਦ ਕਰਾਇਆ।

"ਆਹੋ! ਅੱਛਾ!" ਬਾਬਾ ਭੋਜ ਸੋਚਦਾ ਹੋਇਆ ਦਾਰੀ ਵੱਲ ਵੇਖ ਕੇ ਬੋਲਿਆ-"ਹੁਣ ਵਿੱਚ ਨਾ ਬੋਲੀਂ ਤੇ ਤੈਨੂੰ ਇੱਕ ਗੱਲ ਸੁਣਾਵਾਂ ਸੱਚੀ!"

ਸੱਚੀ ਗੱਲ ਦੇ ਨਾਂ ਤੇ ਉਸਤਾਦ ਕੰਨ ਚੁੱਕੇ। ਇੱਕ ਦੋ ਵਾਰ ਆਪਣੀ ਕਤਰਾਵੀਂ ਖਿਚੜੀ ਦਾੜ੍ਹੀ ਵਿੱਚ ਖੁਰਕ ਕੇ ਕਹਿਣ ਲੱਗਾ—"ਸੱਚ ਵੀ ਕਿੰਜ ਦਾ ਗਹਿਣਾ ਏ? ਜਿਹੜੀ ਗੱਲ ਦੇ ਗਲ਼ ਵਿੱਚ ਪਾ ਦਿਓ, ਗੱਲ ਫਟ ਜਾਂਦੀ ਏ।"

ਬਾਬੇ ਭੋਜ ਗੱਲ ਤੋਰੀ। "ਪਕੌੜੇ ਵੇਚਣ ਵਾਲੇ ਦਾ ਇੱਕ ਇਹੋ ਜਿਹਾ ਵੀ ਗਾਹਕ ਸੀ, ਜਿਹੜਾ ਰੋਜ਼ ਆ ਕੇ ਪਕੌੜੇ ਖਾਂਦਾ ਤੇ ਡਕਾਰ ਮਾਰ ਕੇ ਮੁੱਛਾਂ ਤੇ ਹੱਥ ਫੇਰਦਾ, ਤੇ ਪੈਸੇ ਦਿਤਿਓਂ ਬਗ਼ੈਰ ਚੱਲਦਾ ਹੁੰਦਾ। ਨਾ ਦੁਕਾਨ ਵਾਲ਼ਾ ਕਦੇ ਪੈਸੇ ਮੰਗਦਾ, ਨਾ ਗਾਹਕ ਕੁੱਝ ਦੇਂਦਾ। ਦੁਕਾਨ ਵਾਲ਼ਾ ਸੋਚਦਾ ਮੁਫ਼ਤੋੜੇ ਗਾਹਕ ਨੂੰ ਕਦੇ ਤਾਂ ਹਯਾ ਆਊ ਤੇ ਓੜਕ ਇੱਕ ਨਾ ਇੱਕ ਦਿਨ ਉਹ ਇਸ ਰੋਜ਼ ਦੇ ਧਰੋਹ ਤੋਂ ਮੁੜ ਜਾਊ। ਪਰ ਨਾ ਤਾਂ ਮੁਫ਼ਤੋੜੇ ਗਾਹਕ ਨੂੰ ਹਯਾ ਆਈ ਤੇ ਨਾ ਹੀ ਦੁਕਾਨ ਵਾਲ਼ੇ ਉਸ ਨੂੰ ਕਦੇ ਜਤਾਇਆ। ਪਤਾ ਨਹੀਂ ਮਾੜੇ ਹੋਣ ਕਰ ਕੇ ਜਾਂ ਭਲੇਮਾਣਸ ਹੋਣ ਕਾਰਨ! ਤੇ ਇਹ ਕੰਮ ਵਰ੍ਹਾ ਦੋ ਚੱਲਦਾ ਰਿਹਾ।"

ਦਾਰੀ ਰਹਿ ਨਾ ਸਕਿਆ, ਆਖਣ ਲੱਗਾ—"ਦੁਕਾਨ ਵਾਲ਼ਾ ਦੇਂਦਾ ਅਰਜ਼ੀ ਥਾਣੇ ਵਿੱਚ। ਆਪੇ ਲੈ ਜਾਂਦੇ ਬੰਨ੍ਹ ਕੇ, ਇਹੋ ਜਿਹੀ ਧੱਕੇਸ਼ਾਹੀ ਕਰਨ ਵਾਲੇ ਗਾਹਕ ਦੀ ਤੇ ਦਮੜੀ ਦੇ ਨਾਲ਼ ਚਮੜੀ ਵੀ ਲਾਹ ਦੇਂਦੇ ਅਗਲੇ!"

ਟੋਕੇ ਜਾਣ ਤੇ ਬਾਬਾ ਭੋਜ ਦਾਰੀ ਨੂੰ ਟੁੱਟ ਕੇ ਪੈ ਗਿਆ—"ਤੇਰਾ ਪਿਓ ਥਾਣਾ ਓਦੋਂ ਹੁੰਦਾ ਨਹੀਂ ਸੀ ਤੇ ਫ਼ਰਿਆਦ ਕਰਨੀ ਪੈਂਦੀ ਸੀ ਹਾਕਮ ਅੱਗੇ। ਭਲਾ ਪਕੌੜੇ ਵੇਚਣ ਵਾਲੇ ਗ਼ਰੀਬ ਦੀ ਰਸਾਈ ਹਾਕਮ ਤੱਕ ਹੁੰਦੀ ਹੋਊ?"

"ਅੱਛਾ ਭਲਾ! ਫਿਰ?" ਦਾਰੀ ਬਾਬੇ ਵੱਲ ਵੇਖਿਆ।

"ਫਿਰ ਇੱਕ ਦਿਹਾੜੇ ਮੁਫ਼ਤੋੜਾ ਗਾਹਕ ਮੁੱਛਾਂ ਨੂੰ ਤਾਅ ਦੇਂਦਾ ਆਇਆ। ਵੇਖਦਾ ਕੀ ਏ? ਪਕੌੜਿਆਂ ਵਾਲ਼ੇ ਦੀ ਭੱਠੀ ਤੇ ਕੜਾਹੀ ਮਾਂਜੀ, ਧੋਤੀ ਮੂਧੀ ਪਈ ਏ ਤੇ ਦੁਕਾਨ ਵਾਲ਼ਾ ਸਿਰ ਫੜ ਕੇ ਬੈਠਾ ਏ।"

"ਕੀ ਹੋਇਆ? ਅੱਜ ਪਕੌੜੇ ਨਹੀਂ ਕੱਢੇ ਭਲਿਆ?" ਉਸ ਨੇ ਪੁੱਛਿਆ। "ਜੋ ਹੈ ਸੀ ਤੂੰ ਖਾ ਗਿਆ ਏਂ, ਦੋ ਵਰ੍ਹਿਆਂ ਵਿੱਚ। ਮੇਰੀ ਰਾਸ ਮੁੱਕ ਗਈ ਏ। ਹੁਣ ਕਾਹਦੇ ਨਾਲ਼ ਕੱਢਾਂ ਪਕੌੜੇ?" ਦੁਕਾਨ ਵਾਲ਼ੇ ਰੋਂਦੀ ਆਵਾਜ਼ ਵਿੱਚ ਕਿਹਾ।

"ਅੱਛਾ!" ਕੁੱਝ ਦੇਰ ਸੋਚ ਕੇ ਗਾਹਕ ਨੇ ਆਖਿਆ, "ਕੱਲ੍ਹ ਦੁਕਾਨ ਜ਼ਰੂਰ ਖੋਲ੍ਹੀਂ, ਮੈਂ ਇਸ ਕੁ ਵੇਲੇ ਆਵਾਂਗਾ।"

"ਅਗਲੇ ਦਿਨ ਕੀਤੇ ਹੋਏ ਇਕਰਾਰ ਤੇ ਗਾਹਕ ਅੱਪੜਿਆ। ਇੱਕ ਪੋਟਲੀ ਦੁਕਾਨ ਵਾਲੇ ਨੂੰ ਫੜਾ ਕੇ ਹੱਥ ਜੋੜ ਕੇ ਕਹਿਣ ਲੱਗਾ: 'ਕਦੇ ਪਹਿਲੋਂ ਦੱਸ ਦੇਂਦੋਂ ਤਾਂ ਤੇਰੀ ਭੱਠੀ ਕਦੀ ਠੰਢੀ ਨਾ ਹੁੰਦੀ। ਆਪਣੀ ਦੁਕਾਨ ਚਲਾ ਭਲਿਆ ਤੇ ਜਦੋਂ ਇਹ ਮੁੱਕ ਜਾਵਣ, ਫਿਰ ਫੂਕ ਮਾਰ ਛੱਡੀਂ ਮੇਰੇ ਕੰਨ ਵਿੱਚ!' ਤੇ ਦੁਕਾਨ ਵਾਲ਼ੇ ਨੂੰ ਹੈਰਾਨ ਪ੍ਰੇਸ਼ਾਨ ਛੱਡ ਕੇ ਚੱਲਦਾ ਹੋਇਆ।"

"ਪੋਟਲੀ ਸੋਨੇ ਦੀਆਂ ਮੁਹਰਾਂ, ਟੂੰਬਾਂ ਤੇ ਹੀਰੇ-ਮੋਤੀਆਂ ਨਾਲ਼ ਭਰੀ ਹੋਈ ਸੀ। ਪਕੌੜਿਆਂ ਵਾਲ਼ੇ ਏਨੀ ਦੌਲਤ ਕਦੇ ਖ਼ੁਾਬ ਵਿੱਚ ਵੀ ਨਹੀਂ ਸੀ ਵੇਖੀ।

"ਸੱਤ-ਅੱਠ ਦਿਹਾੜਿਆਂ ਮਗਰੋਂ ਸ਼ਹਿਰ ਵਿੱਚ ਇੱਕ ਨਾਮੀ-ਗਰਾਮੀ ਚੋਰ ਨੂੰ ਸੂਲ਼ੀ ਚਾੜ੍ਹਨ ਦੀ ਡੌਂਡੀ ਪਿੱਟ ਗਈ, ਜਿਨ੍ਹੇ ਕਿਸੇ ਸਰਦਾਰ ਦਾ ਝੁੱਗਾ ਭੰਨਿਆ ਸੀ। ਤੇ ਉੱਤੋਂ ਚੋਰੀ ਨਹੀਂ ਸੀ ਮੰਨਦਾ। ਮਾਲ ਨਹੀਂ ਸੀ ਦੇਂਦਾ। ਸੂਲ਼ੀ ਸ਼ਹਿਰ ਦੇ ਵੱਡੇ ਚੌਂਕ ਵਿੱਚ

Sri Satguru Jagjit Singh Ji eLibrary NamdhariElibrary@gmail.com

ਦਿੱਤੀ ਜਾਣੀ ਸੀ ਤੇ ਸਾਰਾ ਸ਼ਹਿਰ ਤਮਾਸ਼ਾ ਵੇਖਣ ਆਇਆ ਹੋਇਆ ਸੀ, ਵਿੱਚ ਉਹ ਪਕੌੜਿਆਂ ਵਾਲਾ ਵੀ ਸੀ। ਪਕੌੜਿਆਂ ਵਾਲੇ ਸੂਲੀ ਦੇ ਥੜ੍ਹੇ ਤੇ ਕਸੀਆਂ ਮੁਸ਼ਕਾਂ, ਬੱਧੇ ਖਲੋਤੇ ਆਪਣੇ ਰੋਜ਼ ਦੇ ਗਾਹਕ ਨੂੰ ਪਛਾਣ ਲਿਆ ਤੇ ਪਲ ਭਰ ਵਿੱਚ ਉਸ ਨੂੰ ਸਾਰੀ ਗੱਲ ਦਾ ਚਾਨਣ ਹੋ ਗਿਆ।

"ਚੋਰੀ ਦਾ ਮਾਲ ਮੋੜਿਆਂ ਖ਼ੋਰੇ ਚੋਰ ਦੀ ਜਾਨ ਬਚ ਜਾਏ," ਦੁਕਾਨ ਵਾਲੇ ਸੋਚਿਆ ਤੇ ਭੀੜ ਨੂੰ ਚੀਰਦਾ ਸੂਲੀ ਦੇ ਥੜ੍ਹੇ ਵੱਲ ਵਧਿਆ। ਜ਼ਰਾ ਨੇੜੇ ਹੋਇਆ ਤੇ ਉਸ ਹੱਥ ਚੁੱਕਿਆ ਬੋਲਣ ਲਈ। ਪਰ ਉਸੇ ਘੜੀ ਚੋਰ ਦੀਆਂ ਤੇ ਉਸ ਦੀਆਂ ਨਜ਼ਰਾਂ ਮਿਲ਼ੀਆਂ। ਚੋਰ ਨੇ ਖ਼ੋਰੇ ਉਸ ਦੀਆਂ ਅੱਖਾਂ ਵਿੱਚ ਪੜ੍ਹ ਲਿਆ ਸੀ, ਹੱਸਿਆ ਤੇ ਉੱਚੀ 'ਵਾਜ਼ ਨਾਲ਼ ਜਿਵੇਂ ਸਾਰੀ ਖ਼ਲਕਤ ਨੂੰ ਸੁਣਾ ਕੇ ਕਹਿਣ ਲੱਗਾ-'ਜੇ ਚੋਰੀ ਦਾ ਮਾਲ ਮੁੜ ਵੀ ਗਿਆ ਤਾਂ ਵੀ ਸੂਲ਼ੀ ਤਾਂ ਇਨ੍ਹਾਂ ਮੈਨੂੰ ਟੰਗ ਹੀ ਦੇਣਾ ਏ। ਇਸ ਲਈ ਜਿਸ ਭਲੇਮਾਣਸ ਕੋਲ ਮੇਰਾ ਮਾਲ ਹੈ ਉਹ ਆਪਣੇ ਕੋਲ਼ ਹੀ ਰੱਖੇ। ਜੇ ਉਹ ਸਾਰਾ ਨਾ ਵੀ ਰੱਖਣਾ ਚਾਹਵੇ ਤੇ ਜਿੰਨਾ ਮੈਂ ਉਸ ਦਾ ਕਰਜ਼ਾ ਦੇਣਾ ਏ–ਉਹ ਰੱਖ ਕੇ ਬਾਕੀ ਮਾਲ 'ਚੋਂ ਸ਼ਹਿਰ ਵਿੱਚ ਲੋਕਾਂ ਲਈ ਖੂਹ ਲਵਾ ਦੇਵੇ ਤੇ ਸਰਾਂ ਬਣਵਾ ਦੇਵੇ।'

"ਤੇ ਚੋਰ ਸੂਲ਼ੀ ਚੜ੍ਹ ਗਿਆ," ਬਾਬਾ ਭੋਜ ਖਲੋ ਗਿਆ, ਗੱਲ ਕਰਦਾ ਖ਼ੋਰੇ ਸਾਹ ਲੈਣ ਲਈ।

"ਤੇ ਫਿਰ ਲਵਾ ਦਿੱਤੇ ਖੂਹ ਦੁਕਾਨ ਵਾਲ਼ੇ ਨੇ ਤੇ ਬਣਵਾ ਦਿੱਤੀ ਮੁਸਾਫ਼ਿਰਾਂ ਲਈ ਸਰਾਂ? ਮੋਇਆਂ ਦੇ ਥੇਹ ਵਿੱਚ।" ਦਾਰੀ ਹੱਸ ਕੇ ਕਹਿਣ ਲੱਗਾ–"ਖਾ ਗਿਆ ਹੋਣਾ ਏ ਦੁਕਾਨ ਵਾਲਾ ਸਾਰਾ ਕੁੱਝ!"

"ਨਹੀਂ ਭਾਈ!" ਬਾਬੇ ਭੋਜ ਕਿਹਾ, "ਓਦੋਂ ਅਜੇ ਲੋਕਾਂ ਵਿੱਚ ਇਮਾਨ ਦੀ ਰੱਤੀ ਹੈ ਸੀ। ਦੁਕਾਨ ਵਾਲ਼ੇ ਆਪਣੇ ਪੈਸੇ ਰੱਖ ਕੇ ਬਾਕੀ ਸਾਰੀ ਦੌਲਤ ਨਾਲ਼ ਸ਼ਹਿਰ ਵਿੱਚ ਦਸ ਖੂਹ ਲਵਾ ਦਿੱਤੇ ਤੇ ਇੱਕ ਸਰਾਂ ਬਣਵਾ ਦਿੱਤੀ ਮੁਸਾਫ਼ਿਰਾਂ ਲਈ। ਕਈ ਸਦੀਆਂ ਲਹੌਰ ਸ਼ਹਿਰ ਦੇ ਲੋਕ ਤੇ ਬਾਹਰੋਂ ਆਉਣ ਵਾਲ਼ੇ ਮੁਸਾਫ਼ਿਰ ਉਸ ਚੋਰ ਦੇ ਖੂਹਾਂ ਦਾ ਪਾਣੀ ਪੀਂਦੇ ਰਹੇ ਤੇ ਉਸ ਨੂੰ ਦੁਆਵਾਂ ਦੇਂਦੇ ਰਹੇ।"

"ਸਦੀਆਂ?" ਮਾਸਟਰ ਹੈਰਾਨ ਹੋ ਕੇ ਪੁੱਛਿਆ।

"ਆਹੋ!" ਬਾਬੇ ਭੋਜ ਮਾਸ਼ਟਰ ਦੀਆਂ ਅੱਖਾਂ ਵਿੱਚ ਵੇਖ ਕੇ ਕਿਹਾ–"ਇਹ ਗੱਲ ਕੋਈ ਚਾਰ ਸਦੀਆਂ ਪੁਰਾਣੀ ਏ, ਪਰ ਸੱਚੀ ਏ। ਇਸ ਕਰ ਕੇ ਅੱਜ ਵੀ ਜੀਊਂਦੀ ਏ।"

"ਸੱਚ ਕਦੇ ਪੁਰਾਣਾ ਨਹੀਂ ਹੁੰਦਾ।ਸੱਚ ਕਦੇ ਬੁੱਢਾ ਨਹੀਂ ਹੁੰਦਾ, ਸੱਚ ਕਦੇ ਨਹੀਂ ਮਰਦਾ।" ਉਸਤਾਦ ਨੇ ਗੋਡਿਆਂ ਤੇ ਹੱਥ ਰੱਖ ਕੇ ਉੱਠਦਿਆਂ ਹੋਇਆਂ ਦੋ ਟੂੱਕ ਤਰੀਕੇ ਨਾਲ਼ ਗੱਲ ਕੀਤੀ।

ਮੁੰਨਾ ਕੋਹ ਲਹੌਰ (1989) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

Exercise 37.1 Fill in each blank with a suitable word (in its appropriate form) from the glossary for "ਮੁੰਨਾ ਕੋਹ ਲਹੌਰ." Then translate the sentences:

1. ਜੇਮਜ਼ ਨੇ ਕਿਹਾ ਕਿ ਪੰਜ ਮੁੰਡੇ ਉਸ ਦੇ ਪਿੱਛੇ ਨਹੀਂ ਬਲਕਿ _____ ਖੜ੍ਹੇ ਸਨ।
2. ਮਾਂ ਨੇ ਬੱਚਿਆਂ ਨੂੰ ਕਿਹਾ, "ਖਾਣਾ _____ ਕੇ ਖਾਵੋ ਨਹੀਂ ਤਾਂ ਬਦਹਜ਼ਮੀ ਹੋ ਜਾਵੇਗੀ।
3. _____ ਨੇ ਦੁਕਾਨ ਤੋਂ ਕਈ ਕਿਸਮ ਦੀਆਂ ਚੀਜ਼ਾਂ ਖ਼ਰੀਦੀਆਂ।
4. ਕੱਲ੍ਹ ਸ਼ਾਮ, ਖੇਡਦੇ ਖੇਡਦੇ, ਮੇਰੀ ਛੋਟੀ ਭੈਣ ਡਿਗ ਪਈ ਤੇ ਉਸ ਦੀ ਲੱਤ ਤੇ ਸੱਟ ਲੱਗ ਗਈ। ਉਸ ਨੂੰ ਆਰਾਮ ਪਹੁੰਚਾਉਣ ਲਈ, ਮੈਂ ਉਸ ਦੀ ਲੱਤ ਉੱਤੇ ਮਰ੍ਹਮ _____।
5. ਕਾਫ਼ੀ ਪੀਣ ਦੀ ਵਜ੍ਹਾ ਕਰ ਕੇ, ਮੈਨੂੰ ਰਾਤ ਨੂੰ _____ ਨੀਂਦ ਆਈ।

Exercise 37.2 Translate:

1. The way they do work is very inappropriate.
2. She asked for their help at the beginning of her journey/travel.
3. If you all don't listen, you will not get a penny from me.
4. The lamp remained lit the whole night.
5. Can you give me a small piece of the chocolate bar?

ਔਖੇ ਲਫ਼ਜ਼

ਅਸਲ	reality (m); real (adj/u)
ਅੱਧਖੜ	middle-aged (adj/u)
ਅਰਜ਼ੀ	application (f)
ਆਵੀ	potter's kiln (f)
ਇਮਦਾਦ	help (f)
ਇਮਾਨ	faith (m)
ਸਕਾ	real (blood) relative (m)
ਸਕਾਵਾ	water tank, container (m)
ਸੰਗੀ	companion (m)
ਸਗੋਂ	but rather, on the contrary
ਸੱਟ ਲੱਗਣੀ	to get hurt (vi)
ਸੰਨ੍ਹ	opening (made in a wall by burglars) (f)
ਸਫ਼ਾਈ ਦੇਣੀ	to justify (vt)
ਸਰਾਂ	inn, tavern (f)
ਸਵ੍ਹਾਰਾ	set, sorted (adj/i)
ਸਾਹ-ਸੱਤਿਆ	strength, energy (f)
ਸਿਆਣਨਾ	to recognize, identify (vt)
ਸੂਮ, ਸ਼ੂਮ	miser (m)
ਹਯਾ	modesty, shame (f)
ਹੂੰਗਣਾ	to groan, grunt (vi)
ਕੱਸਣਾ	to tighten (vt)
ਕੱਢਣਾ	to take out (vt)

Sri Satguru Jagjit Singh Ji eLibrary NamdhariElibrary@gmail.com

ਕੰਨ ਚੁੱਕਣਾ	to be alert or attentive (vt)
ਕੰਨੀ ਕਤਰਾਉਣਾ	to avoid (vt)
ਕਰਉਂ	a measure of distance equal to 5.5 feet (f)
ਕੁੱਜਾ	small earthen pitcher or pot (m)
ਕੋਹ	measure of distance equal to 2.4 kilometers (m)
ਕੋੜ੍ਹਾ	leper (m)
ਖੰਘਣਾ	to cough (vi)
ਖੱਟਣਾ	to earn, gain (vt)
ਖਿਚੜੀ	mixed (adj/u)
ਖੁੱਚ; ਖੁੱਚਾਂ ਚੜ੍ਹਨੀਆਂ	tendon on the back of knee (f); to become tired
ਗਰਿਆ-ਜ਼ਾਰੀ	feebleness (f)
ਗਾਲੜੀ	talkative (adj/u)
ਗੁਨਾਹ	fault, crime, sin (m)
ਘੱਤਣਾ	to put, to throw (vt)
ਚਹਿਕਣਾ	to chirp, twitter (vi)
ਚੱਕ	potter's wheel (m)
ਚਮੜੀ	skin, leather (f)
ਚਿੱਥਣਾ	to chew (vt)
ਚੀਰਨਾ	to rip, tear (vt)
ਚੋਆ	drop (m)
ਛਾਲਾ	blister (m)
ਜਤਾਉਣਾ	to make one notice, remember (vt)
ਜਾਂਗਲੀ	nomadic tribe (m), wild (adj/u)
ਜੀਆ ਜੰਤ	living being, family (m)
ਜੁਲਾਹਾ	weaver (m)
ਜੋਤਰਾ	single shift of ploughing (m)
ਝਈ ਲੈਣਾ	to get upset (vt)
ਝੁੱਗਾ; ਝੁੱਗਾ ਭੰਨਣਾ	house, residence (m); to break-in, burglarize (vt)
ਟੂੰਬ	ornament (f)
ਟੂਟੀ	water tap (f)
ਟੋਟਾ	piece, segment (m)
ਠਿੱਲ੍ਹਣਾ	to set out, to begin a venture/journey; *lit.* to swim, wade (vi)
ਡਕਾਰ	burp (m)
ਡੰਗ	day, mealtime (m)
ਡੌਂਡੀ	public announcement (f)
ਢੋਣਾ	to carry (vt)
ਤਾਰੀਖ਼ ਭੁਗਤਣਾ	to attend or be summoned to court (vi)
ਤੌਫ਼ੀਕ	ability, capacity (f)
ਥੜ੍ਹਾ	platform, floor (m)
ਥਾਣਾ	police station (m)
ਥੇਹ	hillock (m)
ਦਮੜੀ	one quarter *paisa* (f)

Sri Satguru Jagjit Singh Ji eLibrary NamdhariElibrary@gmail.com

ਦੀਨ	religion (m)
ਦੁਆ	prayer, blessing (f)
ਧੱਕਾਸ਼ਾਹੀ	aggressive behavior (f)
ਧਰੋਹ	betrayal, deceit (m)
ਧੇਲਾ	*lit.* half a *paisa* (m)
ਧੌਣ	neck (f)
ਨਕਾਰਾ	useless (adj/u)
ਨਾਅਰਾ	slogan (m)
ਨਿਢਾਲ	extremely tired, weary (adj/u)
ਨਿੱਬੜਨਾ	to be completed (vi)
ਪਚੀ	embarrassed, ashamed (adj/u)
ਪੱਠੇ ਵੱਢਣੇ	to cut/chop fodder (vt)
ਪਰਚਾ	first information report (m)
ਪਿਛਾਂਹ	back, backward, behind, in the past (adv)
ਪਿੱਟਣਾ	to express anguish (vi)
ਪੇਟਾ	range, breadth, woof (m)
ਪੋਟਲੀ	small pouch (f)
ਫ਼ਰਿਆਦ	appeal (f)
ਫੂਕ	blow, puff (air blown with mouth) (f)
ਬਦਹਜ਼ਮੀ	indigestion (f)
ਬਦਨਸੀਬੀ	bad luck (f)
ਬਾਲ	child (m)
ਬੁੱਲੇ ਲੁੱਟਣਾ	to have fun (vt)
ਬੇਢੰਗਾ	inappropriate, inapt (adj/i)
ਬੋਕਾ	leather bucket for drawing water from wells (m)
ਭਣੂਜਾ (ਭਣਵਈਆ)	sister's husband, brother-in-law (m)
ਭਲਾਮਾਣਸ	good person (m)
ਭੀੜ	crowd (f)
ਭੁੜਕ ਡੰਡੀਓਂ ਪਾਰ ਹੋਣਾ	to be angry, to rebound (vi)
ਮਸਾਂ	barely, hardly (adv)
ਮੰਡਲੀ	group, meeting, sitting (f)
ਮਰ੍ਹਮ	ointment
ਮਿਹਣਾ	taunt (m)
ਮੁਸ਼ਕਾਂ ਬੰਨ੍ਹਣੀਆਂ	to tie hands at the back, to tie hands and feet (vt)
ਮੁਹਰ	gold coin (f)
ਮੁੱਢ	beginning (m)
ਮੁਫ਼ਤੋੜਾ	one who lives at the expense of others, freeloader (m)
ਮੂੰਹ ਹਨੇਰਾ	early morning, dawn (m)
ਮੂਧਾ	inverted, upside down (adj/i)
ਰਸਾਈ	approach, access (f)
ਰੱਤੀ	small amount (f)
ਰੰਨ	woman, wife (pejorative) (f)

Sri Satguru Jagjit Singh Ji eLibrary NamdhariElibrary@gmail.com

ਰਾਸ	supply, investment (f)
ਰੁੱਗ	handful (as of fodder stalks), swath (m)
ਲਾਹਨਤ	curse (f)
ਵੱਛਾ	calf (m)
ਵਾਹੀ-ਜੋਤੀ	farming (f)
ਵਿੱਸਰਨਾ	to forget (vi)

Sri Satguru Jagjit Singh Ji eLibrary NamdhariElibrary@gmail.com

Lesson 38
ਸਬਕ ੩੮
ਸੋਹਿੰਦਰ ਸਿੰਘ ਵਣਜਾਰਾ ਬੇਦੀ

ਪਾਤਸ਼ਾਹਣੀ

ਮੇਰਾ ਦਾਦਕਾ ਪਿੰਡ ਪਾਤਸ਼ਾਹਣ ਹੈ। ਮੋਹ ਵਿੱਚ ਭਿੱਜੇ ਅਸੀਂ ਇਸ ਨੂੰ ਪਾਤਸ਼ਾਹਣੀ ਕਹਿੰਦੇ। ਗਹਿਰਾ ਮੋਹ ਹਮੇਸ਼ਾਂ ਆਂਦਰ ਦਾ ਹੁੰਦਾ ਹੈ, ਮਾਂ ਦੀ ਆਂਦਰ ਦਾ। ਪਾਤਸ਼ਾਹਣੀ ਕਹਿ ਕੇ ਸਾਨੂੰ ਇੰਜ ਲੱਗਦਾ ਜਿਵੇਂ ਇਹ ਪਿੰਡ ਨਹੀਂ ਕੋਈ ਦੇਵੀ ਹੋਵੇ, ਧਰਤੀ ਮਾਤਾ ਦੀ ਧੀ-ਧਿਆਣੀ। ਕੋਮਲ-ਭਾਵੀ ਔਰਤ ਦੇ ਜਜ਼ਬਿਆਂ ਵਾਲ਼ੀ, ਦਿਲ ਦੀ ਸੁਹਣੀ ਤੇ ਸੁਗੰਧਿਤ ਗੋਦ ਵਿਰਸੇ ਨਾਲ਼ ਭਰੀ, ਜਿਸ ਉੱਤੇ ਕੋਈ ਵੀ ਮਾਣ ਕਰ ਸਕਦਾ ਹੈ। ਪਾਤਸ਼ਾਹਣੀ ਸਾਨੂੰ ਹਮੇਸ਼ਾਂ ਦਾਦੀ ਵਾਂਙ ਮਿੱਠੀ ਲੱਗਦੀ। ਅਸਾਂ ਆਪਣੇ ਸੁਪਨਿਆਂ ਦੇ ਮੁਢਲੇ ਬੀਜ ਇੱਥੇ ਹੀ ਬੀਜੇ, ਜਿਹੜੇ ਅੱਜ ਤੱਕ ਫੈਲਦੇ ਜਾ ਰਹੇ ਹਨ।

ਇਹ ਸਾਰਾ ਇਲਾਕ਼ਾ 'ਧਨ' ਅਖਵਾਉਂਦਾ। ਬੀਜੀ ਦੱਸਿਆ ਕਰਦੇ ਕਿ ਇੱਕ ਵਾਰ ਬਾਬਾ ਫ਼ਰੀਦ ਸ਼ਕਰਗੰਜ ਇਸ ਇਲਾਕ਼ੇ ਵਿੱਚੋਂ ਲੰਘ ਰਹੇ ਸਨ। ਇਸ ਦੀ ਖ਼ੂਬਸੂਰਤੀ ਵੇਖ ਕੇ, ਉਨ੍ਹਾਂ ਦੇ ਮੂੰਹੋਂ ਸਹਿਜ ਹੀ 'ਧਨ' ਸ਼ਬਦ ਨਿਕਲ਼ ਗਿਆ। ਮਹਾਂਪੁਰਖਾਂ ਦੇ ਬੋਲ, ਸ਼ਕਤੀ ਬਣ ਕੇ ਫੈਲ ਜਾਂਦੇ ਨੇ ਤੇ ਅਮਰ ਹੋ ਜਾਂਦੇ ਨੇ। ਸੋ ਸ਼ਬਦ 'ਧਨ' ਸਾਰੇ ਇਲਾਕ਼ੇ ਦੇ ਆਰ-ਪਾਰ ਫੈਲ ਗਿਆ, ਕਣ ਕਣ ਵਿੱਚੋਂ 'ਧਨ' ਗੂੰਜ ਉਠਿਆ।

ਇੱਕ ਹੋਰ ਰਵਾਇਤ ਅਨੁਸਾਰ ਇਹ ਇਲਾਕ਼ਾ ਰੱਜਿਆ-ਪੁੱਜਿਆ ਹੋਣ ਕਰ ਕੇ ਧਨੀ ਅਖਵਾਣ ਲੱਗਾ। ਇੱਥੇ ਫ਼ਸਲ ਬਹੁਤ ਉੱਗਦੀ ਸੀ ਤੇ ਪੰਜਾਬ ਦੇ ਲੋਕਾਂ ਦੀ ਅਮੀਰੀ ਹਮੇਸ਼ਾਂ ਫ਼ਸਲਾਂ ਨਾਲ਼ ਮਾਪੀ ਜਾਂਦੀ ਰਹੀ ਹੈ।

ਧਨ ਦੇ ਨਾਲ਼-ਨਾਲ਼ ਹੀ ਪੋਠੋਹਾਰ ਦਾ ਇਲਾਕ਼ਾ, ਹਮਸਫ਼ਰ ਵਾਂਙ ਕਾਫ਼ੀ ਸਾਰਾ ਪੈਂਡਾ ਤਹਿ ਕਰਦਾ ਹੈ। ਧਨ ਤੇ ਪੋਠੋਹਾਰ ਦੋਵੇਂ ਇਲਾਕ਼ੇ ਅਸਲ ਵਿੱਚ ਦੋ ਭਰਾਵਾਂ ਵਾਂਙ ਹਨ, ਜੋ ਕਿਧਰੇ ਗਲਵੱਕੜੀ ਪਾ ਬੈਠਦੇ ਨੇ ਤਾਂ ਛੱਡਣ ਵਿੱਚ ਹੀ ਨਹੀਂ ਆਉਂਦੇ, ਕਿਧਰੇ ਮੂੰਹ ਮੋੜ ਕੇ ਪਰੇਡੇ ਹੋ ਖੜ੍ਹੋਂਦੇ। ਦੋਵਾਂ ਇਲਾਕ਼ਿਆਂ ਦੀਆਂ ਆਪੋ ਵਿੱਚ ਰਿਸ਼ਤੇਦਾਰੀਆਂ ਸਾਂਝੀਆਂ ਵੀ ਹਨ ਤੇ ਬਿੱਖਰੀਆਂ ਹੋਈਆਂ ਵੀ।

ਮੇਰੇ ਨਾਨਕੇ ਪੋਠੋਹਾਰੀ ਹਨ ਤੇ ਦਾਦਕੇ ਧਨੀ ਦੇ। ਇੱਕ ਪੈਰ ਪੋਠੋਹਾਰ ਵਿੱਚ ਤੇ ਇੱਕ ਧਨੀ ਵਿੱਚ। ਬਾਹਵਾਂ ਦੀਆਂ ਗਲਵੱਕੜੀਆਂ ਘੱਟ ਹੀ ਢਿੱਲੀਆਂ ਪੈਂਦੀਆਂ ਸਨ।ਪਰ ਦੋਵਾਂ ਇਲਾਕ਼ਿਆਂ ਵਿੱਚ ਟਕੋਰ ਤੇ ਵਿਅੰਗ ਚੱਲਦਾ ਰਹਿੰਦਾ। ਅਸੀਂ ਧਨੀ ਵਾਲ਼ੇ ਕਹਿੰਦੇ:

ਪੋਠੋਹਾਰੀ ਯਾਰ ਕਿਸ ਕੇ, ਭੱਤ ਖਾ ਕੇ ਖਿਸਕੇ।

ਤੇ ਪੋਠੋਹਾਰੀਏ ਇਹੋ ਵਿਅੰਗ ਕਦੇ ਪਹਾੜੀਆਂ ਉੱਤੇ ਕਸ ਲੈਂਦੇ, ਕਦੇ ਪਿਸ਼ੌਰੀਆਂ ਉੱਤੇ, ਤੇ ਕਦੇ ਧਨੀ ਦੇ ਲੋਕਾਂ ਉੱਤੇ ਵੀ।

ਪਰ ਧਨੀ ਦੇ ਲੋਕ ਪੋਠੋਹਾਰੀ ਕੁੜੀਆਂ ਨੂੰ ਜ਼ਿਆਦਾ ਪਸੰਦ ਕਰਦੇ। ਉਨ੍ਹਾਂ ਉੱਤੇ ਜਵਾਨੀ ਜਦੋਂ ਚੜ੍ਹਦੀ ਹੈ, ਉਹ ਸੂਰਜ ਵਾਂਙ ਅੰਦਰੋਂ ਵੀ ਭਖ਼ਦੀਆਂ ਤੇ ਬਾਹਰੋਂ ਵੀ ਲੁਸ ਲੁਸ ਕਰਦੀਆਂ ਹਨ। ਘਿਉ ਵਿੱਚ ਤਲ਼ੀ ਲੁੱਚੀ ਵਾਂਙ। ਨਖਰਾ ਨੱਕ ਤੇ ਧਰਿਆ ਹੁੰਦਾ ਤੇ ਅੱਖਾਂ ਮਟਕਾ ਕੇ ਗੱਲਾਂ ਕਰਦੀਆਂ। ਵੇਖਦਿਆਂ ਸਾਰ ਮੁੰਡਾ ਮਰੁੰਡਿਆ ਜਾਂਦਾ।

ਪਰ ਉਹ ਜਬ੍ਹੇ ਵਾਲ਼ੀਆਂ ਇਤਨੀਆਂ ਕਿ ਸੁਆਂ ਵਿੱਚ ਜਾਂ ਕੱਸੀ ਵਿੱਚ ਪੇਪਣੀ ਪਾ ਕੇ ਜਦੋਂ ਅੱਧਨੰਗੀਆਂ ਕੱਪੜੇ ਧੋਂਦੀਆਂ ਤਾਂ ਮਜਾਲ ਹੈ, ਕੋਈ ਰਾਹੀ ਮੁਸਾਫ਼ਿਰ ਅੱਖ ਭਰ ਕੇ ਝਾਕ ਜਾਵੇ।

ਗੱਲਾਂ ਦੀਆਂ ਚਟੂਰੀਆਂ। ਗੱਲਾਂ ਦੀ ਤੰਦ ਇੱਕ ਵਾਰ ਸ਼ੁਰੂ ਹੋ ਜਾਵੇ, ਮੁੱਢਾ ਕੱਤੇ ਬਿਨਾਂ ਨਹੀਂ ਉੱਠਦੀਆਂ, ਭਾਵੇਂ ਚੁੱਲ੍ਹੇ 'ਤੇ ਦਾਲ਼ ਸੜ ਕੇ ਧੁਖਣ ਲੱਗ ਪਏ। ਦਿਲਾਂ ਦੀਆਂ ਸੁੱਚੀਆਂ। ਸੁਆਂ ਦੇ ਪਾਣੀ ਵਾਂਙ ਸਵੱਛ, ਮਿੱਠੀਆਂ। ਰੋਹ ਵਿੱਚ ਭਖੀਆਂ। ਸੁਆਂ ਵਾਂਙ ਹੀ ਝੱਗੋ-ਝੱਗ ਹੋਈਆਂ, ਕਿਸੇ ਨੂੰ ਪਾਰ ਨਹੀਂ ਲੰਘਣ ਦੇਂਦੀਆਂ। ਭੱਠੀ ਵਿੱਚ ਭੁਜਦੇ ਦਾਣਿਆਂ ਵਾਂਙ ਭੁੜਕ ਕੇ ਪੈਂਦੀਆਂ।

ਪਰ ਧਨੀ ਦੀ ਕੁੜੀ ਲਿੱਸੀ ਹੁੰਦੀ ਏ। ਕਲੀ ਵਾਂਙ ਕੱਜੀ, ਨੂਟੀ, ਸਬਰ ਵਾਲ਼ੀ, ਤੇ ਸਿਮਟੀ ਹੋਈ। ਪਰ ਆਪਣੀ ਹੋਂਦ ਦੇ ਅਹਿਸਾਸ ਵਿੱਚ ਨਸ਼ਿਆਈ, ਬਹੁਤੀ ਅੰਦਰ ਬਾਹਰ ਘੱਟ ਡੁੱਲ੍ਹਦੀ।

ਧਨ ਪੋਠੋਹਾਰ ਦੇ ਖੇਤਰ ਨੂੰ, ਦੋ ਦਰਿਆਵਾਂ ਨੇ ਬਾਹਵਾਂ ਵਿੱਚ ਵਲ਼ਿਆ ਹੋਇਆ ਸੀ। ਇਧਰੋਂ ਜਿਹਲਮ ਨੇ ਤੇ ਉਧਰੋਂ ਅਟਕ ਨੇ। ਵਿੱਚ ਸੁਆਂ ਦਾ ਦਰਿਆ ਹਰਣੋਟੇ ਵਾਂਙ ਦੁੜੰਗੇ ਮਾਰਦਾ ਫਿਰਦਾ।

ਪੋਠੋਹਾਰ ਦਾ ਸਾਰਾ ਇਲਾਕ਼ਾ ਪਹਾੜੀ ਸੀ-- ਕਿਧਰੇ ਕੱਸੀਆਂ, ਕਿਧਰੇ ਕੰਦਰਾਂ, ਕਿਧਰੇ ਗਾੜ੍ਹਾਂ, ਕਿਧਰੇ ਚੋਅ, ਕਿਧਰੇ ਸੁਆਂ ਦੇ ਤਿੱਖੇ ਵਹਿਣ, ਕਿਧਰੇ ਲੇਟੀ ਨਦੀ ਆਫਰੀ ਹੋਈ, ਪਰ ਇਸ ਦੇ ਮੁਕ਼ਾਬਲੇ ਵਿੱਚ ਧਨੀ ਦੇ ਇਲਾਕ਼ੇ ਵਿੱਚ ਉਚਾਣਾਂ ਤੇ ਨੀਵਾਣਾਂ ਸਨ, ਪਰ ਪੱਧਰਾ ਇਲਾਕ਼ਾ ਵੀ ਕਾਫ਼ੀ ਸੀ। ਪੋਠੋਹਾਰ ਦੇ ਨਜ਼ਾਰੇ—ਚੜ੍ਹਦੇ ਸੂਰਜ ਦੀ ਆਭਾ ਤੇ ਡੁਬਦੇ ਸੂਰਜ ਦੀ ਲਾਲੀ ਅਲੌਕਾਰ ਸਨ। ਸੂਰਜ

Sri Satguru Jagjit Singh Ji eLibrary NamdhariElibrary@gmail.com

ਜਿਵੇਂ ਘੋੜੇ ਉੱਤੇ ਸਵਾਰ ਹੋ ਕੇ ਚੜ੍ਹਿਆ ਹੋਵੇ ਤੇ ਰਾਹ ਵਿੱਚ ਘੋੜਾ ਘਾਹ ਚਰਨ ਲਈ ਛੱਡ ਕੇ ਆਪ ਬਿਨਾਂ ਘੋੜੇ ਤੋਂ ਹੀ ਜਾ ਡੁੱਬਿਆ ਹੋਵੇ।

ਪੋਠੋਹਾਰ ਦੇ ਲੋਕ ਪਹਾੜੀ ਸਨ, ਮਰਦ ਕਰੜੀ ਮਿਹਨਤ ਕਰਦੇ। ਇਸੇ ਲਈ ਸਰੀਰ ਦੇ ਗੱਠੇ ਹੋਏ ਤੇ ਕੱਦ-ਕਾਠ ਵਾਲ਼ੇ ਸਨ, ਖਾਣ-ਪੀਣ ਦੇ ਚੋਖੇ ਸ਼ੌਕ਼ੀਨ। ਮੁਰਗ਼ਿਆਂ ਦੀ ਡੰਝ ਲਾਹੁਣ ਵਾਲ਼ੇ। ਪਰ ਧਨੀ ਦੇ ਪਤਲੇ, ਸੁਣੱਖੇ। ਮਿਹਨਤੀ ਉਹ ਵੀ ਚੋਖੇ ਸਨ, ਖਾਂਦੇ ਉਹ ਵੀ ਰੱਜ ਕੇ ਸਨ, ਪਰ ਬੇਫ਼ਿਕਰੇ ਜਿਹੇ ਲੋਕ ਸਨ।

ਪੰਜਾਬ ਉੱਤੇ ਜੋ ਵੀ ਹੱਲਾ ਹੋਇਆ ਉਸ ਦਾ ਪਹਿਲਾ ਵਾਰ ਪੋਠੋਹਾਰੀਆਂ ਦੀ ਹਿੱਕ ਨੇ ਜਰਿਆ—ਉਨ੍ਹਾਂ ਦੀਆਂ ਬਾਹਵਾਂ ਨੇ ਵੰਗਾਰ ਛੱਲੀ ਤੇ ਹਿੱਕ ਨੇ ਜ਼ਖ਼ਮ ਖਾਧੇ। ਇਸ ਲਈ ਉਹ ਨਿਡਰ ਜਿਹੇ ਲੋਕ ਹਨ, ਨਾ ਧਾੜਵੀਆਂ ਤੋਂ ਡਰਦੇ ਨਾ ਡਾਕੂਆਂ ਤੋਂ। ਜੇ ਡਰਦੇ ਤਾਂ ਬੱਸ ਇੱਕ ਆਪਣੀ ਜ਼ਮੀਰ ਤੋਂ।

ਦੂਜਾ ਵਾਰ ਧਨੀ ਦੇ ਵਾਸੀਆਂ ਦੀ ਹਿੱਕ ਵਿੱਚ ਲੱਗਦਾ। ਉਹ ਵੀ ਧਾੜਵੀਆਂ ਅੱਗੇ ਛਾਤੀ ਤਾਣ ਕੇ ਖੜ੍ਹੇ ਹੁੰਦੇ ਰਹੇ। ਇਸ ਲਈ ਧਨ-ਪੋਠੋਹਾਰ ਦੇ ਗੱਭਰੂ ਮੋਢੇ ਨਾਲ਼ ਮੋਢੇ ਡਾਹੁੰਦੇ ਰਹੇ।

ਧਨ-ਪੋਠੋਹਾਰ ਦੀ ਮਿੱਟੀ ਵਿੱਚ, ਪੰਜਾਬ ਦਾ ਸਦੀਆਂ ਦਾ ਇਤਿਹਾਸ ਸੁੱਤਾ ਪਿਆ ਹੈ। ਇਸ ਦਾ ਇੱਕ ਇੱਕ ਕਣ, ਇਸ ਉੱਤੇ ਹੋਏ ਧਾਵੇ ਦੀ ਪਛਾਣ ਕਰਵਾਉਂਦਾ ਹੈ। ਸੈਂਕੜੇ ਵਾਰ ਇਹ ਇਲਾਕਾ ਢੱਠਾ ਤੇ ਮੁੜ ਉੱਸਰਿਆ, ਪੈਰਾਂ ਥੱਲੇ ਰੌਂਦਿਆ ਗਿਆ, ਪਰ ਇਸ ਦੀ ਮਿੱਟੀ ਉਸ ਧੂੜ ਵਾਂਙ ਏ, ਜਿਹੜੀ ਪੈਰਾਂ ਹੇਠੋਂ ਨਿਕਲ਼ ਕੇ ਸਿਰ ਉੱਤੇ ਜਾ ਚੜ੍ਹਦੀ ਹੈ।

ਨਿੱਕੇ ਹੁੰਦਿਆਂ ਬਾਲ ਜਿਨ੍ਹਾਂ ਖਿਡੌਣਿਆਂ ਨਾਲ਼ ਖੇਡਦੇ ਹਨ, ਉਨ੍ਹਾਂ ਵਿੱਚੋਂ ਇੱਕ ਖਿਡੌਣਾ ਪਹਿਲਵਾਨ ਦਾ ਵੀ ਹੁੰਦਾ ਹੈ। ਮਿੱਟੀ ਤੇ ਕਾਗ਼ਜ਼ ਦੀ ਬਣੀ ਤਿਕੋਨੀ ਸ਼ਕਲ। ਉਸ ਨੂੰ ਫ਼ਰਸ਼ ਤੇ ਅਸੀਂ ਲਿਟਾਉਂਦੇ ਤੇ ਉਹ ਸਿਰ ਤਾਣ ਕੇ ਮੁੜ ਖੜ੍ਹਾ ਹੋ ਜਾਂਦਾ। ਘੁੱਗੂ ਘੋੜੇ ਵੇਚਣ ਵਾਲ਼ੀਆਂ ਖ਼ਾਨਾਬਦੋਸ਼ਣਾਂ ਦਾ ਬਣਾਇਆ ਉਹ ਮਿੱਟੀ ਤੇ ਕਾਗ਼ਜ਼ ਦਾ ਪਹਿਲਵਾਨ ਕਦੇ ਕਿਸੇ ਤੋਂ ਫ਼ਰਸ਼ ਉਪਰ ਲਿਟਾਇਆ ਨਹੀਂ ਜਾਂਦਾ—ਖੜ੍ਹੇ ਹੋਣਾ ਮਾਣ ਨਾਲ਼, ਇਹੋ ਉਸ ਦਾ ਸੁਭਾਅ ਸੀ। ਜਿਉਂ ਹੀ ਕੋਈ ਹਮਲਾਵਰ ਵਾਪਸ ਕ਼ਦਮ ਚੁੱਕਦਾ, ਲੋਕ ਸਿਰ ਤਾਣ ਕੇ ਫਿਰ ਖੜ੍ਹੇ ਹੋ ਜਾਂਦੇ।

ਦਾਦਕੇ ਪਿੰਡ ਦਾ ਨਾਂ ਪਾਤਸ਼ਾਹਣ ਕਿਉਂ ਪਿਆ? ਇਹ ਤਾਂ ਦੱਸਣਾ ਅਸੰਭਵ ਹੈ, ਪਰ ਸਹਿਜੇ ਹੀ ਅਨੁਮਾਨ ਲੱਗ ਸਕਦਾ ਹੈ ਕਿ ਇੱਥੇ ਇਲਾਕ਼ੇ ਦੀ ਪਾਤਸ਼ਾਹੀ ਸੀ ਜਾਂ ਕਿਸੇ ਵੇਲ਼ੇ ਕੋਈ ਪਾਤਸ਼ਾਹ ਇੱਥੇ ਆ ਕੇ ਠਹਿਰਿਆ ਸੀ, ਜਾਂ ਫਿਰ ਆਪਣੀ ਪਾਤਸ਼ਾਹੀ ਗਵਾ ਕੇ, ਇੱਥੇ ਕੋਈ ਰਾਜਾ ਆ ਵੱਸਿਆ ਹੋਵੇ।

ਪਾਤਸ਼ਾਹਣ ਦਾ ਪਿੰਡ ਕਾਫ਼ੀ ਵੱਡਾ ਹੈ, ਚਾਰ ਚੁਫੇਰੇ ਫੈਲਿਆ ਹੋਇਆ। ਫ਼ਸਲਾਂ ਦੀ ਮਹਿਕ ਦੇ ਘੁੱਟਾਂ ਵਿੱਚ ਜਿਉਂਦਾ। ਜਿਧਰ ਜਾਓ, ਮੁੱਕਣ ਦਾ ਨਾਂ ਨਹੀਂ ਸੀ ਲੈਂਦਾ। ਕਿਸੇ ਕ਼ਸਬੇ ਨਾਲ਼ੋਂ ਘੱਟ ਨਹੀਂ ਸੀ। ਪਰ ਜਾਪਦਾ ਏ ਕਿ ਜਦੋਂ ਇਸ ਇਲਾਕ਼ੇ ਵਿੱਚ ਰੇਲ ਬਣੀ ਤਾਂ ਕਈ ਪਿੰਡਾਂ, ਜਿਨ੍ਹਾਂ ਦੇ ਮੱਥੇ ਅੱਗੋਂ ਰੇਲ ਲੰਘੀ ਉਨ੍ਹਾਂ ਦੀ ਮਾਨਤਾ ਵਧ ਗਈ। ਉਹ ਪਿੰਡ ਅਥਵਾ ਕ਼ਸਬੇ ਸਾਰੇ ਦੇਸ ਨਾਲ਼ ਜੁੜ ਗਏ ਸਨ, ਪਿੱਛੋਂ ਉਨ੍ਹਾਂ ਵਿੱਚੋਂ ਕਈ ਪਿੰਡ ਵਪਾਰਕ ਕੇਂਦਰ ਬਣ ਗਏ। ਜਿਹੜੇ ਰੇਲ ਦੀ ਪਟੜੀਓਂ ਹਟਵੇਂ ਸਨ, ਉਨ੍ਹਾਂ ਦੀ ਮਾਨਤਾ ਓਨੀ ਨਾ ਰਹੀ। ਜਦੋਂ ਰਾਵਲਪਿੰਡੀ ਤੋਂ ਭੌਣਾਂ ਤੱਕ ਰੇਲਵੇ ਲਾਈਨ ਬਣੀ ਤਾਂ ਢੁਡਿਆਲ, ਸੁੱਧੋ ਆਦਿ ਪਿੰਡਾਂ ਦਾ ਮਾਣ ਵਧਿਆ ਤੇ ਪਾਤਸ਼ਾਹਣ ਜਾਣ ਲਈ ਢੁਡਿਆਲ ਰੇਲਵੇ ਸਟੇਸ਼ਨ ਉੱਤੇ ਉਤਰਨਾ ਪੈਂਦਾ ਹੈ। ਰੇਲਵੇ ਨੇ ਧਨ ਪੋਠੋਹਾਰ ਦਾ ਹੀ ਨਹੀਂ, ਸਾਰੇ ਪੰਜਾਬ ਦਾ ਭੂਗੋਲ ਹੀ ਬਦਲ ਦਿੱਤਾ।

ਧਨੀ ਤੇ ਪੋਠੋਹਾਰ ਦੇ ਪਿੰਡਾਂ ਦਾ ਸਰੂਪ ਇੱਕੋ-ਜਿਹਾ ਨਹੀਂ। ਪੋਠੋਹਾਰ ਪਹਾੜੀ ਇਲਾਕ਼ਾ ਹੈ। ਛੋਟੇ-ਛੋਟੇ ਪਿੰਡ ਜ਼ਿਆਦਾ ਹਨ। ਪਿੰਡ ਦੇ ਆਲ਼ੇ-ਦੁਆਲ਼ੇ ਖੇਤ ਹਨ ਤੇ ਖੇਤਾਂ ਦੇ ਨੇੜੇ ਢੋਕਾਂ। ਇਨ੍ਹਾਂ ਢੋਕਾਂ ਵਿੱਚ ਖੇਤਾਂ ਵਿੱਚ ਕੰਮ ਕਰਨ ਵਾਲ਼ੇ ਕਾਮੇ ਜਾਂ ਛੋਟੇ ਕਿਸਾਨ ਵੱਸਦੇ ਹਨ। ਕਿਧਰੇ ਇਕੱਲੀ-ਦੁਕੱਲੀ ਢੋਕ ਵੀ ਮਿਲ਼ਦੀ ਹੈ ਅਤੇ ਕਿਧਰੇ ਜ਼ਿਆਦਾ ਘਰਾਂ ਦੀ ਵੀ। ਪਰ ਆਮ ਤੌਰ ਉੱਤੇ ਗਿਣਤੀ ਦੀਆਂ ਢੋਕਾਂ ਹੀ ਇਕੱਲੀਆਂ ਵੇਖਣ ਨੂੰ ਮਿਲ਼ਦੀਆਂ ਹਨ। ਹਰ ਪਿੰਡ ਦੀਆਂ ਹੱਦਾਂ ਉਸ ਦੀਆਂ ਢੋਕਾਂ ਹੀ ਸਨ। ਪਿੰਡ ਦੇ ਸਮੁੱਚੇ ਪਰਿਵਾਰ ਦਾ ਇੱਕ ਹਿੱਸਾ। ਜਿਵੇਂ ਚੰਨ ਦੁਆਲ਼ੇ ਨਿੱਕੇ-ਨਿੱਕੇ ਤਾਰੇ।

ਪਰ ਧਨੀ ਦੇ ਪਿੰਡਾਂ ਵਿੱਚ, ਉੱਕਾ-ਦੁੱਕਾ ਛੱਡ ਕੇ, ਢੋਕਾਂ ਕਿਧਰੇ ਨਹੀਂ। ਪਿੰਡ ਹੀ ਵੱਧ ਘੱਟ ਫੈਲੇ ਹੋਏ ਹਨ। ਪੋਠੋਹਾਰ ਵਿੱਚ ਢੋਕਾਂ ਬਾਰੇ ਕਈ ਗੀਤ ਪ੍ਰਚੱਲਤ ਹਨ, ਜੋ ਲੋਕੀ ਲੰਘਦੇ ਜਾਂਦੇ ਗਾਉਂਦੇ ਰਹਿੰਦੇ ਹਨ: ਕਦੇ ਢੋਕ ਸਾਡੀ ਵੱਲ ਅੱਛ ਢੋਲਾ।

ਇਨ੍ਹਾਂ ਢੋਕਾਂ ਵਿੱਚ ਅਨੇਕਾਂ ਪ੍ਰੀਤਾਂ ਪਲ਼ਦੀਆਂ ਰਹੀਆਂ। ਰਹਿਮਤੇ ਦੀ ਢੋਕ ਪਤਾ ਨਹੀਂ ਕਿੱਥੇ ਸੀ, ਪਰ ਉਸ ਦੀ ਇਸ਼ਕ਼-ਕਥਾ ਲੋਕਾਂ ਦੀ ਧੜਕਣ ਬਣੀ ਰਹੀ। ਰਹਿਮਤੇ ਦੀ ਢੋਕ ਬੜੀ ਉੱਚੀ ਜਗ੍ਹਾ ਦੰਦੀ ਉੱਤੇ ਸੀ, ਹੇਠਾਂ ਪਾਣੀ ਦੀ ਬੰਨ੍ਹੀ ਸੀ। ਇੱਥੇ ਸਾਰਾ ਸਾਲ ਪਾਣੀ ਖੜ੍ਹਾ ਰਹਿੰਦਾ। ਤੇ ਨਾਲ਼ ਦੇ ਪਿੰਡਾਂ ਦੀਆਂ ਜ਼ਨਾਨੀਆਂ ਇੱਥੇ ਕੱਪੜੇ ਧੋਣ ਆਇਆ ਕਰਦੀਆਂ। ਰਹਿਮਤੇ ਦੀ ਢੋਕ ਵਿੱਚ ਨਾਦਰਾ ਰਹਿੰਦਾ ਸੀ, ਸੁਹਣਾ-ਸੁਣੱਖਾ ਗੱਭਰੂ। ਉਸ ਦੀ ਯਾਰੀ ਰੇਸ਼ਮਾ ਨਾਲ਼ ਸੀ। ਛੁਪ ਛੁਪ ਕੇ ਦੋਵੇਂ ਮਿਲ਼ਿਆ ਕਰਦੇ। ਪਰ ਢੋਕਾਂ ਵਿੱਚ ਰਹਿੰਦਾ ਨਾਦਰਾ ਰੇਸ਼ਮਾ ਨਾਲ਼ ਵਿਆਹ ਨਾ ਕਰ ਸਕਿਆ। ਨਾਦਰਾ ਖੇਤਾਂ ਦਾ ਰਾਖਾ ਤੇ ਰੇਸ਼ਮਾ ਕਿਸਾਨ ਦੀ ਧੀ। ਉੱਚੇ ਨੀਵੇਂ ਦਾ ਭੇਦ ਭਾਵ, ਜੋੜੀ ਕਿਵੇਂ ਬਣਦੀ। ਰੇਸ਼ਮਾ ਹੋਰ ਕਿਧਰੇ ਵਿਆਹੀ ਗਈ, ਪਰ ਮਨ ਕਰ ਕੇ ਉਹ ਹਮੇਸ਼ਾਂ ਨਾਦਰੇ ਨੂੰ ਪਤੀ ਕ਼ਬੂਲਦੀ ਰਹੀ।

Sri Satguru Jagjit Singh Ji eLibrary NamdhariElibrary@gmail.com

ਵਿਆਹ ਤੋਂ ਬਾਅਦ, ਨਾਦਰਾ ਰੇਸ਼ਮਾ ਨੂੰ ਕਦੇ ਨਾ ਮਿਲ਼ ਸਕਿਆ। ਰੇਸ਼ਮਾ ਨਾਲ਼ ਹਮੇਸ਼ਾਂ ਸੱਸ ਜਾਂ ਨਨਾਣ ਚਿਪਕੀ ਹੁੰਦੀ। ਪਰ ਉਹ ਜਦੋਂ ਵੀ ਪੇਕੇ ਆਉਂਦੀ ਉਹ ਉਸ ਕੱਸੀ ਉੱਤੇ ਮਾਂ ਨਾਲ਼ ਕੱਪੜੇ ਧੋਣ ਬੈਠਦੀ ਤੇ ਪੱਥਰ ਉੱਤੇ ਇਤਨੇ ਜ਼ੋਰ ਦੀ ਕੱਪੜੇ ਪਟਕਾਉਂਦੀ ਕਿ ਉਸ ਦੀ ਆਵਾਜ਼ ਗੂੰਜਦੀ ਹੋਈ, ਢੋਕਾਂ ਵਿੱਚ ਨਾਦਰੇ ਤੱਕ ਜਾ ਪੁੱਜਦੀ।

ਇੱਕ ਵਾਰੀ ਮਾਵਾਂ ਧੀਆਂ ਦੋਵੇਂ ਕੱਪੜੇ ਧੋਣ ਆਈਆਂ। ਮਾਂ ਨੂੰ ਕੋਈ ਗੱਲ ਯਾਦ ਆ ਗਈ ਤੇ ਉਹ ਰੇਸ਼ਮਾ ਨੂੰ ਇੱਕਲਿਆਂ ਛੱਡ ਕੇ ਘਰ ਪਰਤ ਗਈ। ਬੰਨ੍ਹੀ ਉੱਤੇ ਰੇਸ਼ਮਾ 'ਕੱਲੀ ਸੀ। ਉਸ ਨਾਦਰੇ ਨੂੰ ਹਾਕਾਂ ਮਾਰੀਆਂ। ਨਾਦਰੇ ਨੇ ਦੰਦੀ ਉੱਤੇ ਹੇਠਾਂ ਬੰਨ੍ਹੀ ਵੱਲ ਝਾਕਿਆ। ਰੇਸ਼ਮਾ ਤਾਂ ਸੱਚਮੁਚ ਇਕੱਲੀ ਸੀ। ਦੰਦੀ ਤੋਂ ਕੱਸੀ ਤੱਕ ਪਹੁੰਚਣ ਦਾ ਗੇੜ ਕਾਫ਼ੀ ਲੰਬਾ ਸੀ, ਅੱਧੇ ਮੀਲ ਦਾ ਪੈਂਡਾ। ਉਹ ਬੇਸਬਰਾ ਹੋ ਉਠਿਆ, ਤੇ 'ਆਇਆ ਰੇਸ਼ਮਾ' ਕਹਿੰਦਾ ਹੋਇਆ ਦੰਦੀ ਤੋਂ ਕੱਸੀ ਵਿੱਚ ਕੁੱਦ ਪਿਆ, ਮੰਦੇ ਭਾਗੀਂ ਉਹ ਪੱਥਰ ਉੱਤੇ ਜਾ ਵੱਜਾ ਤੇ ਡਿੱਗਦੇ ਸਾਰ ਪ੍ਰਾਣ ਨਿਕਲ ਗਏ। ਰੇਸ਼ਮਾ ਨੇ ਵੀ ਉਸੇ ਪੱਥਰ ਨਾਲ਼ ਸਿਰ ਪਟਕਾ ਪਟਕਾ ਕੇ ਪ੍ਰਾਣ ਤਿਆਗ ਦਿੱਤੇ। ਮਗਰੋਂ ਦੋਵਾਂ ਦਾ ਇਕੱਠਾ ਚੂਰਾ ਬਣਾ ਦਿੱਤਾ ਗਿਆ। ਲੰਘਦੇ ਲੋਕੀ ਦੀਵਾ ਬਾਲ਼ ਜਾਂਦੇ।

ਇੱਕ ਉੱਚੀ ਜਿਹੀ ਦੰਦੀ ਪਾਤਸ਼ਾਹਣੀ ਵੀ ਹੈ ਕੱਸੀ ਦੇ ਨਾਲ਼। ਤੇ ਉਸ ਬਾਰੇ ਵੀ ਕਈ ਦੰਦ-ਕਥਾਵਾਂ ਪ੍ਰਚੱਲਤ ਸਨ। ਜੋ ਹੁਣ ਭੁੱਲ-ਭੁਲਾ ਗਈਆਂ ਹਨ।

ਦੰਦੀ ਦੇ ਪੈਰਾਂ ਵਿੱਚ ਕੱਸੀ ਵਗਦੀ ਹੈ। ਦਾਦੀ ਜੀ ਦੱਸਦੇ ਕਿ ਇੱਥੇ ਦੰਦੀ ਉੱਤੇ ਜਮਾਲੋ ਦਾ ਕਦੇ ਕੰਵਾਰ-ਕੋਠਾ ਹੁੰਦਾ ਸੀ। ਜਮਾਲੋ ਜਿਤਨੀ ਸੁਹਣੀ ਸੀ, ਉਤਨੀ ਹੀ ਸੁਚੱਜੀ ਤੇ ਸਿਆਣੀ। ਉਹ ਜਿਸ ਮੁੰਡੇ ਨਾਲ਼ ਵਿਆਹ ਕਰਵਾਉਣਾ ਚਾਹੁੰਦੀ ਸੀ, ਉਸ ਨਾਲ਼ ਉਸ ਦਾ ਵਿਆਹ ਹੋ ਨਹੀਂ ਸੀ ਸਕਦਾ। ਉਹ ਮੁੰਡਾ ਕੰਮੀਆਂ ਦਾ ਸੀ ਛੋਟੀ ਬਰਾਦਰੀ ਵਿੱਚੋਂ। ਜਮਾਲੋ ਨੂੰ ਪਤਾ ਸੀ ਕਿ ਉਸ ਦਾ ਪਿਓ ਕਦੇ ਵੀ ਵਿਆਹ ਕਰਨ ਲਈ ਰਾਜ਼ੀ ਨਹੀਂ ਹੋਵੇਗਾ। ਇਸ ਲਈ ਉਸ ਨੇ ਚੁੱਪ ਸਾਧ ਲਈ ਤੇ ਫਿਰ ਜਦੋਂ ਉਸ ਦਾ ਰਿਸ਼ਤਾ ਕਿਧਰੇ ਆਉਂਦਾ, ਉਹ ਕਹਿੰਦੀ, "ਮੈਂ ਵਿਆਹ ਨਹੀਂ ਕਰਵਾਉਣਾ। ਮੈਨੂੰ ਕੰਵਾਰ-ਕੋਠਾ ਪਵਾ ਦਿਓ।"

ਬੀਜੀ ਦੱਸਦੇ, ਜਿਹੜੀ ਕੁੜੀ ਸਾਰੀ ਉਮਰ ਕੁਆਰੀ ਰਹਿਣਾ ਚਾਹੇ, ਉਸ ਵਾਸਤੇ ਕਿਧਰੇ ਵੱਖਰਾ ਕੋਠਾ ਬਣਾ ਦਿੱਤਾ ਜਾਂਦਾ। ਜਿੱਥੇ ਉਹ ਸਾਰੀ ਉਮਰ ਕੁਆਰਿਆਂ ਰਹਿ ਕੇ ਗੁਜ਼ਾਰਦੀ। ਇਹੋ ਜਿਹੀ ਕੁੜੀ ਉੱਤੇ ਮਰਦ ਦੀ ਨਜ਼ਰ ਨਹੀਂ ਪੈਣੀ ਚਾਹੀਦੀ। ਕਹਿੰਦੇ ਨੇ ਮਰਦ ਦੀ ਮੈਲ਼ੀ ਨਜ਼ਰ ਪੈਣ ਨਾਲ਼, ਕੁੜੀ ਦਾ ਮਨ ਵੀ ਮਲੀਨ ਹੋ ਜਾਂਦਾ ਹੈ ਤੇ ਉਹ ਸੁੱਚੀ ਨਹੀਂ ਰਹਿ ਸਕਦੀ।

ਤੇ ਇਹ ਕੰਵਾਰ-ਕੋਠਾ, ਇਸ ਦੰਦੀ ਉੱਤੇ ਹੀ ਬਣਿਆ ਹੋਇਆ ਸੀ। ਇੱਕ ਦਿਨ ਲੋਕਾਂ ਨੇ ਚਾਨਣੀ ਰਾਤ ਵਿੱਚ, ਦੰਦੀ ਉੱਤੇ ਦੋ ਪਰਛਾਵੇਂ ਤੁਰਦੇ ਵੇਖੇ। ਲੋਕੀ ਆਖਦੇ ਜਮਾਲੋ ਦੇ ਨਾਲ਼ ਉਹ ਦੂਜਾ ਪਰਛਾਵਾਂ ਉਸ ਦੇ ਆਸ਼ਿਕ਼ ਦਾ ਸੀ। ਉਸ ਰਾਤ ਬੜਾ ਝੱਖੜ ਝੁੱਲਿਆ। ਤੇਜ਼ ਹਵਾ ਨੇ ਉਹ ਭੰਗੜਾ ਪਾਇਆ ਕਿ ਰਹੇ ਰੱਬ ਦਾ ਨਾਂ। ਸਵੇਰੇ ਜਦੋਂ ਲੋਕੀ ਜਾਗੇ ਤਾਂ ਨਾ ਜਮਾਲੋ ਸੀ ਤੇ ਨਾ ਉਸ ਦੀ ਝੁੱਗੀ। ਕੋਈ ਕਹਿੰਦਾ ਜਮਾਲੋ ਕੱਸੀ ਵਿੱਚ ਡਿਗ ਕੇ ਰੁੜ੍ਹ ਗਈ ਸੀ। ਕੋਈ ਕਹਿੰਦਾ ਉਹ ਆਪਣੇ ਆਸ਼ਿਕ਼ ਨਾਲ਼ ਨੱਠ ਗਈ ਸੀ।

ਦੰਦੀ ਦੇ ਇਲਾਵਾ ਪਿੰਡ ਦੇ ਜੁਗਰਾਫ਼ੀਏ ਵਿੱਚ ਢੱਕੀ ਤੇ ਕੱਸੀ ਦੀ ਭੂਮਿਕਾ ਵੀ ਖ਼ਾਸ ਹੈ। ਢੱਕੀਆਂ ਇਸ ਇਲਾਕ਼ੇ ਵਿੱਚ ਕਾਫ਼ੀ ਹਨ, ਪਰ ਇਹ ਢੱਕੀ ਕਾਫ਼ੀ ਲੰਬੀ ਤੇ ਵਲ ਖਾਂਦੀ ਹੈ। ਇਤਨੀ ਉਚਾਈ ਤੇ ਬਣੀ ਢੱਕੀ ਇਲਾਕ਼ੇ ਵਿੱਚ ਹੋਰ ਕਿਧਰੇ ਨਹੀਂ ਸੀ ਉੱਭਰੀ। ਢੱਕੀ ਦਾ ਹੇਠਲਾ ਸਿਰਾ ਕੱਸੀ ਨਾਲ਼ ਜਾ ਜੁੜਦਾ ਸੀ ਤੇ ਉਪਰਲਾ ਸਿਰਾ ਪਿੰਡ ਨਾਲ਼। ਇਹ ਢੱਕੀ ਘੱਟੋ-ਘੱਟ ਇੱਕ ਵਾਰ ਰੋਜ਼ ਉਤਰਨੀ ਚੜ੍ਹਨੀ ਪੈਂਦੀ। ਇਸ ਢੱਕੀ ਦੇ ਪੈਰਾਂ ਵਿੱਚ ਖੂਹੀ ਸੀ, ਜਿੱਥੇ ਅਸੀਂ ਸਵੇਰੇ ਰੋਜ਼ ਨਹਾਉਣ ਲਈ ਆਉਂਦੇ ਸਾਂ। ਇਸ ਖੂਹੀ ਨੂੰ ਵੇਖ ਕੇ ਅਹਿਸਾਸ ਹੁੰਦਾ ਕਿ ਪਾਣੀ ਸੱਚਮੁੱਚ ਦੇਵਤਾ ਹੈ। ਸੁਆਣੀਆਂ ਸਿਰਾਂ ਉੱਤੇ ਦੋ-ਦੋ ਤਿੰਨ-ਤਿੰਨ ਘੜੇ ਚੁੱਕੀ ਇਉਂ ਢੱਕੀ ਚੜ੍ਹਦੀਆਂ ਸਨ ਜਿਵੇਂ ਉਹ ਕਿਸੇ ਧਰਮ ਕਾਰਜ ਵਿੱਚ ਰੁੱਝੀਆਂ ਹੋਣ।

ਦਾਦੀ ਜੀ ਕਹਾਣੀ ਪਾਇਆ ਕਰਦੇ ਸਨ ਕਿ ਪੁਰਾਣੇ ਵੇਲਿਆਂ ਵਿੱਚ ਰਿਸ਼ੀਆਂ ਦੀਆਂ ਤੀਵੀਂਆਂ ਦਰਿਆ ਤੋਂ ਪਾਣੀ ਲੈਣ ਜਾਂਦੀਆਂ ਤੇ ਉਹ ਦਰਿਆ ਦੇ ਕੰਢੇ ਪਈ ਰੇਤ ਦਾ ਕੱਚਾ ਘੜਾ ਬਣਾ ਕੇ, ਉਸ ਵਿੱਚ ਆਪਣੇ ਰਿਸ਼ੀ ਪਤੀ ਦਾ ਨਾਂ ਲੈ ਕੇ ਪਾਣੀ ਭਰ ਲੈਂਦੀਆਂ। ਉਹ ਪਾਣੀ ਰੇਤ ਦੇ ਕੱਚੇ ਘੜੇ ਵਿੱਚ ਵੀ ਟਿਕ ਜਾਂਦਾ ਤੇ ਕੱਚੇ ਘੜੇ ਨੂੰ ਪਾਣੀ ਕਦੇ ਨਾ ਖੋਰਦਾ। ਪਰ ਇੱਕ ਰਿਸ਼ੀ ਦੀ ਪਤਨੀ, ਮਾਈ ਧੰਨੋ, ਪਾਣੀ ਨੂੰ ਦਰਿਆ ਵਿੱਚੋਂ ਇਉਂ ਚੁੱਕ ਲਿਆਉਂਦੀ ਜਿਵੇਂ ਉਹ ਬਰਫ਼ ਦਾ ਢੇਲਾ ਹੋਵੇ। ਰਾਹ 'ਚ ਇੱਕ ਬੂੰਦ ਵੀ ਨਾ ਟਪਕਦੀ। ਇਹ ਸਭ ਸ਼ਕਤੀ, ਧੰਨੋ ਕੋਲ਼ ਸਤ ਸਦਕ਼ਾ ਸੀ। ਤਿੰਨ-ਤਿੰਨ ਚਾਰ-ਚਾਰ ਘੜੇ, ਪਾਣੀ ਨਾਲ਼ ਭਰੇ। ਨੱਕੋ-ਨੱਕ ਸਵਾਣੀਆਂ ਇਓਂ ਚੁੱਕਦੀਆਂ ਜਿਵੇਂ ਘੜੇ ਸਿਰਾਂ ਉੱਤੇ ਨਹੀਂ ਹਵਾ ਵਿੱਚ ਤਰ ਰਹੇ ਹੋਣ। ਉਫ਼ ਤੱਕ ਨਾ ਕਰਦੀਆਂ। ਜਿਵੇਂ ਜਲ ਦੇਵਤੇ ਦੀ ਪਾਲਕੀ ਹੋਵੇ। ਇੱਥੋਂ ਦੇ ਗੀਤਾਂ ਵਿੱਚ ਇਨ੍ਹਾਂ ਉੱਚੀਆਂ ਢੱਕੀਆਂ ਦਾ ਵਰਣਨ ਹੈ:

ਵੱਸਣਾ ਔਖਾ ਪਿੰਡ ਪਾਤਸ਼ਾਹਣੀ, ਉੱਚੀਆਂ ਢੱਕੀਆਂ ਤੇ ਨੀਵਾਂ ਪਾਣੀ

ਇਸ ਢੱਕੀ ਨੂੰ ਵਰ ਵੀ ਮਿਲ਼ਿਆ ਹੋਇਆ ਹੈ। ਕਹਿੰਦੇ ਹਨ ਇੱਕ ਵਾਰ ਕਿਸੇ ਗਰਭਵਤੀ ਨੂੰ, ਉਸ ਦੀ ਸੱਸ ਨੇ ਢੱਕੀ ਤੋਂ ਦੋ ਘੜੇ ਪਾਣੀ ਦੇ ਭਰ ਕੇ ਲਿਆਉਣ ਲਈ ਕਹੇ। ਇੱਕ ਉਸ ਦਾ ਜਿਸਮ ਦਾ ਅੰਦਰਲਾ ਬੋਝ, ਦੂਜਾ ਦੋ ਨੱਕੋ-ਨੱਕ ਭਰੇ ਘੜੇ, ਤੀਜਾ ਉੱਚੀ ਢੱਕੀ। ਘੜੇ ਤਾਂ ਉਸ ਭਰ ਲਏ, ਪਰ ਚੜ੍ਹਨ ਦਾ ਸਾਹਸ ਕੌਣ ਕਰੇ, ਡਰਦੀ ਕਿਧਰੇ ਪੈਰ ਤਿਲ੍ਹਕਿਆ ਤਾਂ ਉਸ ਦਾ ਆਪਣਾ ਘਾਤ ਤਾਂ

Sri Satguru Jagjit Singh Ji eLibrary NamdhariElibrary@gmail.com

ਹੋਣਾ ਹੀ ਸੀ, ਅੰਦਰਲੇ ਜੀਅ ਦਾ ਕੀ ਬਣੂੰ? ਉਹ ਢੱਕੀ ਦੇ ਮੁੱਢ ਬੈਠ ਗਈ, ਕੋਈ ਪੀਰ ਉਧਰੋਂ ਦੀ ਲੰਘਿਆ। ਉਸ ਨੇ ਮੁਟਿਆਰ ਨੂੰ ਨਿੰਮੋਝੂਣਾ ਵੇਖ ਕੇ ਪੁੱਛਿਆ, "ਬੇਟੀ, ਕਿਉਂ ਉਦਾਸ ਹੈਂ?"

ਤਾਂ ਮੁਟਿਆਰ ਨੇ ਸਾਰੀ ਗੱਲ ਸੁਣਾ ਕੇ, ਆਪਣਾ ਡਰ ਪ੍ਰਗਟ ਕੀਤਾ। "ਜਾ ਚੜ੍ਹ ਜਾ, ਪ੍ਰਾਣੀ ਤੈਨੂੰ ਕੁੱਝ ਨਹੀਂ ਹੋਵੇਗਾ।" ਪੀਰ ਮਿਹਰ ਦੇ ਘਰ ਆ ਗਿਆ। "ਅੱਜ ਤੋਂ ਬਾਅਦ ਇਸ ਢੱਕੀ 'ਤੇ ਘੜੇ ਚੁੱਕ ਕੇ ਜੋ ਸੁਆਣੀ ਚੜ੍ਹੇਗੀ, ਉਸ ਨੂੰ ਘੜਿਆਂ ਦਾ ਭਾਰ ਮਹਿਸੂਸ ਨਹੀਂ ਹੋਵੇਗਾ।" ਕਹਿੰਦੇ ਨੇ ਓਦੋਂ ਤੋਂ ਮੁਟਿਆਰਾਂ ਦੋ-ਦੋ ਤਿੰਨ-ਤਿੰਨ ਘੜੇ ਚੁੱਕੀ ਢੱਕੀ ਚੜ੍ਹ ਜਾਂਦੀਆਂ, ਘੜੇ ਜਿਵੇਂ ਹਵਾ ਵਿੱਚ ਤਰਦੇ ਹੋਣ।

ਇਸ ਪਿੰਡ ਦੀ ਦੂਜੀ ਧਿਆਨ ਖਿੱਚਣ ਵਾਲ਼ੀ ਚੀਜ਼, ਢੱਕੀ ਦੇ ਪੈਰਾਂ ਵਿੱਚ ਵਗਦੀ ਕੱਸੀ ਹੈ। ਜਦੋਂ ਕਦੀ ਮੀਂਹ ਵੱਸਦਾ ਇਹ ਕੱਸੀ ਆਲ਼ੇ-ਦੁਆਲ਼ੇ ਦੇ ਇਲਾਕ਼ੇ ਦੇ ਸਾਰੇ ਪਾਣੀ ਨੂੰ ਸਮੇਟ ਕੇ ਭਰੀ-ਭਕੁੰਨੀ ਹੋ ਕੇ ਵਗ ਤੁਰਦੀ, ਕਦੇ ਆਫਰੀ ਹੁੰਦੀ, ਕਦੇ ਸਿਮਟੀ ਹੋਈ। ਪਰ ਬਹੁਤੀ ਵਾਰ ਇੱਥੇ ਸੁੱਕੀ ਰੇਤ ਹੀ ਬਿਖਰੀ ਹੁੰਦੀ। ਜਦੋਂ ਕੱਸੀ ਸੁੱਕੀ ਹੁੰਦੀ, ਅਸੀਂ ਖੂਹ ਤੇ ਨ੍ਹਾਉਣ ਆਏ ਰੇਤ ਵਿੱਚ ਖ਼ੂਬ ਖੇਡਦੇ। ਕੱਸੀ ਦੀ ਰੇਤ ਜੇ ਗੋਡੇ ਗੋਡੇ ਖੋਦੀਏ, ਤਾਂ ਹੇਠੋਂ ਪਾਣੀ ਨਿਕਲ ਆਉਂਦਾ। ਇਹ ਪਾਣੀ ਕੱਢ ਕੇ ਮੈਨੂੰ ਹਮੇਸ਼ਾਂ ਖ਼ੁਸ਼ੀ ਮਿਲ਼ਦੀ। ਜਿਵੇਂ ਇਹ ਪਾਣੀ ਮੈਂ ਖ਼ੁਦ ਸਿਰਜਿਆ ਹੋਵੇ। ਆਪਣਾ ਕੱਢਿਆ ਪਾਣੀ।

ਇੱਕ ਵਾਰ, ਮੈਂ ਕੱਸੀ ਵਿੱਚ ਰੇਤ ਖੋਦ ਕੇ ਪਾਣੀ ਕੱਢ ਰਿਹਾ ਸਾਂ, ਮੇਰੀ ਵੱਡੀ ਭੈਣ ਵੀ ਮੇਰੇ ਕੋਲ਼ ਬੈਠੀ ਖੇਡ ਰਹੀ ਸੀ। ਜਦੋਂ ਹੇਠੋਂ ਪਾਣੀ ਨਿਕਲਿਆ ਤਾਂ ਮੈਂ ਨੱਚਣ-ਕੁੱਦਣ ਲੱਗਾ।

"ਰੇਤ ਹੇਠੋਂ ਪਾਣੀ ਕਿੱਥੋਂ ਆਉਂਦਾ ਹੈ?" ਮੈਂ ਭੈਣ ਤੋਂ ਪੁੱਛਿਆ।

"ਧਰਤੀ ਹੇਠਾਂ ਪਾਣੀ ਹੁੰਦਾ ਏ।" ਭੈਣ ਨੇ ਦੱਸਿਆ।

"ਧਰਤੀ ਪਾਣੀ ਵਿੱਚ ਡੁੱਬਦੀ ਕਿਉਂ ਨਹੀਂ?" ਮੈਂ ਹੈਰਾਨ ਹੋ ਕੇ ਕਿਹਾ।

"ਧਰਤੀ ਹੇਠਾਂ ਗਊ ਮਾਤਾ ਏ, ਜਿਸ ਨੇ ਪਾਣੀ ਵਿੱਚ ਖਲੋ ਕੇ ਧਰਤੀ ਨੂੰ ਸਿੰਗਾਂ ਉੱਤੇ ਚੁੱਕਿਆ ਹੋਇਆ ਏ।" ਲੋਕ ਸੰਸਕ੍ਰਿਤੀ ਵਿੱਚ ਤਾਂ ਇਹ ਗੱਲਾਂ ਮਨਾਂ ਨੂੰ ਟੁੰਬਦੀਆਂ ਹਨ।

ਇੱਕ ਵਾਰ ਕੱਸੀ ਦੀ ਰੇਤ ਵਿੱਚ ਮੈਂ ਪਾਣੀ ਕੱਢਿਆ। ਤੇ ਫਿਰ ਪਾਣੀ ਡੂੰਘਾ ਕਰਨ ਲਈ ਮੈਂ ਵੱਡਾ ਸਾਰਾ ਡੰਡਾ ਉਸ ਪਾਣੀ ਵਿੱਚ ਮਧਾਣੀ ਵਾਂਙ ਫੇਰਨ ਲੱਗਾ, ਤਾਂ ਭੈਣ ਵਰਜਦੀ ਹੋਈ ਕਹਿਣ ਲੱਗੀ, "ਇਉਂ ਨਾ ਕਰ। ਜੇ ਇਹ ਡੰਡਾ ਗਊ ਦੇ ਸਿਰ ਉੱਤੇ ਜਾ ਲੱਗਾ ਤਾਂ ਗਊ ਵਿਚਾਰੀ ਮਰ ਜਾਵੇਗੀ ਤੇ ਧਰਤੀ ਸਮੁੰਦਰ ਵਿੱਚ ਜਾ ਡਿੱਗੇਗੀ।" ਭੈਣ ਨੇ ਮੈਨੂੰ ਇਤਨਾ ਡਰਾਇਆ ਕਿ ਮੈਂ ਡੰਡਾ ਫੇਰਨਾ ਬੰਦ ਕਰ ਦਿੱਤਾ।

ਅੱਜ ਮੈਂ ਸੋਚਦਾ ਹਾਂ ਕਿ ਬਚਪਣ ਵਿੱਚ ਜੋ ਕੁੱਝ ਅਸੀਂ ਸੁਣਦੇ-ਸਮਝਦੇ ਸਾਂ, ਉਹ ਸਭ ਸਾਡੇ ਲਈ ਸੱਚ ਹੁੰਦਾ ਸੀ। ਮਿਥਕ ਕਥਾ ਵੀ ਸਾਡੇ ਲਈ ਵਾਸਤਵਿਕ ਦ੍ਰਿਸ਼ਟਮਾਨ ਸੀ। ਸ਼ਾਇਦ ਆਦਮ ਅਵਸਥਾ ਵਿੱਚ ਮਨੁੱਖ ਦਾ ਬਾਲ-ਮਨ ਵੀ ਇਸੇ ਤਰ੍ਹਾਂ ਕਲਪਨਾ ਤੇ ਯਥਾਰਥ ਵਿੱਚ ਅੰਤਰ ਨਹੀਂ ਸਮਝਦਾ ਹੋਣਾ। ਉਸ ਲਈ ਮਿਥ ਜੋ ਨਿਰੋਲ ਕਲਪਨਾ ਹੈ ਕਿਤਨੀ ਵਾਸਤਵਿਕਤਾ ਰੱਖਦੀ ਹੋਵੇਗੀ। ਉਸ ਯੁਗ ਦਾ ਸੰਸਾਰ ਕਿਤਨਾ ਅਲੌਕਿਕ ਹੋਵੇਗਾ– ਮਿਥ ਨੂੰ ਸੱਚ ਮੰਨਣ ਵਾਲ਼ਾ ਸੰਸਾਰ। ਸਾਰਾ ਸੱਚ ਝੂਠ ਸੀ, ਪਰ ਸੱਚ ਤਾਂ ਵਿਚਾਰਾਂ ਦੀ ਮਾਨਤਾ ਦਾ ਹੀ ਰੂਪ ਸੀ।

ਭਾਬੀ ਜੀ ਦੱਸਦੇ ਹਨ ਕਿ ਇੱਕ ਵਾਰ ਤੂੰ ਭੈਣ ਨਾਲ਼ ਖ਼ੂਬ ਲੜਿਆ ਸੀ। ਭੈਣ ਰੁੱਸੀ ਬੈਠੀ ਸੀ। ਬੜਾ ਮਨਾਇਆ, ਉਹ ਨਾ ਮੰਨੀ। ਹਾਰ ਕੇ ਤੂੰ ਕਿਹਾ, "ਨਾ ਮੰਨ, ਮੈਂ ਧਰਤੀ ਹੇਠਲੀ ਉਸ ਗਊ ਨੂੰ ਧਰਤੀ ਵਿੱਚ ਡਾਂਗਾਂ ਮਾਰ-ਮਾਰ ਕੇ ਖ਼ਤਮ ਕਰ ਦਿਆਂਗਾ," ਤਾਂ ਭੈਣ ਨੇ ਮੈਨੂੰ ਗਲਵੱਕੜੀ ਵਿੱਚ ਲੈ ਲਿਆ। "ਨਾ ਵੀਰ, ਮੈਂ ਵਾਰੀ ਇਹ ਨਾ ਕਰੀਂ, ਮੈਂ ਤੇਰੇ ਨਾਲ਼ ਕਦੇ ਨਹੀਂ ਰੁੱਸਾਂਗੀ।"

ਪਿੰਡ ਦੀ ਇੱਕ ਹੋਰ ਅਹਿਮ ਥਾਂ ਬੰਨ੍ਹੀ ਸੀ। ਬੰਨ੍ਹੀ ਇੱਕ ਤਰ੍ਹਾਂ ਦਾ ਛੱਪੜ ਹੈ। ਇਸ ਵਿੱਚ ਆਮ ਤੌਰ ਤੇ ਬਰਸਾਤ ਦਾ ਪਾਣੀ ਇਕੱਠਾ ਹੁੰਦਾ ਸੀ ਤੇ ਗਰਮੀਆਂ ਵਿੱਚ ਸੁੱਕ ਜਾਂਦਾ। ਪੰਜਾਬ ਦੇ ਪਿੰਡਾਂ ਵਿੱਚ ਬੰਨ੍ਹੀਆਂ ਤੇ ਛੱਪੜਾਂ ਦੀ ਬੜੀ ਅਹਿਮ ਭੂਮਿਕਾ ਰਹੀ ਹੈ। ਇਹ ਪਿੰਡ ਦੇ ਪਾਣੀ ਦਾ ਜਜ਼ੀਰਾ ਹੀ ਨਹੀਂ ਹੁੰਦਾ, ਜਿੱਥੇ ਕਿ ਪਿੰਡ ਦੇ ਲੋਕ ਨ੍ਹਾਉਂਦੇ, ਕੱਪੜੇ ਧੋਂਦੇ, ਪਸ਼ੂਆਂ ਨੂੰ ਪਾਣੀ ਪਿਆਉਂਦੇ, ਸਗੋਂ ਪਿੰਡ ਦਾ ਵੱਡਾ ਤੀਰਥ ਵੀ। ਇੱਥੇ ਹੀ ਪਿੰਡ ਦੇ ਸਾਰੇ ਦੇਵੀ ਦੇਵਤੇ ਤੇ ਪੀਰ, ਫ਼ਕੀਰ, ਖੇਤਰਪਾਲ, ਖੇੜਾ, ਸਤੀਆਂ ਆਦਿ ਦਾ ਸੰਸਾਰ ਵੱਸਦਾ ਹੈ। ਇੱਥੇ ਹੀ ਮੰਨਤਾਂ ਮੰਨੀਆਂ ਜਾਂਦੀਆਂ, ਸੁੱਖਾਂ ਪੂਰੀਆਂ ਹੋਣ ਉੱਤੇ ਭੇਟਾਂ ਦਿੱਤੀਆਂ ਜਾਂਦੀਆਂ। ਸਰੀਰ ਦੀ ਸਫ਼ਾਈ ਪਾਣੀ ਦੇ ਇਸ਼ਨਾਨ ਨਾਲ਼ ਹੁੰਦੀ ਹੈ ਤੇ ਮਨ ਦੀਆਂ ਮੁਰਾਦਾਂ ਇਨ੍ਹਾਂ ਦੇਵੀ ਦੇਵਤਿਆਂ ਤੋਂ ਮਿਲ਼ਦੀਆਂ ਹਨ। ਮੁਸਲਮਾਨੀ ਪਿੰਡਾਂ ਵਿੱਚ ਕਿਸੇ ਪੀਰ ਦੀ ਖ਼ਾਨਗਾਹ/ਕ਼ਬਰ, ਛੱਪੜ ਜਾਂ ਬੰਨ੍ਹੀ ਦੇ ਕੰਢੇ ਹੀ ਹੁੰਦੀ ਹੈ, ਜਿੱਥੇ ਸ਼ਰਧਾਲੂ ਜੁਮੇਰਾਤ ਨੂੰ ਦੀਵੇ ਬਾਲ਼ ਕੇ ਰੱਖ ਜਾਂਦੇ।

ਇਸ ਬੰਨ੍ਹੀ ਦੀ ਵੀ ਇਹੋ ਭੂਮਿਕਾ ਸੀ। ਮੈਂ ਸਕੂਲ ਜਾਂਦਾ ਬੰਨ੍ਹੀ ਕੋਲੋਂ ਦੀ ਲੰਘਦਾ ਸਾਂ। ਬਰਸਾਤਾਂ ਦੇ ਦਿਨੀਂ ਲੰਬੇ ਵਲੇਵੇਂ ਪਾਉਣੇ ਪੈਂਦੇ। ਪਰ ਕਦੇ ਕਦੇ ਬੰਨ੍ਹੀ ਤੇ ਬੀਜੀ ਜਦੋਂ ਕੱਪੜੇ ਧੋਣ ਜਾਂਦੇ, ਤਾਂ ਮੈਂ ਵੀ ਉਨ੍ਹਾਂ ਦੇ ਨਾਲ਼ ਤੁਰ ਪੈਂਦਾ। ਬੀਜੀ ਕੱਪੜੇ ਧੋਂਦੇ ਤੇ ਮੈਂ ਖਿਲਾਰ ਦੇਂਦਾ। ਸਵੇਰੇ ਸਕੂਲ ਜਾਣ ਵੇਲ਼ੇ ਬੰਨ੍ਹੀ ਮੈਨੂੰ ਪਾਣੀ ਦਾ ਅੰਬਾਰ ਹੀ ਨਜ਼ਰ ਆਉਂਦੀ। ਢੇਰ ਸਾਰਾ ਖਲੋਤਾ ਪਾਣੀ, ਜਿਸ ਵਿੱਚ ਕੋਈ ਧੜਕਣ ਨਹੀਂ ਸੀ। ਕਿਧਰੇ ਕੋਈ ਬੁਲਬੁਲਾ ਨਹੀਂ, ਸ਼ਾਂਤ ਤੇ ਸਥਿਰ ਜੋਗੀ ਵਾਂਙ। ਪਰ ਜਦੋਂ ਬੀਜੀ ਨਾਲ਼ ਕੱਪੜੇ ਧੋਣ ਆਉਂਦਾ, ਤਾਂ ਇਸ ਦੀ ਰੁੱਤ ਬਦਲੀ ਹੋਈ ਲੱਗਦੀ। ਦੂਰ ਤੱਕ ਰੰਗ-ਬਰੰਗੇ ਕੱਪੜੇ ਖਿੱਲਰੇ ਹੁੰਦੇ। ਸੁਆਣੀਆਂ ਅੱਧ-ਨੰਗੀਆਂ ਤੇ ਅੱਧ-ਕੱਜੀਆਂ

Sri Satguru Jagjit Singh Ji eLibrary NamdhariElibrary@gmail.com

ਪਟੜੀਆਂ ਤੇ ਕੱਪੜੇ ਧੋ ਰਹੀਆਂ ਹੁੰਦੀਆਂ, ਕੱਪੜਿਆਂ ਦੀ ਮੈਲ਼ ਉਤਾਰਦੀਆਂ ਉਹ ਮਨ ਦਾ ਭਾਰ ਹੌਲ਼ਾ ਕਰਨ ਲਈ ਆਪਣੀਆਂ ਸੱਸਾਂ ਨਨਾਣਾਂ ਵਿਰੁੱਧ ਸਾਰਾ ਗ਼ੁਬਾਰ ਇੱਥੇ ਹੀ ਕੱਢ ਜਾਂਦੀਆਂ। ਤਨ ਦੇ ਕੱਪੜੇ ਵੀ ਹੌਲ਼ੇ ਕਰ ਜਾਂਦੀਆਂ ਤੇ ਮਨ ਦੇ ਕੱਪੜੇ ਵੀ। ਪੱਥਰਾਂ ਉੱਤੇ ਪਏ ਜਾਂ ਨਨਾਣਾਂ ਦੇ ਕੱਪੜੇ ਨੂੰ ਕੁੱਟਦਿਆਂ ਜਿਵੇਂ ਉਹ ਇੱਕ ਇੱਕ ਵਧੀਕੀ ਦਾ ਬਦਲਾ ਲੈ ਰਹੀਆਂ ਹੋਣ।

"ਨੀ, ਸੱਸੂ ਦੀ ਪੇਪਣੀ ਲੀਰ ਲੀਰ ਹੋ ਜਾਸੀ। ਇਤਨੀ ਜ਼ੋਰ ਦੀ ਨਾ ਪਟਕਾ।" ਕਦੇ ਕਦੇ ਕੋਈ ਤੀਵੀਂ ਆਪਣੇ ਨਾਲ਼ ਕੱਪੜੇ ਧੋਣ ਆਈ ਗੁਆਂਢਣ ਨੂੰ ਕਹਿੰਦੀ, "ਉਹ ਵੀ ਤਾਂ ਸਾਰਾ ਦਿਨ ਮਿਘੀ ਤਾਈ ਰੱਖਦੀ ਏ, ਮੇਰਾ ਦਿਲ ਉਸ ਛਾਣਨੀ ਕਰ ਛੱਡਿਐ। ਮੈਂ ਤਾਂ ਉਸ ਦੀ ਪੇਪਣੀ ਸਿਰਫ਼ ਛਾਣਨੀ ਕਰਦੀ ਪਈ ਆਂ।"

ਦੂਜੀ ਗੱਲ, ਇਸ ਬੰਨ੍ਹੀ ਬਾਰੇ ਜਿਹੜੀ ਮੈਨੂੰ ਯਾਦ ਏ, ਉਹ ਇਹ ਕਿ ਇੱਕ ਵਾਰ ਮੈਂ ਬੰਨ੍ਹੀ ਵਿੱਚ ਨ੍ਹਾਉਂਦਾ ਪਾਣੀ ਅੰਦਰ ਬਹੁਤ ਅੱਗੇ ਨਿਕਲ਼ ਗਿਆ। ਮੈਨੂੰ ਤਰਨਾ ਨਹੀਂ ਸੀ ਆਉਂਦਾ, ਪਰ ਮੈਂ ਬੰਨ੍ਹੀ ਦੀ ਥਾਹ ਪਾਉਣਾ ਚਾਹੁੰਦਾ ਸਾਂ। ਬੁੱਕਾਂ ਨਾਲ਼ ਦਰਿਆ ਨਾਪਣ ਵਾਲ਼ੀ ਗੱਲ। ਬੀਜੀ ਕੰਢੇ ਉੱਤੇ ਬੈਠੇ ਕੱਪੜੇ ਧੋ ਰਹੇ ਸਨ ਤੇ ਮੈਂ ਕ਼ਦਮ ਕ਼ਦਮ ਅੱਗੇ ਵਧਾਉਂਦਾ, ਗਹਿਰਾਈ ਵੱਲ ਵਧ ਰਿਹਾ ਸਾਂ। ਖਾਣੀ ਮੇਰੇ ਗਲ਼-ਗਲ਼ ਸੀ। ਅਗਲਾ ਕ਼ਦਮ ਪੁੱਟਿਆ, ਤਾਂ ਰੋਤਾ ਜਿਹਾ ਆ ਗਿਆ ਤੇ ਪੈਰ ਲੜਖੜ੍ਹਾ ਗਏ। ਮੈਂ ਪੂਰੀ ਤਾਕਤ ਨਾਲ਼ ਆਪਣੇ ਆਪ ਨੂੰ ਸੰਭਾਲਿਆ ਤੇ ਪੈਰ ਪੱਕੇ ਕੀਤੇ। ਇਤਨੀ ਵੱਡੀ ਬੰਨ੍ਹੀ ਤੇ ਇਤਨਾ ਗਹਿਰਾ ਪਾਣੀ, ਮੈਂ ਡੁੱਬ ਵੀ ਸਕਦਾ ਸਾਂ। ਜਿਵੇਂ ਕਹਿੰਦੇ ਨੇ ਮੱਛੀ ਪੱਥਰ ਚੱਟ ਕੇ ਪਰਤਦੀ ਹੈ, ਮੈਂ ਵੀ ਮੌਤ ਨੂੰ ਛੋਹ ਕੇ ਪਰਤਿਆ ਸਾਂ। ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਦੇ ਉਹ ਪਲ, ਮੈਨੂੰ ਕਦੇ ਵੀ ਨਹੀਂ ਭੁੱਲੇ। ਇੱਕ ਚਾਨਣ ਤੋਂ ਹਨੇਰੇ ਵੱਲ ਦੀ ਯਾਤਰਾ, ਕਿਸੇ ਉਮਰ ਵਿੱਚ ਵੀ ਕੋਈ ਨਹੀਂ ਚਾਹੁੰਦਾ। ਪਰ ਉਮਰ ਦੇ ਪਹਿਲੇ ਪੜਾਅ ਤੇ ਤਾਂ ਲੋਚਾਂ ਹੀ ਵੱਖਰੀਆਂ ਹੁੰਦੀਆਂ ਹਨ। ਹਰ ਬੂਹਾ ਜ਼ਿੰਦਗੀ ਵੱਲ ਖੋਲ੍ਹਣ ਦੀਆਂ। ਸਭ ਬੂਹੇ ਬਾਰੀਆਂ ਖੋਲ੍ਹ ਕੇ, ਜ਼ਿੰਦਗੀ ਨੂੰ ਅਲਫ਼-ਨੰਗੇ ਰੂਪ ਵਿੱਚ ਵੇਖਣ ਦੀਆਂ ਰੀਝਾਂ।

ਪਰ ਬੰਨ੍ਹੀ ਦੀ ਥਾਹ ਮੈਂ ਇੱਕ ਦਿਨ ਪਾ ਲਈ ਸੀ। ਜੇਠ-ਹਾੜ ਦੇ ਦਿਨ ਸਨ, ਬੰਨ੍ਹੀ ਦਾ ਪਾਣੀ ਇਨ੍ਹੀਂ ਦਿਨੀਂ ਸੁੱਕ ਜਾਂਦਾ ਸੀ। ਸਾਰੀ ਬੰਨ੍ਹੀ ਵਿੱਚ ਚੁਲ਼ੀ ਭਰ ਪਾਣੀ ਨਾ ਮਿਲ਼ਦਾ। ਅਸੀਂ ਫਿਰ ਦੜੰਗੇ ਮਾਰਦੇ ਫਿਰਦੇ। ਬੰਨ੍ਹੀ ਦੇ ਡੂੰਘੇ ਤੋਂ ਡੂੰਘੇ ਟੋਇਆਂ ਵਿੱਚ ਜਾ ਛੁਪਦੇ। ਸਕੂਲੋਂ ਵਾਪਸ ਘਰ ਜਾਂਦੇ ਲੁਕਣ-ਮੀਟੀ ਖੇਡਦੇ।

ਇੱਕ ਵਾਰ ਅਸੀਂ ਇੱਥੇ ਕੁੱਝ ਮਜ਼ਦੂਰ ਸੱਚੇ ਨਾਲ਼ ਇੱਟਾਂ ਬਣਾਉਂਦੇ ਵੇਖੇ। ਸੱਚੇ ਵਿੱਚ ਗਾਰਾ ਪਾ ਕੇ ਖ਼ੂਬਸੂਰਤ-ਜਿਹੀ ਇੱਟ ਘੜ ਲੈਣੀ। ਬੜਾ ਚਾਅ ਚੜ੍ਹਦਾ! ਕੁੱਝ ਸਿਰਜਦਾ ਵੇਖ ਕੇ ਮੈਂ ਹਮੇਸ਼ਾਂ ਲੋਰ ਵਿੱਚ ਆ ਜਾਂਦਾ। ਮਿੱਟੀ ਵਿੱਚੋਂ ਇੱਟਾਂ, ਇੱਟਾਂ ਚੋਂ ਕੰਧਾਂ ਤੇ ਕੰਧਾਂ ਚੋਂ ਮਹਿਲ ਉਸਾਰਨੇ। ਕਿਤਨਾ ਅਲੌਕਿਕ ਕਾਰਜ ਸੀ।

ਇਸ ਬੰਨ੍ਹ ਨਾਲ਼ ਮੇਰੀ ਯਾਦ ਜੁੜੀ ਹੋਈ ਹੈ। ਪੰਜਾਬ ਦੀ ਇੱਕ ਲੋਕ ਕਹਾਣੀ 'ਕੰਵਲ-ਫੁੱਲ' ਹੈ ਜਿਸ ਵਿੱਚ ਸੱਪ ਕੰਵਲ-ਫੁੱਲ ਦਾ ਰੂਪ ਧਾਰ ਕੇ ਤਲਾਅ ਵਿੱਚੋਂ ਉਭਰਦਾ ਹੈ। ਰੰਗ-ਬਰੰਗੀ ਮੂਰਤ ਵਾਂਙ ਕੋਈ ਮੁਟਿਆਰ ਉਸ ਫੁੱਲ ਦੀ ਖ਼ੂਬਸੂਰਤੀ ਨੂੰ ਵੇਖ ਕੇ, ਮੋਹਿਤ ਹੋ ਜਾਂਦੀ ਹੈ ਤੇ ਉਸ ਨੂੰ ਤੋੜਨ ਲਈ ਤਲਾਅ ਵਿੱਚ ਜਾ ਵੜਦੀ ਹੈ, ਗਿੱਟੇ ਗਿੱਟੇ ਪਾਣੀ ਵਿੱਚ। ਪਰ ਉਹ ਕੰਵਲ-ਫੁੱਲ ਹੋਰ ਪਿੱਛੇ ਹੋਰ ਪਿੱਛੇ ਹਟਦਾ ਜਾਂਦਾ ਹੈ। ਪਹਿਲਾਂ ਗੋਡੇ ਗੋਡੇ ਪਾਣੀ, ਫਿਰ ਲੱਕ ਲੱਕ ਫਿਰ ਗਲ਼ ਤੱਕ ਦਾ ਪਾਣੀ। ਪਰ ਫੁੱਲ ਹੋਰ ਪਿੱਛੇ ਹਟਦਾ ਜਾਂਦਾ ਤੇ ਕੰਨਿਆਂ ਅੱਗੇ ਵਧਦੀ ਜਾਂਦੀ ਹੈ। ਅਖ਼ੀਰ ਕੁੜੀ ਡੁੱਬ ਜਾਂਦੀ ਹੈ ਤੇ ਕੰਵਲ-ਫੁੱਲ, ਜੋ ਸੱਪ-ਰਾਜਕੁਮਾਰ ਹੈ, ਉਸ ਨੂੰ ਪਤਾਲ ਨਗਰੀ ਵਿੱਚ ਲੈ ਜਾਂਦਾ ਹੈ ਤੇ ਉਸ ਨਾਲ਼ ਵਿਆਹ ਕਰਵਾ ਲੈਂਦਾ ਹੈ।

ਇਹ ਕਹਾਣੀ ਜਦੋਂ ਮੈਂ ਪਹਿਲੀ ਵਾਰ ਸੁਣੀ ਸੀ, ਮੇਰੀਆਂ ਅੱਖਾਂ ਅੱਗੇ ਦਾਦਕੀ ਬੰਨ੍ਹੀ ਫੈਲ ਗਈ ਸੀ। ਇਹ ਕਹਾਣੀ ਪੜ੍ਹਦਿਆਂ ਅੱਜ ਵੀ ਦਾਦਕੀ ਬੰਨ੍ਹੀ ਵਿੱਚ ਕੰਵਲ-ਫੁੱਲ ਤਰਦਾ ਵਿਖਾਈ ਦੇਂਦਾ ਹੈ, ਜਿਸ ਨੂੰ ਪਕੜਨ ਲਈ ਕੋਈ ਮੁਟਿਆਰ ਗਿੱਟੇ ਗਿੱਟੇ, ਗੋਡੇ ਗੋਡੇ ਤੇ ਗਲ਼ ਗਲ਼ ਤੱਕ ਪਾਣੀ ਵਿੱਚ ਡੁਬਦੀ ਜਾਂਦੀ ਹੈ।

ਭਾਵੇਂ ਨਾਨਕੇ ਪਿੰਡ ਵੀ ਵੱਡੀ ਸਾਰੀ ਬੰਨ੍ਹੀ ਸੀ, ਪਰ ਉਹ ਇੱਕ ਹੋਰ ਕਹਾਣੀ 'ਅੰਬੀ ਦਾ ਬੂਟਾ' ਦੇ ਪ੍ਰਸੰਗ ਵਿੱਚ ਮੇਰੇ ਸਾਮ੍ਹਣੇ ਉੱਭਰਦੀ ਹੈ। ਸ਼ਾਇਦ ਇਸ ਲਈ ਕਿ 'ਕੰਵਲ-ਫੁੱਲ' ਮੇਰੀ ਦਾਦਕੀ ਕਹਾਣੀ ਹੋਵੇ ਤੇ 'ਅੰਬੀ ਦਾ ਬੂਟਾ' ਨਾਨਕੀ ਕਹਾਣੀ।

ਮੈਂ ਆਪਣੇ ਸਕੂਲ ਬਾਰੇ ਇੱਕ ਗੱਲ ਜ਼ਰੂਰ ਦੱਸਣੀ ਚਾਹੁੰਦਾ ਹਾਂ। ਸਕੂਲ ਦੇ ਅੱਗੋਂ ਦੀ, ਪਿੰਡ ਦਾਦਨਖ਼ਾਂ ਵੱਲ ਰਾਹ ਜਾਂਦਾ ਸੀ। ਉਧਰੋਂ ਮੈਂ ਇੱਕ ਵਾਰ, ਕਿਸੇ ਖ਼ੂਬਸੂਰਤ ਗੱਭਰੂ ਨੂੰ ਡਾਚੀ ਉੱਤੇ ਬੈਠਾ ਸਕੂਲ ਦੇ ਕੋਲੋਂ ਲੰਘਦਾ ਵੇਖਿਆ, ਜਿਸ ਨੂੰ ਦੂਰੋਂ ਹੀ ਮਾਸਟਰ ਜੀ ਨੇ ਆਵਾਜ਼ ਮਾਰ ਕੇ ਰੋਕ ਲਿਆ ਤੇ ਦੋਵੇਂ ਕਾਫ਼ੀ ਦੇਰ ਗੱਲਾਂ ਕਰਦੇ ਰਹੇ। ਜਦੋਂ ਮੈਂ ਸੱਸੀ ਪੁੰਨੂ ਦਾ ਕ਼ਿੱਸਾ ਪੜ੍ਹਿਆ, ਤਾਂ ਮੇਰੇ ਸਾਮ੍ਹਣੇ ਪੁੰਨੂ ਦੀ ਜੋ ਤਸਵੀਰ ਬਣੀ, ਉਹ ਉਸ ਡਾਚੀ ਵਾਲ਼ੇ ਦੀ ਹੀ ਸੀ। ਅੱਜ ਅੱਧੀ ਸਦੀ ਬਾਅਦ ਵੀ ਉਹ ਡਾਚੀ ਤੇ ਸਵਾਰ ਮੇਰੇ ਸਾਮ੍ਹਣੇ ਇੰਨ-ਬਿੰਨ ਆ ਖਲੋਂਦੇ ਹਨ। ਮੈਨੂੰ ਹਮੇਸ਼ਾਂ ਲੱਗਿਆ, ਉਹ ਕੋਈ ਪੁੰਨੂ ਸੀ। ਕਿਉਂਕਿ ਮਾਸਟਰ ਜੀ ਨੇ ਉਸ ਦੇ ਚਲੇ ਜਾਣ ਬਾਅਦ ਉਸ ਬਾਰੇ ਜੋ ਦੱਸਿਆ ਉਹ ਬੜਾ ਦਰਦ ਭਰਿਆ ਸੀ।

"ਇਹ ਤਾਂ ਪਿੰਡ ਦਾਦਨਖ਼ਾਂ ਦਾ ਰਹਿਮਤਾ ਏ। ਹਮੇਸ਼ਾਂ ਪਰੇਸ਼ਾਨ ਰਹਿੰਦਾ ਏ। ਰਹਿਮਤਾ ਆਪਣਾ ਡੋਲ਼ਾ ਲੈ ਕੇ ਜਾ ਰਿਹਾ ਸੀ। ਉਸ ਦੀ ਵਹੁਟੀ ਊਠਣੀ ਤੇ ਘੁੰਡ ਕੱਢੀ ਬੈਠੀ ਸੀ ਕਿ ਅਚਾਨਕ ਊਠਣੀ ਨੂੰ ਹਲ਼ਕਾਅ ਹੋ ਗਿਆ ਤੇ ਉਹ ਬਿੱਫਰ ਬੈਠੀ। ਉਸ ਨੇ ਵਹੁਟੀ ਨੂੰ ਪਟਕਾ ਕੇ ਧਰਤੀ ਉੱਤੇ ਸੁੱਟਿਆ ਤੇ ਉਹ ਮੁੜ ਨਾ ਉੱਠੀ। ਰਹਿਮਤੇ ਨੇ ਉਸ ਦੀ ਯਾਦ ਵਿੱਚ ਸਾਰੀ ਉਮਰ ਵਿਆਹ ਨਹੀਂ ਕੀਤਾ।

Sri Satguru Jagjit Singh Ji eLibrary NamdhariElibrary@gmail.com

ਹਾਂ, ਕਦੇ ਕਦੇ ਜਿੱਥੇ ਉਹ ਡਿੱਗੀ ਸੀ, ਉਹ ਥਾਂ ਵੇਖਣ ਜਾਂਦਾ ਤੇ ਅੱਥਰੂ ਵਹਾ ਕੇ ਵਾਪਸ ਆ ਜਾਂਦਾ।" ਮੈਨੂੰ ਹਮੇਸ਼ਾਂ ਇਉਂ ਲੱਗਾ ਜਿਵੇਂ ਉਹ ਪੁੰਨੂੰ ਹੋਵੇ, ਸੱਸੀ ਲਈ ਭਟਕਦਾ।

ਇਸ ਇਲਾਕੇ ਵਿੱਚ ਆਵਾਜਾਈ ਖੱਚਰਾਂ ਤੇ ਊਠਾਂ ਉੱਤੇ ਹੁੰਦੀ ਸੀ। ਅਸੀਂ ਹਮੇਸ਼ਾਂ ਊਠਾਂ ਤੇ ਬਹਿ ਕੇ ਨਾਨਕੇ ਜਾਂਦੇ। ਬੋਰੀ ਉਨ੍ਹਾਂ ਨੂੰ ਹਿਕਦੇ। ਬੋਰੀ ਕਹਾਣੀਆਂ ਸੁਣਾਉਂਦੇ ਤੇ ਗੀਤ ਗਾਉਂਦੇ ਜਾਂਦੇ ਤੇ ਸਫ਼ਰ ਸਹਿਜੇ ਹੀ ਕੱਟ ਜਾਂਦਾ।

ਮੇਰਾ ਦਾਦਕਾ ਪਿੰਡ (1992) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

Exercise 38.1 Fill in each blank with a suitable word (in its appropriate form) from the glossary for "ਪਾਤਸ਼ਾਹਣੀ." Then translate the sentences.

1. ਬੜੇ ਚਿਰ ਬਾਅਦ ਜਦੋਂ ਮੈਂ ਆਪਣੇ ਦੋਸਤ ਨੂੰ ਮਿਲਿਆ, ਤਾਂ ਮੈਂ ਉਸ ਨੂੰ _____ ਪਾਈ।
2. ਇਹ ਕਮਰਾ ਮੈਂ ਤੇ ਮੇਰੀ ਵੱਡੀ ਭੈਣ ਦਾ _____ ਹੈ।
3. ਤੁਹਾਡੇ ਕੱਪੜੇ ਤੁਹਾਡੇ ਮੰਜੇ ਤੇ _____ ਕਿਉਂ ਪਏ ਹਨ?
4. ਭੋਲੀ ਨੇ ਜੀਤੋ ਨੂੰ ਕਿਹਾ, "ਘਰ ਬਹੁਤ _____ ਚੁੱਕਾ ਹੈ। 'ਹੀਟ' ਬੰਦ ਕਰ ਦਿਓ!"
5. ਸਾਡੀ ਮਾਂ ਨੂੰ _____ ਕੱਪੜੇ ਪਹਿਨਣੇ ਬਹੁਤ ਪਸੰਦ ਹਨ।
6. ਹਰ ਰੋਜ਼ ਉਨ੍ਹਾਂ ਦੇ _____ ਤਿੰਨ ਵਾਰੀ ਚਾਹ ਬਣਦੀ ਹੈ।
7. _____ ਵਿੱਚ ਆ ਕੇ ਉਸ ਨੇ ਮੇਰੇ ਬਹੁਤ ਜ਼ੋਰ ਨਾਲ਼ ਥੱਪੜ ਮਾਰਿਆ।
8. ਇੱਥੋਂ ਸਮੁੰਦਰ ਦਾ ਰਸਤਾ _____ ਬਹੁਤ ਔਖਾ ਹੈ।
9. ਕਹਿੰਦੇ ਹਨ, _____ _____ ਵਿੱਚ ਰੱਬ ਵੱਸਦਾ ਹੈ।

Exercise 38.2 Translate:

1. It is our estimate that they will definitely come home.
2. Geography is a very interesting subject. It tells us so much about our world.
3. Hartford, Connecticut is an important center for insurance companies.
4. Every summer, my mom visits her parents' home.
5. Last week, I was quite busy with the Sikh Diaspora Conference.
6. ਅਮਰੀਕਾ ਉੱਤੇ ਕੋਈ ਵੀ ਹਮਲਾਵਰ ਹਮਲਾ ਨਹੀਂ ਕਰ ਸਕਦਾ।
7. ਕੈਲੀਫ਼ੋਰਨੀਆ ਦੇ ਖੇਤਾਂ ਵਿੱਚ ਮੈਕਸੀਕੋ ਦੇ ਕਾਫ਼ੀ ਕਾਮੇ ਕੰਮ ਕਰਦੇ ਹਨ।
8. ਵੱਖ ਵੱਖ ਖਿੱਤਿਆਂ ਦੀਆਂ ਦੰਦ-ਕਥਾਵਾਂ ਤੋਂ ਉਨ੍ਹਾਂ ਦਿਆਂ ਲੋਕਾਂ ਬਾਰੇ ਬਹੁਤ ਜਾਣਕਾਰੀ ਮਿਲ਼ਦੀ ਹੈ।
9. ਸਾਡੀ ਬਰਾਦਰੀ ਵਿੱਚ ਸ਼ਰਾਬ ਪੀਣੀ ਮਨ੍ਹਾਂ ਹੈ।
10. ਪੰਜਾਬੀ 'ਕਲਚਰ' ਵਿੱਚ ਸੱਸਾਂ ਤੇ ਨੂੰਹਾਂ ਵਿਚਕਾਰ ਕੋਈ ਨਾ ਕੋਈ ਝੱਖੜ ਝੁੱਲਦਾ ਹੀ ਰਹਿੰਦਾ ਹੈ।

Exercise 38.3 Translate:

1. Every time she comes, she slips on the floor in front of my house.
2. I prohibited the kids from jumping around the pool.
3. In my unearthly imagination, sages are sitting on the horns of animals.
4. Who played the role of a young single woman in the film?
5. In a dispirited manner, I gathered all the peppers lying outside.
6. ਅਗਲੇ ਮਹੀਨੇ ਮੇਰੀ ਗਰਭਵਤੀ ਭਾਬੀ ਬੱਚੇ ਨੂੰ ਜਨਮ ਦੇਵੇਗੀ।
7. ਪਾਣੀ ਹਾਲੇ ਵੀ ਛੱਤ ਤੋਂ ਚੋਅ ਰਿਹਾ ਹੈ।
8. ਤੁਹਾਡਾ ਗਲਾਸ ਪਾਣੀ ਨਾਲ਼ ਨੱਕੋ-ਨੱਕ ਭਰਿਆ ਹੋਇਆ ਹੈ।
9. ਅਸੀਂ ਕਿਹੜੇ ਯੁਗ ਵਿੱਚ ਰਹਿੰਦੇ ਹਾਂ?
10. ਜਦੋਂ ਵੀ ਬੱਚਿਆਂ ਨੂੰ ਕਿਸੇ ਚੀਜ਼ ਤੋਂ ਵਰਜੋ, ਤਾਂ ਉਹ ਰੁੱਸ ਜਾਂਦੇ ਹਨ?

Sri Satguru Jagjit Singh Ji eLibrary NamdhariElibrary@gmail.com

ਔਖੇ ਲਫ਼ਜ਼

ਉੱਸਰਨਾ	to rise (vi)
ਉੱਕਾ-ਚੁੱਕਾ	here and there
ਉਚਾਣ	high ground, height (f)
ਉਦਾਸ	sad (adj/u)
ਉੱਭਰਨਾ	to rise up, swell (vi)
ਊਠ/ਊਠਣੀ	camel (m/f)
ਅਚਾਨਕ	suddenly (adv)
ਅੰਤਰ	difference (m)
ਅਥਵਾ	or
ਅੱਧਨੰਗਾ	half-naked (adj/i)
ਅਨੁਮਾਨ	estimate (m)
ਅਲਫ਼-ਨੰਗਾ	stark naked (adj/i)
ਅਲੋਕਾਰ	strange, marvelous (adj/u)
ਅਲੌਕਿਕ	supernatural, unearthly (adj/u)
ਅਵਸਥਾ	stage, age, state (f)
ਆਦਮ	Adam, the first human (m)
ਆਂਦਰ	intestine, gut (f)
ਆਫਰਨਾ	to bloat, swell (vi)
ਆਭਾ	luster, shine (f)
ਆਵਾਜਾਈ	traffic (f)
ਇੱਟ	brick (f)
ਇੰਨ-ਬਿੰਨ	exactly; almost (same or similar) (adv)
ਸੱਸ	mother-in-law (f)
ਸੰਸਕ੍ਰਿਤੀ	culture (f)
ਸਹਿਜੇ	slowly (adv)
ਸੱਚਾ	mould, cast (m)
ਸਤ	spiritual power coming from austerities (m)
ਸਥਿਰ	stable, calm (adj/u)
ਸਮੁੱਚਾ	entire, whole (adj/i)
ਸਮੇਟਣਾ	to collect (vt)
ਸਰੂਪ	form, appearance (m)
ਸਵੱਛ	clean, neat (adj/u)
ਸਾਂਝਾ	shared, common (adj/i)
ਸਿੰਗ	animal's horn (m)
ਸਿਮਟਣਾ	to shrink, contract (vi)
ਸਿਰਜਣਾ	to create (vt)
ਸਿਰਾ	edge (m)
ਸੁੱਖ	vow (f)
ਸੁਚੱਜਾ	deft, skillful (adj/i)
ਸੈਂਕੜਾ	hundred (m)

Sri Satguru Jagjit Singh Ji eLibrary NamdhariElibrary@gmail.com

ਸ਼ੌਕੀਨ	fond of; foppish (adj/u)
ਹਟਵਾਂ	separate, removed at a distance (adj/i)
ਹਮਲਾਵਰ	assailant, attacker (m)
ਹਰਣੌਟਾ	young deer (m)
ਹਲਕਾਅ	rabies
ਹਿੱਕ	chest (f)
ਹਿੱਕਣਾ	to drive an animal (vt)
ਹੋਂਦ	existence, reality (f)
ਹੌਲਾ	light (adj/i)
ਕੱਸੀ	irrigation channel, sub-distributary (f)
ਕੱਜਣਾ	to cover (vt)
ਕੰਢਾ	bank, shore, edge (m)
ਕਣ	particle (m)
ਕੱਦ-ਕਾਠ	height and build (m)
ਕੰਦਰ	cavern (f)
ਕੰਨਿਆਂ	young girl, maiden (f)
ਕਬੂਲਣਾ	to accept (vt)
ਕਰੜਾ	tough, difficult (adj/i)
ਕਲਪਨਾ	imagination (f)
ਕੰਵਲ	lotus (m)
ਕੰਵਾਰ-ਕੋਠਾ	house where an unmarried woman lives (m)
ਕਾਮਾ	farm-worker (m)
ਕਾਰਜ	function, action (m)
'. . . ਕਿ ਰਹੇ ਰੱਬ ਦਾ ਨਾਂ'	phrase indicating the high intensity of an action
ਕੁੱਟਣਾ	to beat (vt)
ਕੋਮਲ	soft (adj/u)
ਖੱਚਰ	mule (f)
ਖਿਲਾਰਨਾ	to spread (vt)
ਖੇਤਰਪਾਲ	deity that protects fields (m)
ਖੇੜਾ	deity that protects a village (m)
ਖੋਦਣਾ	to dig (vt)
ਖੋਰਨਾ	to dissolve in liquid (vt)
ਗਹਿਰਾਈ	depth (f)
ਗੱਠਣਾ	to knot (vt)
ਗਰਭਵਤੀ	pregnant (adj/u)
ਗਲਵੱਕੜੀ	embrace, hug (f)
ਗਾਰਾ	mortar of mud used as building material (m)
ਗਾੜ੍ਹ	rocky area along a stream bed (f)
ਗ਼ੁਬਾਰ	suppressed resentment, complaint (m)
ਗੂੰਜਣਾ	to echo, reverberate (vi)
ਗ਼ੋਤਾ ਆਉਣਾ	to be subject to suffocation under water (vi)
ਘਾਤ	death, killing (m)

Sri Satguru Jagjit Singh Ji eLibrary NamdhariElibrary@gmail.com

ਘੁੱਗੂ	earthen toy (m)
ਘੁੱਟ	sip, draught (m)
ਘੁੰਡ ਕੱਢਣਾ	to draw veil across face (vt)
ਚੱਟਣਾ	to lick (vt)
ਚਟੂਰੀ	glutton (f)
ਚਰਨ	foot, feet (m)
ਚਿਪਕਣਾ	to cling (vi)
ਚੁੱਪ ਸਾਧਣੀ	to become silent (vt)
ਚੁੱਲ੍ਹਾ	stove (m)
ਚੂਰਾ	heap of stones placed where someone died (m)
ਚੂਲੀ	a cupped-palmful (as of liquid) (f)
ਚੋਅ	seasonal stream (m)
ਚੋਖਾ	profuse, ample (adj/i)
ਛਾਣਨੀ	small sieve, strainer (f)
ਜਜ਼ੀਰਾ	island (m)
ਜਥ੍ਹਾ	authority, dominating influence (m)
ਜ਼ਮੀਰ	conscience (f)
ਜਰਨਾ	to bear (vt)
ਜੋੜੀ	pair (f)
ਝੱਗੋ-ਝੱਗ	foamy (adj/u)
ਝੱਲਣਾ	to bear (vt)
ਝੁਰਮਟ	crowd (m)
ਝੁੱਲਣਾ	to blow, rage (for a storm) (vi)
ਟਕੋਰ	sarcasm, gibe (f)
ਟਪਕਣਾ	to drip (vi)
ਟਿਕਣਾ	to stay (vi)
ਟੋਆ	dugout, trench (m)
ਡੰਝ ਲਾਹੁਣੀ	to relish, thirst for (vt)
ਡਾਚੀ	female camel (f)
ਡੋਲਾ, ਡੋਲੀ	palanquin (m,f)
ਢੱਠਾ	fallen, demolished (adj/i)
ਢਿੱਲਾ	loose (adj/i)
ਢੇਲਾ	lump, clod (m)
ਢੋਕ	hamlet, small settlement (f)
ਤੰਦ	thread (f)
ਤਨ	body (m)
ਤਲਾਅ	pool (m)
ਤਾਉਣਾ	to torment (vt)
ਤਾਕਤ	might, strength (f)
ਤਾਣਨਾ	to spread, hang (vt)
ਤਿਆਗ	renunciation (m)
ਤਿਕੋਨਾ	triangular, conical (adj/i)

Sri Satguru Jagjit Singh Ji eLibrary NamdhariElibrary@gmail.com

ਤਿੱਖਾ	sharp (adj/i)
ਤਿਲਕਣਾ	to slip (vi)
ਥੱਪੜ	slap (m)
ਥਾਹ	extent, depth (f)
ਥੋਰੀ	trader, merchant (m)
ਦੰਦ-ਕਥਾ	oral account, fable (f)
ਦੰਦੀ	crag (f)
ਦ੍ਰਿਸ਼ਟਮਾਨ	visible (adj/u)
ਦੁੜੰਗੇ ਮਾਰਨੇ	to gallop, dash (vt)
ਧੜਕਣ	heartbeat (f)
ਧਾਰਨਾ	to assume, adopt, put on (vt)
ਧਾਵਾ	attack (m)
ਧਾੜਵੀ	raider, plunderer (m)
ਧੀ-ਧਿਆਣੀ	daughter (f)
ਧੁਖਣਾ	to smolder (vi)
ਨਸ਼ਿਆਈ	intoxicated (adj/u)
ਨੱਕੋ-ਨੱਕ	*lit.* 'nose to nose,' full to the brim
ਨੱਠਣਾ	to flee, elope (vi)
ਨਨਾਣ	sister-in-law (f)
ਨਿਡਰ	fearless (adj/u)
ਨਿਭਾਉਣਾ	to fulfill (obligation, duty, etc.) (vt)
ਨਿੰਮੋਝੂਣਾ	dispirited, demoralized (adj/u,i)
ਨਿਰੋਲ	pure, unadulterated (adj/u)
ਨੂਟਣਾ	to close (eye, palm, etc.) (vt)
ਪੱਕਾ	firm, steady; proper (adj/i)
ਪਟਕਾਉਣਾ	to strike (vt)
ਪਟੜੀ	track (rail); washing stone (f)
ਪਤਾਲ ਨਗਰੀ	nether region, underworld, hell (f)
ਪਰਛਾਵਾਂ	shadow (m)
ਪ੍ਰਸੰਗ	story, account (m)
ਪ੍ਰਗਟ	apparent (adj/u)
ਪ੍ਰਚੱਲਤ	prevalent (adj/u)
ਪੜਾਅ	stage (of journey) (m)
ਪ੍ਰਾਣ	life (breaths) (m pl)
ਪ੍ਰਾਣੀ	living being, person (m)
ਪੇਪਣੀ	type of ladies' shirt (f)
ਪੈਂਡਾ ਕਰਨਾ	to cover a distance (vt)
ਬਸਤਾ	backpack (m)
ਬਚਪਣ	childhood (m)
ਬਦਲਾ	retribution, vengeance (m)
ਬੰਨ੍ਹੀ	small embankment, dyke (f)
ਬਰਾਦਰੀ	brotherhood, ethnic or social community (f)

Sri Satguru Jagjit Singh Ji eLibrary NamdhariElibrary@gmail.com

ਬਿਖਰਾ	scattered (adj/i)
ਬਿੱਫਰਨਾ	to be furious (vi)
ਬੀਜ	seed (m)
ਬੁੱਕ	both hands cupped together as a bowl (m)
ਬੁਲਬੁਲਾ	bubble (m)
ਬੋਝ	load (m)
ਭਖਣਾ	to heat up (vi)
ਭਟਕਣਾ	to wander, stray (vi)
ਭੱਤ	cooked rice (m)
ਭਰੀ-ਭਕੁੰਨੀ	'filled to the brim'
ਭਾਬੀ	sister-in-law (f)
ਭਾਵ	sentiment (m)
ਭੁੱਜਣਾ	to be roasted, parched (vi)
ਭੂਮਿਕਾ	role; introduction (f)
ਭੇਟ	offering, sacrifice (f)
ਭੇਦ-ਭਾਵ	discrimination (m)
ਮਹਾਂਪੁਰਖ	great/holy man, elevated soul (m)
ਮਹਿਕ	fragrance, smell (f)
ਮਜਾਲ	audacity, nerve (f)
ਮਟਕਾਉਣਾ	to make gestures (usually with eyes) (vi)
ਮੰਦਾ	bad, evil (adj/i)
ਮਧਾਣੀ	churning stick/staff (f)
ਮੰਨਤ	promise of offering on fulfillment of desire (f)
ਮਰੁੰਡਣਾ	to yank, pluck, tweak (vt)
ਮਲੀਨ	dirty, unclean (adj/u)
ਮਾਪਣਾ	to measure (vt)
ਮਿਘੀ, ਮੈਨੂੰ	to me
ਮੁਟਿਆਰ	young woman (f)
ਮੁੱਢਾ ਕੱਤਣਾ	to finish a round (of weaving)
ਮੁਰਾਦ	wish, desire (f)
ਮੂਰਤ	image, portrait (f)
ਮੋਹ	attachment (m)
ਮੋਹਿਤ	attracted, impressed (adj/u)
ਮੋੜਨਾ	to turn (vt)
ਯਥਾਰਥ	reality, fact (m)
ਯੁਗ	age, period, epoch (m)
ਰਵਾਇਤ	tradition (f)
ਰਾਖਾ	caretaker (m)
ਰੀਝ	craving (f)
ਰੁੱਸਣਾ	to be annoyed, displeased (vi)
ਰੁੱਝਣਾ	to be busy (vi)
ਰੂਪ	form; beauty (m)

Sri Satguru Jagjit Singh Ji eLibrary NamdhariElibrary@gmail.com

ਰੋਹ	anger, fury (m)
ਰੌਂਦਣਾ	to trample, destroy (vt)
ਲੜਖੜ੍ਹਾਉਣਾ	to stagger, lurch (vi)
ਲਾਲੀ	glow (f)
ਲੀਰ	rag (f)
ਲੁਸ-ਲੁਸਾ	soft and tender (adj/i)
ਲੁਕਣ-ਮੀਟੀ	hide-and-seek (f)
ਲੇਟਣਾ	to lay down (vt)
ਲੋਚ	desire (f)
ਲੋਰ	emotional drive (m)
ਵਹਾਉਣਾ	to make flow (vt)
ਵਹੁਟੀ	bride, wife (f)
ਵੰਗਾਰ	challenge (f)
ਵਰ	boon (m)
ਵਰਜਣਾ	to prohibit (vt)
ਵਲ਼ਨਾ	to wrap, envelop (vt)
ਵਲ਼ੇਵਾਂ, ਵਲ਼ਾਵਾਂ	turn, loop (m)
ਵਾਸਤਵਿਕ; ਵਾਸਤਵਿਕਤਾ	actual, real (adj/u); actuality/reality (f)
ਵਾਰ	strike, blow, attack (m)

Sri Satguru Jagjit Singh Ji eLibrary NamdhariElibrary@gmail.com

Lesson 39
ਸਬਕ ੩੯
ਗਿਆਨੀ ਗੁਰਿਦੱਤ ਸਿੰਘ

ਮੇਰੇ ਪਿੰਡ ਦਾ ਮੂੰਹ ਮੱਥਾ

ਮੇਰੇ ਪਿੰਡ ਦਾ ਨਾਂ ਮਿੱਠੇਵਾਲ ਹੈ। ਕਹਿੰਦੇ, ਇਹ ਅਕਬਰ ਦੇ ਸਮੇਂ ਪ੍ਰਗਟੇ ਦੀਨੇ ਕਾਂਗੜ ਦੇ ਇੱਕ ਮੁਖੀ ਚੌਧਰੀ, ਮਹਿਰ ਮਿੱਠੇ, ਨੇ ਬੰਨ੍ਹਿਆ ਸੀ। ਪਹਾੜਾਂ ਜਿਹੇ ਉੱਚੇ ਰੇਤ ਦੇ ਟਿੱਬਿਆਂ ਅਤੇ ਚੀਲਾਂ ਜਿੱਡੇ ਲੰਮੇ ਲੰਮੇ ਜ਼ੋਰੀ ਸ਼ੁਕਰਾਂ ਪਾਉਂਦੇ ਸਰਕੜੇ ਦੇ ਸੰਘਣੇ ਜੰਗਲਾਂ ਵਿਚਾਲੇ, ਕਾਲ਼ੀ ਮਿੱਟੀ ਨਾਲ਼ ਲਿੰਬੇ ਹੋਏ ਕੱਚਿਆਂ ਕੋਠਿਆਂ ਵਾਲ਼ਾ ਇੱਕ ਟਾਪੂ ਜਿਹਾ ਹੈ ਮੇਰਾ ਪਿੰਡ, ਜਿਹੜਾ ਆਪਣੇ ਨਾਂ ਨਾਲੋਂ ਵੀ ਵੱਧ ਮਿੱਠੇ ਸੁਆਦ ਆਪਣੀਆਂ ਯਾਦਾਂ ਵਿੱਚ ਸਮੋਈ ਬੈਠਾ ਹੈ।

ਕੱਚਿਆਂ ਕੋਠਿਆਂ ਵਿੱਚ ਪੰਜ ਸੱਤ ਕਲੀ ਕੀਤੇ ਲਿਸ਼ਕਦੇ ਬਨੇਰੇ, ਪਹਿਨ-ਪੱਚਰ ਕੇ ਜ਼ਿੰਦਗੀ ਲੰਘਾਉਣ ਵਾਲ਼ੇ ਤੁਰਦੇ ਭਾਗਵਾਨ ਲਾਣਿਆਂ ਦੀ ਨਿਸ਼ਾਨੀ ਹਨ ਜੋ ਪਿੰਡ ਦੀ ਅਮੀਰੀ ਦੀ ਚੰਗੀ ਜਚਵੀਂ ਪ੍ਰਦਰਸ਼ਨੀ ਕਰ ਰਹੇ ਹਨ। ਪਿੰਡ ਵਿੱਚ ਦੋ ਤਿੰਨ ਘਰ ਚੁਬਾਰਿਆਂ ਵਾਲ਼ੇ ਹਨ ਜੋ ਇਸ ਦੀ ਪ੍ਰਾਚੀਨਤਾ ਦਾ ਚਿੰਨ੍ਹ ਹਨ। ਨਵੇਂ ਚੁਬਾਰਿਆਂ ਵਾਲ਼ੇ ਘਰ ਬਨਾਉਣ ਦੀ ਪਿਰਤ ਹੁਣ ਮਧਮ ਪਈ ਹੋਈ ਹੈ।

ਪਿੰਡ ਦੇ ਆਸ ਪਾਸ ਆਪੇ ਉੱਗੇ ਬੇਤਰਤੀਬੇ ਕਿੱਕਰਾਂ, ਨਿੰਮਾਂ, ਤੇ ਬੇਰੀਆਂ ਦੇ ਰੁੱਖ ਹਨ। ਜੰਡ, ਫਲਾਹੀ, ਕਰੀਰ, ਫਰਵਾਂਹ ਦੇ ਰੁੱਖ ਵੇਖਦਿਆਂ ਵੇਖਦਿਆਂ ਅਲੋਪ ਹੋ ਚੁੱਕੇ ਹਨ, ਪਰ ਟਾਹਲੀਆਂ ਨੇ ਆਪਣੀ ਜਾਨਦਾਰ ਹੈਸੀਅਤ ਦੀ ਹੋਂਦ ਕ਼ਾਇਮ ਰੱਖੀ ਹੋਈ ਹੈ। ਪਿੰਡ ਦੀ ਭੂਮੀ ਦੀ ਚੱਕਬੰਦੀ ਹੋਣ ਨਾਲ਼ ਵੱਡੇ ਛੋਟੇ ਮੁਰੱਬੇ ਤਾਂ ਬਣ ਗਏ ਹਨ, ਪਰ ਖੂਹਾਂ ਟੋਭਿਆਂ ਤੇ ਹੋਰ ਥਾਵਾਂ ਤੇ ਉੱਗੇ ਰੁੱਖ ਅਲੋਪ ਹੋ ਗਏ ਹਨ। ਰਾਹਾਂ ਦੀਆਂ ਉੱਚੀਆਂ-ਉੱਚੀਆਂ ਭੜੀਆਂ (ਵੱਡੀਆਂ ਵੱਟਾਂ) ਅਤੇ ਟਿੱਬਿਆਂ ਦਾ ਕੱਕਾ ਰੇਤਾ ਜਾਪਦਾ ਹੈ ਕਿ ਹੁਣ ਇਤਿਹਾਸਿਕ ਦੰਦ-ਕਥਾ ਬਣ ਜਾਵੇਗਾ। ਨੀਲ ਗਾਈਆਂ ਦੇ ਵੱਗ ਤੇ ਹਰਨਾਂ ਦੀਆਂ ਡਾਰਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਕਦੇ ਪਿੰਡ ਦੀਆਂ ਕੰਧਾਂ ਤੱਕ ਆ ਕੇ ਚਰਿਆ ਕਰਦੇ ਸਨ।

ਮੇਰੇ ਪਿੰਡ ਨੂੰ ਰੇਲਵੇ ਸਟੇਸ਼ਨ ੧੫-੨੦ ਮੀਲ ਤੋਂ ਨੇੜੇ ਕੋਈ ਵੀ ਨਹੀਂ ਲੱਗਦਾ। ਇਸ ਲਈ ਸਮਝਿਆ ਜਾਂਦਾ ਹੈ ਕਿ ਚਾਰ ਚੁਫੇਰੇ ਦੇ ਸਾਰੇ ਹੀ ਸ਼ਹਿਰ ਸਾਡੇ ਪਿੰਡ ਦੇ ਨਜ਼ਦੀਕੀ ਹਨ। ਆਜ਼ਾਦੀ ਆਉਣ ਨਾਲ਼ ਜਿਨ੍ਹਾਂ ਪਿੰਡਾਂ ਕੋਲੋਂ ਰੇਲ ਨਹੀਂ ਸੀ ਲੰਘਦੀ, ਹੁਣ ਉਨ੍ਹਾਂ ਵਿੱਚੋਂ ਕਈ ਨਵੀਂਆਂ ਬਣ ਰਹੀਆਂ ਸੜਕਾਂ ਉੱਤੇ ਆ ਗਏ ਹਨ। ਪਰ ਮੇਰਾ ਪਿੰਡ ਇੰਨਾ ਖ਼ੁਸ਼ਕ਼ਿਸਮਤ ਜਾਂ ਬਦਕ਼ਿਸਮਤ ਹੈ ਇਨ੍ਹਾਂ ਉੱਨਤੀ-ਸਕੀਮਾਂ ਵਿੱਚ ਨਿਕਲਣ ਵਾਲ਼ੀਆਂ ਸੜਕਾਂ ਦੇ ਇਸ ਦੇ ਲਾਗਿਉਂ ਲੰਘਣ ਦੀ ਤਾਂ ਗੱਲ ਬਹੁਤ ਵੱਡੀ ਹੈ, ਉਹ ਤਾਂ ਇਸ ਦੇ ਨਾਲ਼ ਲੱਗਦੀ ਜੂਹ ਵਾਲ਼ੇ ਕਿਸੇ ਪਿੰਡ ਵਿੱਚੋਂ ਵੀ ਨਹੀਂ ਲੰਘਦੀਆਂ। ਚਲੋ ਜੇ ਮੇਰੇ ਪਿੰਡ ਦੀ ਹੁਣ ਕ਼ਦਰ ਨਹੀਂ ਹੋ ਰਹੀ ਤਾਂ ਕਿਹੜੀ ਗੱਲ ਹੈ। ਥੋੜ੍ਹੇ ਚਿਰ ਨੂੰ ਜਦੋਂ ਭਾਰਤ ਦੇ ਸਾਰੇ ਪਿੰਡ ਵਧੀਆ ਤੇ ਨਵੀਂਆਂ ਕ਼ਿਸਮਾਂ ਦੇ ਬਣ ਗਏ, ਓਦੋਂ ਤਾਂ ਇਸ ਦੀ ਜ਼ਰੂਰ ਕ਼ਦਰ ਪਵੇਗੀ।

ਮੇਰੇ ਪਿੰਡ ਵਿੱਚੋਂ ਕਿਸੇ ਮੋਟਰ ਦਾ ਅਛੁਹ ਲੰਘ ਜਾਣਾ ਸਾਧਾਰਨ ਤੇ ਸੁਖਾਲ਼ੀ ਗੱਲ ਨਹੀਂ। ਜਦੋਂ ਕੋਈ ਮੋਟਰ ਪਿੰਡ ਦੇ ਨੇੜੇ ਆਉਂਦੀ ਦਿਸਦੀ ਹੈ ਤਾਂ ਪਿੰਡ ਦੇ ਸਾਰੇ ਬੁੱਢੇ ਤੇ ਬਾਲ, 'ਉਹ ਆ ਗਈ,' 'ਉਹ ਆ ਗਈ,' ਕਰਦੇ ਪਿੰਡੋਂ ਬਾਹਰ ਹੀ ਉਸ ਦੇ ਸੁਆਗਤ ਨੂੰ ਜਾ ਪੁੱਜਦੇ ਹਨ। ਕਈ 'ਸਾਊ ਤੇ ਸਿਆਣੇ' ਆਦਮੀ ਤਾਂ ਇਸ ਊਠਾਂ ਤੇ ਬਲਦਾਂ ਤੋਂ ਬਿਨਾ ਚਲਦੀ ਸਵਾਰੀ ਨੂੰ ਅਜੂਬੇ ਦੀ ਤਰਾਂ ਵੇਖਣ ਲੱਗ ਜਾਂਦੇ ਹਨ। ਪਿੰਡ ਦੇ ਬਹਾਦਰ ਨਿਆਣੇ ਮੌਤ ਦੀ ਪਰਵਾਹ ਨਾ ਕਰਦੇ ਹੋਏ ਜਿੱਥੇ ਕਿੱਥੇ ਵੀ ਮੋਟਰ ਦੇ ਪਿੰਡੇ ਤੇ ਨਹੁੰ ਫਸਦਾ ਹੋਵੇ ਜੋਕਾਂ ਵਾਂਙ ਚਿਮਟ ਜਾਂਦੇ ਹਨ। ਜਦੋਂ ਮੋਟਰ ਤੇਜ ਦੌੜਦੀ ਹੈ ਓਦੋਂ ਮੁੱਛ-ਫੁੱਟ ਗੱਭਰੂ ਵੀ ਪਿੱਛੇ ਨਹੀਂ ਰਹਿੰਦੇ, ਕਈ ਪਲਾਕੀ ਮਾਰ ਕੇ ਪਿੱਛੋਂ ਦੀ ਜਿੱਥੇ ਟੰਗ ਬਾਂਹ ਫਸੇ ਮੋਟਰ ਨਾਲ਼ ਜਾ ਲਟਕਦੇ ਹਨ। ਅਜਿਹੀ ਚੀਜ਼ ਫਿਰ ਹੂਟੇ ਲੈਣ ਲਈ ਖ਼ਬਰੇ ਕਦੋਂ ਲੱਭੇ!

ਕ਼ੁਦਰਤ ਦੀ ਸਿਤਮ-ਜ਼ਰੀਫੀ ਇਹ ਹੈ ਕਿ ਰੋਸ਼ਨੀ ਦੇ ਇਸ ਨਵੇਂ ਯੁੱਗ ਵਿੱਚ ਵੀ ਮੇਰੇ ਪਿੰਡ ਵਿੱਚ ਕਿਸੇ ਪਾਸਿਉਂ ਰੋਸ਼ਨੀ ਦੀ ਕੋਈ ਕਿਰਨ ਪੂਰਾ ਜ਼ੋਰ ਲਾ ਕੇ ਵੀ ਪਹੁੰਚ ਨਹੀਂ ਸਕਦੀ। ਸਰਹਿੰਦ ਨਹਿਰ ਵਿੱਚੋਂ ਨਿਕਲਿਆ ਇੱਕ ਸੂਆ (ਰਜਬਾਹਾ) ਮੇਰੇ ਪਿੰਡ ਕੋਲੋਂ ਦੀ ਲੰਘਦਾ ਹੈ, ਪਰ ਉਸ ਦੇ ਪਾਣੀ ਦੀ ਇੱਕ ਤਿੱਪ ਵੀ ਮੇਰੇ ਪਿੰਡ ਦੀ ਧਰਤੀ ਦੇ ਪਿੰਡੇ ਨੂੰ ਨਸੀਬ ਨਹੀਂ। ਆਖਦੇ ਹਨ ਕਿ ਜਦੋਂ ਨਹਿਰ ਨਿਕਲੀ ਸਾਡੇ ਪੁਰਾਣੇ ਬਾਦਸ਼ਾਹ - ਮਲੇਰਕੋਟਲੇ ਦੇ ਨਵਾਬ - ਨੇ ਅੰਗਰੇਜ਼ਾਂ ਨੂੰ ਆਪਣੇ ਹਿੱਸੇ ਬਹਿੰਦੇ ਰੁਪਈਏ ਨਹੀਂ ਦਿੱਤੇ। ਇਸ ਕਰ ਕੇ ਸਾਡੇ ਪਿੰਡਾਂ ਨੂੰ ਪਾਣੀ ਨਹੀਂ ਮਿਲਿਆ। ਕਈ ਰਾਜ-ਭਗਤ ਕਹਿੰਦੇ ਹਨ ਕਿ ਪੈਸੇ ਤਾਂ ਸਾਡਾ ਨਵਾਬ ਦੇਂਦਾ ਸੀ, ਪਰ ਉਹ ਕਹਿੰਦਾ ਸੀ ਕਿ ਮੈਂ ਆਪਣੀ ਟਕਸਾਲ ਦੇ ਦੇਵਾਂਗਾਂ। ਇਸ ਕਰ ਕੇ ਖਟਪਟੀ ਹੋ ਗਈ। ਕਿਵੇਂ ਵੀ ਹੋਵੇ ਸਾਡੇ ਮਲੇਰਕੋਟਲੇ ਦੇ ਨਵਾਬ ਕੋਲ ਰੁਪਏ ਨਾ ਹੋਣ ਕਾਰਨ, ਜਾਂ ਕਿਸੇ ਤਰ੍ਹਾਂ ਹੋਰ ਸਾਂਝ ਨਾ ਪਾਉਣ ਕਰ ਕੇ, ਕਈ ਹੋਰ ਪਿੰਡਾਂ ਵਾਂਙ ਸਾਡੇ ਪਿੰਡ ਨੂੰ ਵੀ ਕੱਸੀ ਦਾ ਪਾਣੀ ਨਹੀਂ ਮਿਲਿਆ।

ਹੁਣ ਟਿਊਬਵੈੱਲਾਂ ਦੀ ਲਾਈਨ ਮੇਰੇ ਪਿੰਡ ਦੀ ਸਰਹੱਦ ਉੱਤੇ ਆ ਕੇ ਘੁਮਿਆਰ ਦੇ ਅੜੀਅਲ ਖੋਤੇ ਵਾਂਙ ਪੈਰ ਗੱਡ ਕੇ ਖੜੀ ਹੋ ਗਈ ਹੈ। ਹਸਪਤਾਲ ਤੇ ਸਕੂਲ ਮੇਰੇ ਪਿੰਡ ਤੋਂ ਓਨੇ ਹੀ ਦੂਰ ਹਨ ਜਿੰਨੇ ਪਹਿਲਾਂ ਸਨ। ਡਾਕ-ਘਰ ਹਾਲਾਂ ਤੱਕ ਪਹਿਲਾਂ ਵਾਲ਼ੀ ਥਾਂ ਤੇ ਹੀ ਝੰਡੇ ਬੁੰਗੇ ਗੱਡੀ ਬੈਠਾ ਹੈ। ਮੇਰੇ ਪਿੰਡ ਨੂੰ ਡਾਕਘਰ ਕੰਗਣਵਾਲ ਲੱਗਦਾ ਹੈ ਜੋ ਓੱਥੋਂ ਸਿਰਫ਼ ੧੫-੧੬ ਮੀਲ ਦੂਰ ਹੈ। ਓੱਥੋਂ ਡਾਕੀਆ

ਹਫ਼ਤੇ ਵਿੱਚ ਇੱਕ ਵਾਰ ਆਉਂਦਾ ਹੈ ਜੇ ਕਿਸੇ ਦਾ ਮਨੀ ਆਰਡਰ ੨੫ ਰੁਪਏ ਤੱਕ ਦਾ ਹੋਵੇ ਤਾਂ ਮਿਹਰਬਾਨੀ ਕਰ ਕੇ ਪਿੰਡਾਂ ਦੇ ਪੈਂਚਾਂ ਦੀ ਗਵਾਹੀ ਲੈ ਕੇ ਪਿੰਡ ਦੀ ਸੱਥ ਵਿੱਚ ਹੀ ਵਸੂਲ ਕਰਨ ਵਾਲੇ ਨੂੰ ਸੱਦ ਕੇ ਦੇ ਆਉਂਦਾ ਹੈ ਤਾਂ ਜੁ ਜਿੰਨਾ ਨੇ ਉਧਾਰ-ਸੁਧਾਰ ਲੈਣਾ ਹੋਵੇ ਉਹ ਅਗਲੇ ਦੇ ਪੈਸੇ ਘਰ ਲੈ ਜਾਣ ਤੋਂ ਪਹਿਲਾਂ ਹੀ ਲੈ ਲੈਣ। ਜੇ ਕਿਸੇ ਦੇ ਵਰ੍ਹਿਆਂ ਤੋਂ 'ਮਿਰਤ੍ਰਣ ਜਾਂ ਕਿਸੇ ਟਾਪੂ ਵਿੱਚ ਗਏ ਬੰਦੇ ਦੇ ਇਸ ਨਾਲੋਂ ਵੱਧ ਰੁਪਏ ਆ ਜਾਣ ਤਾਂ ਸਾਰੇ ਮਹੱਲੇ ਨੂੰ ਬਿਪਤਾ ਪੈ ਜਾਂਦੀ ਹੈ। ਡਾਕੀਆ ਘਰੇ ਸੁਨੇਹਾ ਪਹੁੰਚਾ ਜਾਂਦਾ ਹੈ ਕਿ 'ਥੋਡਾ ਮਨੀ ਆਰਡਰ ਐ, ਦੋ ਗਵਾਹ ਨਾਲ ਲੈ ਕੇ ਕੰਗਣਵਾਲੋਂ ਛੁਡਾ ਲਿਆਉਣਾ।' ਮਨੀ ਆਰਡਰ ਨਾ ਹੋਇਆ ਕੋਈ ਬੰਦਾ ਕ਼ੈਦ ਹੋ ਗਿਆ ਸਮਝੋ। ਜਿਵੇਂ ਉਸ ਦਾ ਜਾਮਨੀ ਬਿਨਾ ਛੁੱਟਣਾ ਮੁਸ਼ਕਿਲ ਹੋ ਗਿਆ ਹੋਵੇ?

ਇਸ 'ਨਮੂਨੇ' ਦੇ ਪਿੰਡ ਦੇ ਢੱਠੇ ਹੋਏ ਦਰਵਾਜ਼ੇ ਤੇ ਉੱਚੀਆਂ ਚੌਕੜੀਆਂ ਵਾਲੀ ਧਰਮਸਲਾ ਦੇ ਸਾਹਮਣੇ ਛੋਟਾ ਜਿਹਾ ਚੁਗਾਨ ਤੇ ਇਸ ਦੇ ਨਾਲ ਇੱਕ ਖੂਹ ਹੈ। ਇਹੋ ਮੇਰੇ ਪਿੰਡ ਦੀ ਸੱਥ ਹੈ ਜਿਥੇ ਪਾਰਲੀਮੈਂਟ ਤੇ ਅਸੈਂਬਲੀ ਨਾਲੋਂ ਵੱਧ ਚੁੰਝਾਂ ਦੇ ਭੇੜ ਹੋ ਕੇ ਹਰ ਇੱਕ ਬੋਲਦਾ ਚਾਲਦਾ ਬੰਦਾ ਆਪਣੀ ਰਾਏ ਪ੍ਰਗਟ ਕਰ ਕੇ ਸਰਬ ਸਧਾਰਨ ਨੂੰ ਲਾਭ ਪਹੁੰਚਾਉਂਦਾ ਹੈ। ਇਨ੍ਹਾਂ ਖੂਹਾਂ ਦੀਆਂ ਮੌਣਾਂ ਤੇ ਕੰਧਾਂ ਨਾਲ ਪਏ ਕਿੱਕਰਾਂ ਅਤੇ ਪਿੱਪਲਾਂ ਦੇ ਪੁਰਾਣੇ ਖੁੰਢਾਂ ਉੱਤੇ ਸਵੇਰੇ, ਹਾੜਾਂ ਵਿੱਚ ਸ਼ਾਮਾਂ ਨੂੰ, ਪਿੰਡ ਦੇ ਕੁਝ ਨੇਤਰਹੀਨ ਬਜ਼ੁਰਗ, ਅੰਗ-ਭੰਗ ਤੇ ਕੰਮ ਕਾਜ ਨਾ ਕਰ ਸਕਣ ਵਾਲੇ ਲੂਲੇ, ਲੰਗੜੇ, ਕਾਣੇ, ਬੁੱਢੇ-ਖੋਢੇ, ਦਮੇ ਦੇ ਖਾਧੇ ਸੱਤ ਅੱਠ ਪੂਰੇ ਨਖਰੇ ਨਾਲ ਆ ਜੁੜਦੇ ਹਨ। ਇੱਥੇ ਚੱਲ ਰਹੀ ਜ਼ਮਾਨੇ ਦੀ ਹਵਾ ਦੇ ਰੁਖ ਪੜਤਾਲਦੇ ਤੇ ਉਨ੍ਹਾਂ ਉੱਤੇ ਆਪਣੀਆਂ ਘੋਖਵੀਆਂ ਕ਼ੀਮਤੀ ਰਾਵਾਂ ਦੇਂਦੇ ਹਨ। ਕਦੇ ਕਦੇ ਕਿਸੇ ਵਿਹਲੇ ਦਿਨ ਲਾਗੇ ਦੇ ਖੁੰਢਾਂ ਉੱਤੇ ਪਿੰਡਾਂ ਦੇ ਕਈ ਨਿੱਕੇ ਵੱਡੇ ਮੁੰਡੇ-ਖੁੰਡੇ ਤੇ ਧੱਕੇ ਨਾਲ ਬਣੇ ਖੜਪੈਂਚ ਵੀ ਆ ਧਮਕਦੇ ਹਨ, 'ਸੁਣਾ ਚੰਨਣ ਸਿੰਹਾਂ, ਕੋਈ ਰੱਬ ਦੇ ਘਰ ਦੀ ਨਵੀਂ ਤਾਜ਼ੀ!' ਇਉਂ ਆਖ ਕੇ ਖੱਦਰ ਦਾ ਪਰਨਾ ਹੇਠਾਂ ਸੁੱਟ ਕੇ ਲੋਕਾਂ ਦੀ ਇਸ ਵਿਚਾਰ ਸਭਾ ਵਿੱਚ ਆ ਸ਼ਰੀਕ ਹੁੰਦੇ ਹਨ। ਆਪਣੀਆਂ ਦਿਮਾਗ਼ੀ ਚਤੁਰਾਈਆਂ ਨਾਲ ਜ਼ਿਮੀ ਅਸਮਾਨ ਦੇ ਉਹ ਕੁੰਡੇ ਮੇਲਦੇ ਹਨ ਕਿ ਕਲਪਣਾ ਹੱਫ ਕੇ ਡਿੱਗ ਪੈਂਦੀ ਹੈ।

ਮੇਰੇ ਪਿੰਡ ਨੂੰ ਚਾਰੇ ਪਾਸਿਆਂ ਤੋਂ ਟੋਭਿਆਂ ਨੇ ਘੇਰਿਆ ਹੋਇਆ ਹੈ। ਇੱਕ ਪਾਸੇ ਚਿਲਣਵਾਲਾ ਟੋਭਾ ਹੈ ਜਿੱਥੇ ਗਾਈਆਂ ਮਹੀਆਂ ਦਾ ਵੱਗ ਛਿੜਦਾ ਹੈ, ਦੂਜੇ ਪਾਸੇ ਵੱਡਾ ਟੋਭਾ ਹੈ ਜਿੱਥੇ ਸਾਉਣ ਦੇ ਮਹੀਨੇ ਕੁੜੀਆਂ ਪੀਘਾਂ ਪਾਉਂਦੀਆਂ ਹਨ ਤੇ ਨਵੀਂ ਵੱਢੀ ਮੱਕੀ ਦੇ ਟਾਂਡਿਆਂ ਦੇ ਮੁਹਾਰੇ ਲਾਏ ਜਾਂਦੇ ਹਨ। ਤੀਜੇ ਪਾਸੇ ਝਿੜੀ ਵਾਲਾ ਟੋਭਾ ਹੈ ਜਿੱਥੇ ਮੁਰਦਿਆਂ ਨੂੰ ਦੱਬਿਆ ਫੂਕਿਆ ਜਾਂਦਾ ਹੈ। ਚੌਥੇ ਪਾਸੇ ਚਮਾਰਾਂ ਦੀ ਛੱਪੜੀ ਹੈ – ਜਿਸ ਦੇ ਇੱਕ ਕੰਢੇ ਲੱਗੀ ਖੂਹੀ ਉੱਤੇ ਚਮਾਰਾਂ ਦੀਆਂ ਕੁੰਨਾਂ ਚੜ੍ਹੀਆਂ ਰਹਿੰਦੀਆਂ ਹਨ। ਦੂਰ ਪਰੇ ਨਵੇਂ ਪਿੰਡ ਦੀ ਢਾਬ ਹੈ। ਜਿੱਥੇ ਕਾਲ਼ੀ ਮਿੱਟੀ ਲਿਆ ਕੇ ਲੋਕ ਕੱਚੇ ਘਰਾਂ ਦੀਆਂ ਕੰਧਾਂ ਲਿਪਦੇ ਹਨ।

ਚਮਾਰਾਂ ਦੀ ਛੱਪੜੀ ਵਿੱਚ ਨਵੀਂ ਵੱਢੀ ਕਿੱਕਰ ਦਾ ਕਸ ਪਾ ਕੁੰਨਾਂ ਖੂਹੀਆਂ ਉੱਤੇ ਬੰਨ੍ਹ ਕੇ ਨਵੀਂ ਲਾਹੀ ਖੱਲ ਦਾ ਜਦੋਂ ਚਮੜਾ ਪਕਾਇਆ ਜਾਂਦਾ ਹੋਵੇ, ਦੂਜੇ ਟੋਭਿਆਂ ਦੇ ਟੋਇਆਂ ਵਿੱਚ ਸਣ ਤੇ ਸੁਣੱਕੜੇ ਦੇ ਗਰਨੇ ਦੱਬ ਕੇ ਸਾੜੇ ਜਾਂਦੇ ਹੋਣ ਅਤੇ ਕੱਚਾ ਗੋਹਾ ਮੀਂਹ ਪੈਣ ਨਾਲ ਰੂੜੀਆਂ ਤੋਂ ਸੜਿਹਾਂਦ ਛੱਡਦਾ ਹੋਵੇ ਤਾਂ ਪਿੰਡ ਦਾ ਸਾਰਾ ਵਾਯੂ ਮੰਡਲ ਕਸ਼ਮੀਰ ਦੀਆਂ 'ਕੇਸਰ ਕਿਆਰੀਆਂ' ਨਾਲੋਂ ਵੀ ਵੱਧ ਖੁਸ਼ਬੋ-ਭਿੰਨੀਆਂ ਹਵਾਵਾਂ ਨਾਲ ਮਹਿਕ ਉਠਦਾ ਹੈ।

ਅਜਿਹੀ ਬਹਾਰ ਵਿੱਚ ਇਹ ਟੋਭੇ ਜੋ ਨਜ਼ਾਰਾ ਪੇਸ਼ ਕਰਦੇ ਹਨ ਉਨ੍ਹਾਂ ਸਾਹਮਣੇ ਸ੍ਰੀ ਨਗਰ ਦੀ ਡੱਲ ਤੇ ਮਾਨਸਰੋਵਰ ਝੀਲ ਦੀਆਂ ਮਹਿਕਾਂ ਹੁਲਾਰਦੀਆਂ ਲਹਿਰਾਂ ਨੇ ਕੀ ਧਰਿਆ ਹੋਇਆ ਹੈ? ਟਿੱਬਿਆਂ ਨਾਲ ਘਿਰਿਆ ਹੋਇਆ ਮੇਰਾ ਪਿੰਡ ਦੂਰੋਂ ਇਉਂ ਲੱਗਦਾ ਹੈ ਜਿਵੇਂ ਹੜੱਪਾ-ਕਾਲ ਦੇ ਕਿਸੇ ਪੁਰਾਣੇ ਤੇ ਉੱਚੇ ਥੇਹ ਉੱਤੇ ਬਝਿਆ ਹੁੰਦਾ ਹੈ, ਪਰ ਜਦੋਂ ਥੋੜ੍ਹੇ ਜਿਹੇ ਮੀਂਹ ਪੈਣ ਨਾਲ ਹੜ੍ਹ ਆਉਣੇ ਸ਼ੁਰੂ ਹੁੰਦੇ ਹਨ ਤਾਂ ਅੱਧੇ ਪਿੰਡ ਦੀਆਂ ਕਾਛੜਾਂ ਵਿੱਚ ਪਾਣੀ ਆ ਵੜਦਾ ਹੈ।

ਮੇਰੇ ਪਿੰਡ ਦੀਆਂ ਖ਼ੂਬਸੂਰਤ ਗਲੀਆਂ ਦਾ ਪੂਰੇ ਵੇਰਵੇ ਨਾਲ ਵਰਨਣ ਮੈਂ ਇਸ ਕਰ ਕੇ ਨਹੀਂ ਕਰਦਾ ਕਿ ਕਿਧਰੇ ਚੰਡੀਗੜ੍ਹ ਨੂੰ ਸਿਰਜਣ ਵਾਲਾ ਫ਼ਰਾਂਸੀਸੀ ਇੰਨਜੀਨੀਅਰ ਸਾਡੇ ਪਿੰਡ ਨੂੰ ਹੀ ਵਹੀਰਾਂ ਨਾ ਪਾ ਦੇਵੇ। ਮੇਰੇ ਪਿੰਡ ਦੀਆਂ ਗਲੀਆਂ ਦੀ ਖ਼ੂਬਸੂਰਤੀ ਦਾ ਤੁਸੀਂ ਉਨ੍ਹਾਂ ਦੇ ਨਾਵਾਂ ਤੋਂ ਹੀ ਚੰਗੀ ਤਰ੍ਹਾਂ ਅੰਦਾਜ਼ਾ ਲਗਾ ਸਕੋਗੇ- ਭੀੜੀ ਬੀਹੀ, ਨੀਵੀਂ ਬੀਹੀ, ਉੱਚੀ ਬੀਹੀ। ਇਹ ਨਾਂ, ਨਾਮ ਮਾਤਰ ਨਹੀਂ ਸਗੋਂ ਕਈ ਹਕ਼ੀਕ਼ਤਾਂ ਆਪਣੀ ਗੋਦ ਵਿੱਚ ਲੁਕਾਈ ਬੈਠੇ ਹਨ। ਭੀੜੀ ਬੀਹੀ ਦਾ ਨਾਂ ਯਾਦ ਆਉਂਦਿਆਂ ਹੀ ਸੰਤ ਮਸਤੂਆਣੇ ਵਾਲਿਆਂ ਦੀ ਇੱਕ ਧਾਰਨਾ ਆਪ ਮੁਹਾਰੇ ਹੀ ਬੁੱਲ੍ਹਾਂ ਤੇ ਆ ਜਾਂਦੀ ਹੈ

'ਅਗੇ ਭੀੜੀਆਂ ਸੁਣੀ ਦੀਆਂ ਗਲੀਆਂ ਜਿੱਥੋਂ ਦੀ ਜਮ ਲੈ ਕੇ ਜਾਣਗੇ'।

ਸੰਤਾਂ ਨੂੰ ਕੌਣ ਦਸਦਾ ਕਿ ਉਨ੍ਹਾਂ ਗਲੀਆਂ ਵਿੱਚੋਂ ਇੱਕ ਸਾਡੇ ਪਿੰਡ ਵੀ ਹੈ, ਜਿੱਥੇ ਆਦਮੀ ਦੋਵਾਂ ਪਾਸਿਆਂ ਦੀਆਂ ਕੰਧਾਂ ਨੂੰ ਘਿਸਰੇ ਬਿਨਾ ਪਾਰ ਨਹੀਂ ਲੰਘ ਸਕਦਾ। ਨੀਵੀਂ ਗਲੀ ਤਾਂ ਜੇ ਕਿਸੇ ਦੇ ਬੂਹੇ ਅੱਗੇ ਡੋਲ੍ਹੇ ਪਾਣੀ ਤੋਂ ਪੈਰ ਤਿਲਕੇ ਤਾਂ ਬੰਦਾ ਅਗਲੇ ਸਿਰੇ ਤੇ ਜਾ ਕੇ ਭਾਵੇਂ ਲੱਭੇ। ਉੱਚੀ ਬੀਹੀ ਕੀ ਹੋਈ ! ਬਿਲਕੁਲ ਊਠ ਦੀ ਕੁਹਾਣ।

ਮੇਰੇ ਪਿੰਡ ਦੀ 'ਅਪਾਰ' ਖੁਸ਼ਹਾਲੀ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਪਤਾ ਲਗਾ ਸਕਦੇ ਹੋ ਕਿ ਉੱਥੋਂ ਦੀ ਹਰ ਸਾਂਝੀ ਚੀਜ਼ ਦਾ ਕੋਈ ਟਿਕਾਣਾ ਨਹੀਂ। ਮੇਰੇ ਪਿੰਡ ਦਾ ਪਟਵਾਰੀ ਜੋ ਇੱਕ ਤਰ੍ਹਾਂ ਪਿੰਡ ਦੀ 'ਰਾਜਧਾਨੀ' ਦਾ ਰਾਜਾ ਸੀ, ਪਟਵਾਰਖਾਨੇ ਦੀ ਇਮਾਰਤ ਢਹਿ ਜਾਣ ਕਰਕੇ ਅੱਜ ਕੱਲ ਕਿਸੇ ਦੇ ਬੈਠਕ ਵਾਲੇ ਮੰਜੇ ਤੇ ਬੈਠਾ ਮਿਲਿਆ ਗਿਆ ਹੈ। ਇਹ ਸ਼ੁਕਰ ਹੈ ਕਿ ਕਿਸੇ ਨੇ ਉਸ ਦੀ ਬਿਲਾਇਤ

Sri Satguru Jagjit Singh Ji Library Collection. Digitized by eGangotri Email: sikhdigitallibrary@gmail.com

ਹਾਲਾਂ ਕ਼ਾਇਮ ਹੈ। ਇੱਕ ਪ੍ਰਾਇਮਰੀ ਸਕੂਲ ਜੋ ਪਿੱਛੇ ਜਿਹੇ ਧੱਕੇ ਨਾਲ ਹੀ ਜਾਰੀ ਹੋ ਗਿਆ ਹੈ ਉਸ ਲਈ ਕੋਈ ਥਾਂ ਨਹੀਂ ਲੱਭਦੀ। ਕਦੇ ਗੁਰਦੁਆਰੇ ਦੀਆਂ ਕੋਠੜੀਆਂ ਵਿੱਚ ਤੇ ਕਦੇ ਵਾਹਣਾਂ ਵਿੱਚ ਟੈਗੋਰ ਦੇ ਸ਼ਾਂਤੀ ਨਿਕੇਤਨ ਵਾਂਙ ਜਮਾਤਾਂ ਲੱਗਦੀਆਂ ਸਨ।ਪਰ ਫਿਰ ਪਿੰਡੋਂ ਦੂਰ ਇੱਕ ਟਿੱਬੀ ਉਤੇ ਭੋਰੇ ਵਾਲੇ ਸਾਧ ਦੀ ਕੁਟੀਆ ਨੂੰ ਸਕੂਲ ਲਈ ਚੁਣ ਲਿਆ ਗਿਆ ਹੈ। ਬਿਨਾ ਰਿੰਗ ਫਟਕੜੀ ਲੱਗੇ ਇਉਂ ਸਕੂਲ ਦੀ ਇਮਾਰਤ ਲੱਭ ਲੈਣੀ ਕੀ ਛੋਟੀ ਜਿਹੀ ਸਿਆਣਪ ਹੈ ?

ਮੇਰੇ ਪਿੰਡ ਦੇ ਲੋਕ ਬੜੇ ਕਮਾਊ, ਦਿਨ ਰਾਤ ਇੱਕ ਕਰ ਕੇ ਜਾਨ ਮਾਰ ਕੇ ਫ਼ਸਲਾਂ ਪੈਦਾ ਕਰਨ ਵਾਲ਼ੇ ਕਾਮੇ ਕਿਸਾਨ ਹਨ। ਉਂਜ ਥਕੇਵਾਂ ਲਾਹੁਣ ਲਈ ਪਿੰਡ ਵਿੱਚ ਦੇਸੀ ਸ਼ਰਾਬ ਦਾ ਠੇਕਾ ਵੀ ਹੈ, ਪਰ ਮਲਵਈ ਚਾਹ ਦਾ ਗੁੜਾਉਣਾ ਉਨ੍ਹਾਂ ਦਾ ਆਮ ਸ਼ੁਗਲ ਹੈ। ਮੇਰੇ ਪਿੰਡ ਦੇ ਲੋਕ ਚੰਗੇ ਖੁਲ੍ਹ-ਦਿਲੇ ਲੰਘਦੇ ਰਾਹੀ ਪਾਂਧੀ ਨਾਲ ਫੜ੍ਹੇ-ਫੜੂਹੀ ਦੀ ਸਾਂਝ ਪਾਉਣ ਵਾਲੇ, ਚਾਹ ਪਾਣੀ ਪੀਣ ਪਿਆਉਣ ਤੇ ਖੜਕੇ ਦੜਕੇ ਵਾਲੇ ਬੰਦੇ ਹਨ। ਨਹਿਰਾਂ ਤੇ ਬੰਬੀਆਂ ਦਾ ਪਾਣੀ ਮੇਰੇ ਪਿੰਡ ਦੀ ਧਰਤੀ ਦੇ ਮੱਥੇ ਦੀ ਰੇਖਾ ਵਿੱਚ ਹੈ ਹੀ ਨਹੀਂ ਇਸ ਲਈ ਦਿਨ ਰਾਤ ਵਾਰੋ ਵਾਰੀ ਖੂਹਾਂ ਤੇ ਕੰਮ ਕਰਨ ਵਿੱਚ ਮੇਰੇ ਪਿੰਡ ਦੇ ਕਿਸਾਨਾਂ ਦੇ ਟਾਕਰੇ ਦੇ ਹੋਰ ਕਿਧਰੇ ਉੱਦਮੀ ਕਿਸਾਨ ਸ਼ਾਇਦ ਹੀ ਹੋਣ। ਸੁਹਣੀਆਂ ਲਹਿ-ਲਹਾਉਂਦੀਆਂ ਪੈਲ਼ੀਆਂ ਮੇਰੇ ਪਿੰਡ ਦਾ ਭਾਗ ਹਨ ਜਿਨ੍ਹਾਂ ਨੂੰ ਇਹ ਦਿਨ ਰਾਤ ਸਿੰਜਦੇ ਗੋਡਦੇ ਤੇ ਸਵਾਰਦੇ ਰਹਿੰਦੇ ਹਨ। ਇਨ੍ਹਾਂ ਨੂੰ ਬਾਹਰ ਦੀ ਦੁਨੀਆਂ ਨਾਲ ਕੀ, ਇਨ੍ਹਾਂ ਦੇ ਇਹ ਖੇਤ ਹਰੇ ਭਰੇ ਰਹਿਣ।

ਆਜ਼ਾਦੀ ਆਉਣ ਨਾਲ ਜਿੱਥੇ ਭਾਰਤ ਦੀ ਸਰਹੱਦ ਨੇੜੇ ਆ ਗਈ ਹੈ ਉੱਥੇ ਮੇਰਾ ਪਿੰਡ ਜਿਹੜਾ ਪਹਿਲਾਂ ਮਲੇਰਕੋਟਲੇ ਰਿਆਸਤ ਦਾ ਸਰਹੱਦੀ ਪਿੰਡ ਸੀ ਆਪਣੀ 'ਖ਼ਾਸ' ਮਹੱਤਤਾ ਗੁਆ ਬੈਠਾ ਹੈ। ਜਦੋਂ ਇਹ ਸਰਹੱਦੀ ਪਿੰਡ ਹੁੰਦਾ ਸੀ ਮਲੇਰਕੋਟਲੇ ਦੀ ਸਸਤੀ ਦੇਸੀ ਸ਼ਰਾਬ ਏਥੋਂ ਨਾਲ ਲੱਗਦੀਆਂ ਰਿਆਸਤਾਂ ਦੇ ਪਿੰਡਾਂ ਨੂੰ ਜਿਨ੍ਹਾਂ ਗੁਪਤ ਤਰੀਕਿਆਂ ਨਾਲ ਜਾਂਦੀ ਸੀ, ਉਹ ਨਜ਼ਾਰੇ ਜੀਉਂਦੇ ਜੀ ਨਹੀਂ ਭੁੱਲ ਸਕਦੇ। ਸਾਰਾ ਦਿਨ ਠੇਕੇਦਾਰ ਦੇ ਘਰ ਲਾਗਲੀਆਂ ਰਿਆਸਤਾਂ ਦੇ ਲੋਕ ਸ਼ਰਾਬ ਲੈਣ ਲਈ ਆਉਂਦੇ ਜਾਂਦੇ ਸਨ। ਮੈਨੂੰ ਯਾਦ ਹੈ ਕਿ ਸਾਡੇ ਪਿੰਡ ਪਹਿਲਾਂ ਪਾਣੀ ਦਾ ਨਲਕਾ ਉਸ ਨੇ ਇਸ ਕਰ ਕੇ ਲਗਾਇਆ ਸੀ ਕਿ ਬੋਤਲਾਂ ਵਿੱਚੋਂ ਸ਼ਰਾਬ ਕੱਢ ਕੇ ਉਸ ਦੀ ਥਾਂ ਪਾਣੀ ਪਾਇਆ ਜਾ ਸਕੇ। ਜਦੋਂ ਨਲਕਾ ਲਾ ਲਿਆ ਫੇਰ ਤਾਂ 'ਰੱਬ ਨੇ ਦਿੱਤੀਆਂ ਗਾਜਰਾਂ ਵਿੱਚੇ ਰੰਬਾ ਰੱਖ' ਵਾਲ਼ੀ ਗੱਲ ਬਣ ਗਈ।

ਮੇਰਾ ਪਿੰਡ (1961) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਔਖੇ ਲਫ਼ਜ਼

ਉੱਦਮੀ	enterprising, energetic (adj/u)
ਉਧਾਰ	credit (m)
ਉੱਨਤੀ	progress (f)
ਅਛੁਹ	untouched (adj/u)
ਅਜੂਬਾ	wonder, marvel (m)
ਅੰਗ-ਭੰਗ	disabled (adj/u)
ਅਲੋਪ	invisible (adj/u)
ਅੜੀਅਲ	stubborn, obstinate (adj/u)
ਸੱਥ	village square or meeting point (f)
ਸੰਘਣਾ	thick, dense (adj/i)
ਸੁਨੇਹਾ	message (m)
ਸਮੋਣਾ	to absorb, subsume (vt)
ਸੜਿਹਾਂਦ	stench (f)
ਸਾਊ	gentle, good-natured (adj/u)
ਸਾਧਾਰਨ	ordinary (adj/u)
ਸਿੰਜਣਾ	to irrigate (vt)
ਸਿਤਮ; ਸਿਤਮ ਜ਼ਰੀਫ਼ੀ	tyranny, injustice (m); ingeniousness in tyranny (f)
ਸੁਖਾਲਾ	easy (adj/i)
ਸੁਣੱਕੜਾ	hemp (m)
ਸੂਆ	canal distributary (m)
ਹੁਲਾਰਨਾ	to swing, sway (vt)
ਹੂਟਾ	swing (m)
ਕਮਾਊ	earning (adj/u)
ਕਰੀਰ	wild caper (f)
ਕਾਛੜ	marsh (f)
ਕਾਣਾ	blind in one eye (m)
ਕਿੱਕਰ	acacia (f)
ਕੁਹਾਣ	hump (of camel) (f)
ਕੁਟੀਆ	cottage (f)
ਕੁੰਨ	throng (f)
ਖਟਪਟੀ	quarrel, estrangement (f)
ਖੜਪੈਂਚ	self-appointed headman or leader (m)
ਖ਼ੁਸ਼ਹਾਲੀ	prosperity, affluence (f)
ਖ਼ੁਸ਼ਕਿਸਮਤ	fortunate, lucky (adj/u)
ਖ਼ੁਸ਼ਬੋ-ਭਿੰਨਾ	full of fragrance (adj/i)
ਖੁੰਢ	unhewn tree trunk; *fig.* old person (m)
ਗਰਨਾ	sheaf (m)
ਗਵਾਹੀ	testimony, evidence (f)
ਗੁੜਾਉਣਾ	to brew (vt)
ਗੋਹਾ	dung, cowdung (m)

Sri Satguru Jagjit Singh Ji eLibrary NamdhariElibrary@gmail.com

ਗੋਡਣਾ	to hoe, weed (vt)
ਘੁਮਿਆਰ	potter (m)
ਘੋਖਵਾ	scrutinous (adj/i)
ਚੱਕਬੰਦੀ	demarcation of village land (f)
ਚੀਲ	pine tree (f)
ਚੁਗਾਨ	any open space, ground (m)
ਚੁੰਝ, ਚੁੰਝਾਂ ਲੜਾਉਣੀਆਂ	beak (f), to wrangle or argue
ਚੁਬਾਰਾ	room on the first floor (m)
ਚੌਧਰੀ	chief of village or community (m), an honorific
ਜਚਣਾ	to be seemly, suitable (vi)
ਜੰਡ	a tree found in desert regions (m)
ਜਾਮਨੀ (ਜ਼ਮਾਨਤ)	bail (f)
ਜੂਹ	uncultivated open land near the village (f)
ਟਾਂਡਾ	stalk of corn or millet (m)
ਟਾਪੂ	island (m)
ਟਿੱਬਾ	mound, dune (m)
ਟੋਭਾ	pond (m)
ਡਾਰ	line or file (of birds or animals) (f)
ਤਿੱਪ	drop (f)
ਥਕੇਵਾਂ	fatigue (m)
ਦਿਮਾਗ਼ੀ	mental, intellectual (adj/u)
ਧਰਮਸਾਲਾ	place of worship (f)
ਨਿੰਮ	Neem tree, *Azadirachta indica* (f)
ਨੇਤਰਹੀਨ	blind (adj/u)
ਪ੍ਰਦਰਸ਼ਨੀ	exhibit (f)
ਪਾਂਧੀ	traveler (m)
ਪੈਲੀ	arable field (f)
ਫਲਾਹੀ	a species of tree, *Aca‹ia modesta* (f)
ਫਰਵਾਂਹ	a species of fir growing in semi-desert plains (m)
ਬਦਕਿਸਮਤ	unlucky (adj/u)
ਬੰਬੀ	tube-well (f)
ਬਿਪਤਾ	calamity, distress (f)
ਬੇਤਰਤੀਬ	disorganized (adj/u)
ਬੇਰ/ਬੇਰੀ	berry, jujube (m/f)
ਭੜੀ	raised boundary line between fields (f)
ਭਾਗਵਾਨ ਲਾਣਾ	fortunate family (m)
ਭੋਰਾ	underground cell, crypt (m)
ਮੁਰੱਬਾ	a square tract of 25 acres (m)
ਮਲਵਈ	belonging or pertaining to the Malwa region (adj/u)
ਮੁਖੀ	chief (m)
ਮੌਣ	the edge of a well (f)
ਰਾਜ-ਭਗਤ	patriot (m)

Sri Satguru Jagjit Singh Ji eLibrary NamdhariElibrary@gmail.com

ਰੂੜੀ	manure (f)
ਲੰਗੜਾ	lame, especially in the foot/leg so as to limp (m)
ਲਿੰਬਣਾ	to plaster (usually with mud) (vt)
ਲੂਲਾ	crippled, disabled (m)
ਵਹੀਰ	group of people on the move (m)
ਵੱਗ	herd of cattle (m)
ਵਾਹਣ	vehicle (m)

ਵਿਚਾਰ-ਵਟਾਂਦਰੇ ਲਈ ਸੁਆਲ:

1. ਗਿਆਨੀ ਗੁਰਦਿੱਤ ਸਿੰਘ ਅਤੇ ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਆਪਣਿਆਂ ਪਿੰਡਾਂ ਬਾਰੇ ਵਿਸਥਾਰ ਨਾਲ ਵਰਣਨ ਕੀਤਾ ਹੈ। ਇਨ੍ਹਾਂ ਦਿਆਂ ਪਿੰਡਾਂ ਵਿਚਕਾਰ ਤੁਹਾਨੂੰ ਕਿਹੜੀਆਂ ਸਮਾਨਤਾਵਾਂ ਜਾਂ ਫ਼ਰਕ ਨਜ਼ਰ ਆਉਂਦੇ ਹਨ?

2. ਗਿਆਨੀ ਜੀ ਦੇ ਪਿੰਡ ਮਿੱਠੇਵਾਲ ਤੇ ਟੈਕਨਾਲੋਜੀ ਦੀ ਤਰੱਕੀ ਦਾ ਕੀ ਅਸਰ ਹੋਇਆ?

3. ਜੇ ਤੁਹਾਨੂੰ ਕਿਸੇ ਪਿੰਡ ਵਿੱਚ ਇੱਕ ਮਹੀਨਾ ਕੱਟਣਾ ਪਵੇ, ਤਾਂ ਤੁਸੀਂ 'ਪਾਤਸ਼ਾਹਣੀ' ਜਾਂ 'ਮਿੱਠੇਵਾਲ' ਵਿੱਚ ਰਹਿਣਾ ਪਸੰਦ ਕਰੋਗੇ? ਵਿਸਥਾਰ ਨਾਲ ਦੱਸੋ।

Sri Satguru Jagjit Singh Ji eLibrary NamdhariElibrary@gmail.com

Lesson 40
ਸਬਕ ੪੦
ਪਿਆਰਾ ਸਿੰਘ ਪਦਮ

ਹੱਥ ਲਿਖਤਾਂ

ਜਿਸ ਤਰ੍ਹਾਂ ਪੰਜਾਂ ਤੱਤਾਂ ਤੋਂ ਸਾਡੇ ਸਰੀਰ ਦੀ ਬਣਤਰ ਬਣਦੀ ਦੱਸੀ ਜਾਂਦੀ ਹੈ, ਉਸ ਤਰ੍ਹਾਂ ਹੀ ਕਿਸੇ ਹੱਥ ਲਿਖਤ ਦੀ ਤਿਆਰੀ ਲਈ ਪੰਜ ਚੀਜ਼ਾਂ ਲਾਜ਼ਮੀ ਹਨ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਪੰਜਾਂ ਵਸਤੂਆਂ ਦੀ ਗਿਣਤੀ ਇਉਂ ਕੀਤੀ ਹੈ:

ਧੰਨੁ ਸੁ ਕਾਗਦ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮ ਲਿਖਾਇਆ ਸਚੁ॥
ਗੁਰੂ ਗ੍ਰੰਥ, ਪੰਨਾ 1291

ਇਹ ਹਨ: ਕਾਗ਼ਜ਼, ਕ਼ਲਮ, ਸਿਆਹੀ, ਦਵਾਤ ਤੇ ਲਿਖਾਰੀ (ਕਾਤਿਬ)। ਅਰਬੀ ਵਿੱਚ 'ਕਿਤਾਬ' ਲਿਖੀ ਹੋਈ ਚੀਜ਼ ਨੂੰ ਕਹਿੰਦੇ ਹਨ। 'ਕ਼ੁਰਾਨ' ਦਾ ਅੱਖਰੀ ਅਰਥ 'ਪੜ੍ਹਨਾ' ਹੈ। ਬਾਇਬਲ ਦਾ ਅਰਥ 'ਕਿਤਾਬਾਂ ਦੀ ਕਿਤਾਬ' ਹੈ ਕਿਉਂਕਿ ਇਸ ਵਿੱਚ ਛਿਆਠ ਕਿਤਾਬਾਂ ਸੰਕਲਿਤ ਹਨ। ਇਸੇ ਤਰ੍ਹਾਂ 'ਗ੍ਰੰਥ' ਕਿਸੇ ਲਿਖਤੀ ਪੱਤਰਿਆਂ ਨੂੰ ਬੀੜ ਕੇ ਇੱਕ ਥਾਂ ਗੁੰਦਣ ਦਾ ਨਾਂ ਹੈ। ਸੋ ਇਹ ਸਭ ਪੁਰਾਣੇ ਨਾਂ ਲਿਖਤ ਵਿਦਿਆ ਦਾ ਚਮਤਕਾਰ ਭਲੀ ਭਾਂਤ ਦਰਸਾਉਂਦੇ ਹਨ।

ਅਸੀਂ ਇਸ ਲਿਖਤ ਵਿਦਿਆ ਦੇ ਬੁਨਿਆਦੀ ਸਾਧਨਾਂ ਬਾਰੇ ਇੱਥੇ ਜ਼ਰਾ ਵੇਰਵੇ ਨਾਲ਼ ਗੱਲ ਕਰਦੇ ਹਾਂ।

(1) **ਕਾਗ਼ਜ਼:** ਸੰਸਕ੍ਰਿਤ ਵਿੱਚ ਕਾਗ਼ਜ਼ ਲਈ ਕੋਈ ਸ਼ਬਦ ਨਹੀਂ! 'ਪੱਤਰ' ਸ਼ਬਦ ਇਸ ਲਈ ਵਰਤਿਆ ਜਾਂਦਾ ਹੈ ਕਿਉਂਕਿ ਇੱਥੇ ਆਮ ਤੌਰ ਤੇ ਭੋਜ ਪੱਤਰ, ਤਾੜ-ਪੱਤਰ ਜਾਂ ਤਾਮਰ ਪੱਤਰ ਆਦਿ ਹੀ ਲਿਖਣ ਲਈ ਵਰਤੇ ਜਾਂਦੇ ਸਨ। ਅਰਬੀ ਲੋਕ ਕਾਗ਼ਜ਼ ਨੂੰ ਕਿਰਤਾਸ ਵੀ ਕਹਿੰਦੇ ਹਨ, ਜਿਵੇਂ ਭਾਈ ਗੁਰਦਾਸ ਨੇ ਲਿਖਿਆ ਹੈ, 'ਕੁਟਿ ਕੁਟਿ ਸਣ ਕਿਰਤਾਸ ਬਣਾਇਆ'। ਪੁਰਾਣੀ ਪੰਜਾਬੀ ਵਿੱਚ ਕਾਗਦ, ਕਾਗਰ ਤੇ ਕਾਗਲ਼ ਵੀ ਵਰਤੇ ਮਿਲ਼ਦੇ ਹਨ। ਕਾਗ਼ਜ਼ ਦੀ ਕਹਾਣੀ ਇਉਂ ਹੈ, ਜਦੋਂ 704 ਈਸਵੀ ਵਿੱਚ ਅਰਬਾਂ ਨੇ ਸਮਰਕੰਦ ਫ਼ਤਹਿ ਕੀਤਾ ਤਾਂ ਕੁੱਝ ਚੀਨੀ ਸਿਪਾਹੀ ਕ਼ੈਦ ਕੀਤੇ ਗਏ। ਇਹ ਲੋਕ ਰੂੰ ਤੇ ਪਾਟੇ ਚੀਥੜ੍ਹਿਆਂ ਆਦਿ ਤੋਂ ਕਾਗ਼ਜ਼ ਬਣਾਉਣ ਦੀ ਵਿਧੀ ਜਾਣਦੇ ਸਨ। ਸੋ ਇਨ੍ਹਾਂ ਕ਼ੈਦੀਆਂ ਤੋਂ ਅਰਬਾਂ ਨੇ ਇਹ ਜੁਗਤ ਸਿੱਖੀ ਤੇ ਫਿਰ ਇਹ ਹੁਨਰ ਯੂਨਾਨ, ਇਟਲੀ, ਸਪੇਨ, ਜਰਮਨੀ ਤੇ ਇੰਗਲੈਂਡ ਵਿੱਚ ਪ੍ਰਚੱਲਤ ਹੋਇਆ। ਹਿੰਦ ਵਿੱਚ ਕਾਗ਼ਜ਼ ਬਣਾਉਣ ਦੀ ਵਿਦਿਆ ਸ਼ਾਇਦ ਮੁਸਲਮਾਨਾਂ ਨਾਲ਼ ਆਈ ਅਤੇ ਲਿਖਣ ਲਿਖਾਉਣ ਦੇ ਕਿੱਤੇ ਨੂੰ ਵੀ ਜ਼ਰਾ ਹੋਰ ਪ੍ਰਫੁਲਤ ਹੋਣ ਦਾ ਉਤਸ਼ਾਹ ਮਿਲਿਆ। ਕਾਗ਼ਜ਼, ਕ਼ਲਮ, ਦਵਾਤ, ਅਰਬੀ ਸ਼ਬਦ ਹਨ; ਸਿਆਹੀ ਫ਼ਾਰਸੀ ਲਫ਼ਜ਼ ਹੈ। ਸੋ ਇਹ ਸਾਰੀ ਸ਼ਬਦਾਵਲੀ ਦੱਸਦੀ ਹੈ ਕਿ ਵਰਤਮਾਨ ਲਿਖਤ-ਪੜ੍ਹਤ ਦਾ ਸੰਬੰਧ ਮੁਸਲਮਾਨੀ ਆਮਦ ਤੋਂ ਪ੍ਰਭਾਵਿਤ ਹੈ। ਮਸੌਦੇ ਦਾ ਅੱਖਰੀ ਅਰਥ ਕਾਲ਼ਾ ਕੀਤਾ, ਭਾਵ ਲਿਖਿਆ ਕਾਗ਼ਜ਼ ਹੈ। 'ਖ਼ਤ' ਵੀ ਅਰਬੀ ਪਦ ਹੈ, ਇਸ ਦਾ ਅਰਥ 'ਖਿਚਣਾ' ਹੈ। ਚੂੰਕਿ ਕਾਗ਼ਜ਼ ਤੇ ਲਿਖਣ ਤੋਂ ਪਹਿਲਾਂ ਸੇਧ ਲਈ ਲਾਈਨਾਂ ਮਾਰੀਆਂ ਜਾਂਦੀਆਂ ਸਨ, ਇਸ ਕਰ ਕੇ ਜ਼ਰਾ ਪਿੱਛੋਂ ਜਾ ਕੇ 'ਖ਼ਤ' ਵੀ ਲਿਖਤ ਦੇ ਅਰਥਾਂ ਵਿੱਚ ਵਰਤਿਆ ਜਾਣ ਲੱਗਾ। ਚੰਗੀ ਲਿਖਾਈ ਨੂੰ 'ਖ਼ੁਸ਼ਖ਼ਤ' ਕਿਹਾ ਜਾਂਦਾ ਹੈ ਅਤੇ ਲਿਖੇ ਹੋਏ ਖਰੜੇ ਨੂੰ 'ਮਖ਼ਤੂਤ' ਸੱਦਦੇ ਹਨ।

ਕਾਗ਼ਜ਼ ਆਮ ਤੌਰ ਤੇ ਬ੍ਰਿੱਛਾਂ, ਬੂਟਿਆਂ ਜਾਂ ਖ਼ਾਸ ਕ਼ਿਸਮ ਦੇ ਘਾਹ ਦਾ ਘੋਲ ਬਣਾ ਕੇ ਤਿਆਰ ਕੀਤਾ ਜਾਂਦਾ ਹੈ। ਬਨਾਸਪਤੀ ਵਿੱਚ ਇੱਕ ਖ਼ਾਸ ਮਾਦਾ 'ਸੇਲਿਓਲੂਸ' ਹੁੰਦਾ ਹੈ ਤੇ ਇਹੋ ਰੇਸ਼ੇ ਕਾਗ਼ਜ਼ ਬਣਨ ਦੇ ਕੰਮ ਆਉਂਦੇ ਹਨ। 'ਪੇਪਰ' ਸ਼ਬਦ ਪਿਪਰ ਤੋਂ ਬਣਿਆ ਹੈ, ਜੋ ਮਿਸਰ ਵਿੱਚ ਦਰਿਆ ਕੰਢੇ ਉੱਗੀ ਕਾਹੀ ਨੂੰ ਕਹਿੰਦੇ ਸਨ।ਪੰਜਾਬ ਵਿੱਚ ਕਾਗ਼ਜ਼ ਵਧੇਰੇ ਕਸ਼ਮੀਰ ਜਾਂ ਸਿਆਲਕੋਟ ਵਿੱਚ ਤਿਆਰ ਹੁੰਦਾ ਸੀ ਤੇ ਕਸ਼ਮੀਰੀ ਕਾਗ਼ਜ਼ ਜ਼ਿਆਦਾ ਹੰਢਣਸਾਰ ਮੰਨਿਆ ਜਾਂਦਾ ਸੀ।

(2) **ਕ਼ਲਮ** ਅਰਬੀ ਲਫ਼ਜ਼ ਹੈ, ਜਿਸ ਦਾ ਅਰਥ ਕੱਟਣਾ ਜਾਂ ਘੜਨਾ ਹੈ। ਜੋ ਚੀਜ਼ ਕੱਟ ਘੜ ਕੇ ਬਣਾਈ ਜਾਵੇ ਸੋ ਕ਼ਲਮ ਹੈ, ਸਰਕੜੇ ਦੇ ਕਾਨੇ ਤੋਂ ਬਣਨ ਕਰ ਕੇ ਇਸ ਨੂੰ 'ਕਾਨੀ' ਵੀ ਕਿਹਾ ਜਾਂਦਾ ਹੈ। ਇਹ ਕਾਨਾ ਖ਼ਾਸ ਕ਼ਿਸਮ ਦਾ ਹੁੰਦਾ ਸੀ, ਜਿਸ ਨੂੰ ਜ਼ਰਾ ਸੇਕ ਦੇ ਕੇ ਤਿਆਰ ਕੀਤਾ ਜਾਂਦਾ ਸੀ। ਇਸ ਨਾਲ਼ ਉਤਲਾ ਛਿਲਕਾ ਨਹੀਂ ਸੀ ਲਹਿੰਦਾ। ਫਿਰ ਕ਼ਲਮ ਘੜਨਾ ਇੱਕ ਖ਼ਾਸ ਹੁਨਰ ਸੀ, ਮੋਟੀ, ਬਾਰੀਕ ਜਾਂ ਦਰਮਿਆਨੀ ਤੇ ਇਸ ਵਿੱਚ ਚੀਰ ਪਾਉਣਾ ਵੀ ਜ਼ਰੂਰੀ ਸੀ ਤਾਂ ਕਿ ਸਿਆਹੀ ਚੱਲਦੀ ਰਹੇ।

ਗੁਰੂ ਗੋਬਿੰਦ ਸਿੰਘ ਜੀ ਦੇ ਜ਼ਮਾਨੇ ਪੁਰਤਗਾਲੀ ਲੋਕ ਨਿੱਬ ਲੈ ਆਏ ਸਨ ਤੇ ਗੁਰੂ ਸਾਹਿਬ ਕਈ ਵਾਰ ਇਨ੍ਹਾਂ ਦੀ ਵਰਤੋਂ ਕਰਦੇ ਸਨ। ਇਸ ਕਰ ਕੇ ਇਹ ਰਵਾਇਤ ਚੱਲੀ ਕਿ ਗੁਰੂ ਸਾਹਿਬ ਤੀਰ ਨਾਲ਼ ਲਿਖਦੇ ਹਨ। ਦਰਅਸਲ ਇਹ ਤੀਰ ਇੱਕ ਪਰਕਾਰ ਦੀ ਨਿੱਬ ਹੀ ਸਨ। ਅੰਗ੍ਰੇਜ਼ੀ 'ਪੈੱਨ' ਸ਼ਬਦ ਲਾਤੀਨੀ penna ਤੋਂ ਬਣਿਆ ਹੈ, ਜਿਸ ਦਾ ਅਰਥ 'ਪੰਛੀ ਦਾ ਖੰਭ' ਹੈ। ਕਿਸੇ ਸਮੇਂ ਕਈ ਸ਼ੌਕ਼ੀਨ ਲਿਖਾਰੀ ਇਸੇ ਦੀ ਵਰਤੋਂ ਕਰਦੇ ਸਨ। ਹੁਣ ਵੀ ਹਿੰਦ ਵਿੱਚ ਕਿਤੇ ਕਿਤੇ ਇਸ ਦਾ ਪ੍ਰਯੋਗ ਹੈ, ਸਜਾਵਟ ਲਈ ਖੰਭ ਦੇ ਮੂਹਰਲੇ ਪਾਸੇ

ਲਿਖਣ ਵਾਲ਼ੀ ਨੋਕ ਬਣਾ ਲਈ ਜਾਂਦੀ ਹੈ। ਹੁਣ ਨਵੀਂ ਕ਼ਿਸਮ ਦੇ ਪੈੱਨ ਇਸ ਤਰ੍ਹਾਂ ਦੇ ਚੱਲ ਪਏ ਹਨ ਕਿ ਉਨ੍ਹਾਂ ਵਿੱਚ ਸਿਆਹੀ ਭਰੀ ਹੁੰਦੀ ਹੈ, ਵੱਖਰੀ ਦਵਾਤ ਦੀ ਲੋੜ ਨਹੀਂ ਪੈਂਦੀ। ਬਾਲ ਪੈੱਨ ਇੱਕ ਹੋਰ ਨਵੀਂ ਕਾਢ ਆ ਗਈ।

(3) **ਸਿਆਹੀ** - ਫ਼ਾਰਸੀ ਜ਼ੁਬਾਨ ਦਾ ਲਫ਼ਜ਼ ਹੈ, ਜਿਸ ਦਾ ਅਰਥ ਹੈ ਕਾਲ਼ਾ। ਸੰਸਕ੍ਰਿਤ ਪਦ 'ਮਸਿ' ਹੈ, ਇਸੇ ਦਾ ਇੱਕ ਰੂਪ ਮਸੁ ਹੈ। ਇਹ ਕਈ ਤਰ੍ਹਾਂ ਤਿਆਰ ਕੀਤੀ ਜਾਂਦੀ ਸੀ, ਇਸ ਦਾ ਚਮਕਦਾਰ ਤੇ ਪੱਕਿਆ ਹੋਣਾ ਜ਼ਰੂਰੀ ਸੀ। ਪਹਿਲੇ ਪਹਿਲ ਕੱਜਲ ਵਿੱਚ ਸਰੇਸ਼ ਪਾ ਕੇ ਸਿਆਹੀ ਬਣਾਉਂਦੇ ਸਨ, ਫਿਰ ਮਾਜੂ ਫਲ਼ ਤੇ ਕਸੀਸ ਮਿਲਾ ਕੇ ਵਰਤਦੇ ਰਹੇ, ਤ੍ਰਿਫਲੇ ਦਾ ਪਾਣੀ ਵੀ ਮਿਲਾਇਆ ਜਾਂਦਾ ਸੀ। ਸਿਆਹੀ ਬਣਾਉਣਾ, ਬੜੀ ਮਿਹਨਤ ਤੇ ਸਿਆਣਪ ਦਾ ਕੰਮ ਸੀ। ਕਈ ਵਾਰ ਬਣੀ ਬਣਾਈ ਸਿਆਹੀ ਮੁੱਲ ਲੈ ਲਈ ਜਾਂਦੀ ਸੀ, ਪਰ ਆਮ ਤੌਰ ਤੇ ਬਹੁਤੇ ਲਿਖਾਰੀ ਖ਼ੁਦ ਹੀ ਚੰਗੀ ਸਿਆਹੀ ਤਿਆਰ ਕਰਦੇ ਸਨ। ਇਸ ਮੰਤਵ ਨੂੰ ਮੁਖ ਰਖ ਕੇ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਹੱਥ-ਲਿਖਤ ਬੀੜਾਂ ਦੇ ਵਾਧੂ ਪੱਤਰਿਆਂ ਉੱਤੇ 'ਸਿਆਹੀ ਕੀ ਵਿਧੀ' ਆਮ ਲਿਖੀ ਮਿਲ਼ਦੀ ਹੈ।

ਕੱਜਲ ਵਜ਼ਨ ਸਰਸਾਹੀ ੧ ਬੋਲ ਸਰਸਾਹੀ ੨
ਸਰਸਾਹੀ ਦੁਇ ਗੂੰਦ ਕਿੱਕਰ ਕਾ, ਇੱਕ ਰੱਤੀ ਲਾਜਵਰਦ
ਇੱਕ ਰੱਤੀ ਸੁਇਨਾ, ਬਿਜੈਸਾਰ ਕਾ ਪਾਣੀ, ਤਾਂਬੇ ਕਾ ਭਾਂਡਾ
ਨਿੰਮ ਕੀ ਲਕੜੀ, ਦੂਰ ਕਾ ਕੱਜਲ, ਦਿਨ ਵੀਹ ਘਸਾਉਣੀ।

ਬਿਜੈਸਾਰ ਭੰਗਰੇ ਨੂੰ ਕਹਿੰਦੇ ਹਨ, ਇਸ ਦੇ ਪਾਣੀ ਵਿੱਚ ਕਾਲ਼ਾ ਰੰਗ ਹੁੰਦਾ ਹੈ। ਕਈ ਥਾਂ ਸਿਆਹੀ ਦੇ ਨੁਸਖ਼ਿਆਂ ਵਿੱਚ ਭੇਦ ਹੈ। ਇੱਕ ਬੀੜ ਉੱਤੇ ਇਸ ਪਰਕਾਰ ਇੱਕ ਵੱਡਾ ਨੁਸਖ਼ਾ ਲਿਖਿਆ ਮਿਲ਼ਦਾ ਹੈ:

1 ਸਰਸਾਹੀ ਕਜਲੁ ਦੀਵੇ ਕਾ ਗੁਲ, 1 ਸਰਸਾਹੀ ਬੋਲਿ
1 ਸਰਸਾਹੀ ਨੀਲ ਹੱਛਾ ਖਰਾ, 1 ਸਰਸਾਹੀ ਸੰਗ੍ਰਫ਼
1 ਮਾਸਾ ਭਰ ਸੁਇਨਾ ਕੁੰਦਨ ਪਾਵਣਾ, ਅੱਧ ਸਰਸਾਹੀ ਕੇਸਰ
3 ਸਰਸਾਹੀ ਮਾਜੂ ਕਾਲ਼ੇ ਕਾਹੀ, ਹੱਛੀ ਕਸੀਰ ਤੋਲਾ, ਕਸਤੂਰੀ ਹੱਛੀ, ਇਹ ਸਭ ਵਸਤੂਆਂ ਕੱਪੜਛਾਣ ਕਰਨੀਆਂ। ਭੰਗਰੇ ਕੇ ਪਾਣੀ ਵਿੱਚ ਭੇਂਵ ਕੇ ਘੋਟਣੀਆਂ ਤਾਂਬੇ ਦਾ ਭਾਂਡਾ, ਨਿੰਮ ਕੀ ਲਕੜੀ। ਪੰਜ ਸਰਸਾਹੀ ਲਾਖ ਰੰਗ ਕੀ ਲੈਣੀ, 2 ਸਰਸਾਹੀ ਕੰਛਨਖਾਰ ਹੱਛੀ ਲੈਣੀ, ਸਰਸਾਹੀ ਬਿਜੈਸਾਰ ਲੈਣਾ, 1 ਸਰਸਾਹੀ ਸੁਹਾਗਾ ਲੈਣਾ
1 ਸਰਸਾਹੀ ਨੀਲਾ ਥੋਥਾ ਲੈਣਾ, ਅੱਧ ਸਰਸਾਹੀ ਫਟਕੜੀ ਲੈਣੀ
5 ਸਰਸਾਹੀ ਅਨਾਰ ਕੇ ਛਿੱਲੜ ਲੈਣੇ, ਦਿਨ ਤੀਹ ਘੋਟਣੀ।

ਅਜਿਹੀ ਸਮੱਗਰੀ ਤੇ ਵਿਧੀ ਨਾਲ਼ ਬਣੀ ਸਿਆਹੀ ਦੀ ਖ਼ੂਬੀ ਇਹ ਸੀ ਕਿ ਇਹ ਮਿਟਦੀ ਨਹੀਂ ਸੀ, ਦੇਰ ਪੈਣ ਨਾਲ਼ ਮੱਧਮ ਨਹੀਂ ਸੀ ਹੁੰਦੀ, ਸਦਾ ਚਮਕਦੀ ਰਹਿੰਦੀ ਸੀ। ਬਰਸਾਤੀ ਅਸਰ ਨਾਲ਼ ਪੱਤਰਿਆਂ ਨੂੰ ਜੋੜਦੀ ਨਹੀਂ ਸੀ। ਨਿੰਮ ਦੀ ਲੱਕੜ ਨਾਲ਼ ਘਸਾਈ ਹੋਣ ਕਰ ਕੇ ਕਿਤਾਬ ਨੂੰ ਕੀੜਾ ਨਹੀਂ ਸੀ ਲੱਗਦਾ। ਨੀਲਾ ਥੋਥਾ ਪਾਉਣ ਦਾ ਮੰਤਵ ਵੀ ਇਹੋ ਸੀ।

ਅਠਾਰਵੀਂ ਸਦੀ ਵਿੱਚ **'ਅੱਡਣਸ਼ਾਹੀ ਸਿਆਹੀ'** ਖ਼ਾਸੀ ਮਸ਼ਹੂਰ ਸੀ। ਕਿਉਂਕਿ ਇਹ ਸੇਵਾਪੰਥੀ ਸਾਧੂ ਆਪਣੇ ਡੇਰਿਆਂ ਵਿੱਚ ਬੈਠੇ ਕਿਤਾਬਾਂ ਲਿਖਦੇ ਰਹਿੰਦੇ ਸਨ ਤੇ ਚੰਗੀ ਸਿਆਹੀ ਖ਼ੁਦ ਤਿਆਰ ਕਰਦੇ ਸਨ ਅਤੇ ਕਈ ਲੋੜਵੰਦ ਇਨ੍ਹਾਂ ਤੋਂ ਮੁੱਲ ਵੀ ਲੈ ਜਾਂਦੇ ਸਨ। ਕਈ ਸ਼ੌਕ਼ੀਨ ਗੁਪਤ ਸਿਆਹੀਆਂ ਵੀ ਵਰਤਦੇ ਸਨ, ਇਹ ਆਸ਼ਕ਼ਾਂ ਤੇ ਨੀਤੀਵਾਨਾਂ ਦੇ ਵਰਤਣ ਲਈ ਸਨ। ਕਾਗ਼ਜ਼ ਉੱਤੇ ਕਿਸੇ ਮਾਦੇ ਨਾਲ਼ ਸੰਦੇਸ਼ ਲਿਖ ਦਿੱਤਾ ਜਾਂਦਾ ਸੀ ਅਤੇ ਪੜ੍ਹਨ ਵਾਲ਼ਾ ਉਸ ਉੱਤੇ ਕੋਈ ਦਵਾਈ ਲਾ ਕੇ ਜਾਂ ਅੱਗ ਮੂਹਰੇ ਕਰ ਕੇ ਪੜ੍ਹ ਲੈਂਦਾ ਸੀ ਕਿਉਂਕਿ ਸੇਕ ਲਗਣ ਨਾਲ਼ ਅੱਖਰ ਆਪੇ ਉਘੜ ਆਉਂਦੇ ਸਨ।

ਅਨੰਦਪੁਰ ਸੋਢੀਆਂ ਦੇ ਘਰੀਂ ਕਈ ਲਿਖਤਾਂ ਵੇਖਣ ਦਾ ਮੌਕਾ ਮਿਲਿਆ ਹੈ, ਉਹ ਕਾਗ਼ਜ਼ ਸਿਆਹ ਕੀਤੇ ਹੋਏ ਹਨ ਤੇ ਵਿੱਚ ਵਿੱਚ ਸਫ਼ੈਦ ਅੱਖਰ ਉਘਾੜੇ ਹੋਏ ਹਨ। ਇਸ ਤਰ੍ਹਾਂ ਕਈ ਕ਼ਿਸਮ ਦੀਆਂ ਸਿਆਹੀਆਂ ਚੱਲਦੀਆਂ ਸਨ। ਸਿਰਲੇਖ ਲਈ ਜ਼ਿਆਦਾ ਸੁਰਖ਼ ਜਾਂ ਲਾਲ ਸਿਆਹੀ ਵਰਤੀ ਜਾਂਦੀ ਸੀ, ਇਸੇ ਕਰ ਕੇ ਇਸ ਨੂੰ 'ਸੁਰਖ਼ੀ' ਕਹਿੰਦੇ ਸਨ। ਕਈ ਲਿਖਾਰੀ ਕੁੱਝ ਸਿਰਲੇਖ ਸੁਨਹਿਰੀ ਕਰ ਕੇ ਵੀ ਲਿਖਦੇ ਸਨ ਤਾਂ ਕਿ ਉਨ੍ਹਾਂ ਦੀ ਲਿਖਤ ਆਕਰਸ਼ਕ ਲੱਗੇ। ਕਿਤੇ ਕਿਤੇ ਲਿਖਾਰੀ ਤੋਂ ਲਿਖਦਿਆਂ ਲਿਖਦਿਆਂ ਗ਼ਲਤੀ ਵੀ ਹੋ ਜਾਂਦੀ ਤੇ ਵਧ ਘੱਟ ਲਿਖਿਆ ਜਾਂਦਾ ਸੀ, ਤਾਂ ਪੱਕੀ ਸਿਆਹੀ ਹੋਣ ਕਰ ਕੇ ਇਸ ਨੂੰ ਮੇਟਣਾ ਤਾਂ ਸੰਭਵ ਨਹੀਂ ਸੀ, ਇਸ ਕਰ ਕੇ ਹੜਤਾਲ ਲੈ ਕੇ ਉੱਤੇ ਫੇਰ ਦਿੱਤੀ ਜਾਂਦੀ ਸੀ ਤਾਂ ਕਿ ਉਹ ਲਿਖਤ ਪੜ੍ਹ ਨਾ ਹੋਵੇ। ਇਸ ਅੱਖਰ ਮੇਟਣ ਨੂੰ 'ਹੜਤਾਲ ਫੇਰਨਾ' ਕਹਿੰਦੇ ਸਨ। ਦਰਅਸਲ ਇਹ ਇੱਕ ਪੀਲੇ ਰੰਗ ਦੀ ਦਵਾਈ ਹੈ ਜਿਸ ਨੂੰ ਲਿਖਾਰੀ ਲੋਕ ਗ਼ਲਤੀ ਦੀ ਸੋਧ ਹਿਤ ਵਰਤਦੇ ਸਨ ਤੇ ਇਸ ਦੇ ਰਗੜਨ ਨਾਲ਼ ਕਾਲ਼ੇ ਅੱਖਰ ਮੱਧਮ ਪੈ ਜਾਂਦੇ ਸਨ। ਅੱਜ 'ਹੜਤਾਲ' ਦਾ ਅਰਥ ਕੰਮ ਠੱਪ ਕਰਨਾ ਹੈ, ਇਹ ਵੀ ਇਸ ਤੋਂ ਅਰਥ-ਵਿਸਥਾਰ ਹੋ ਕੇ ਬਣਿਆ ਹੈ। ਗੁਰੂ ਸਾਹਿਬ ਨੇ ਇਹ ਸ਼ਬਦ ਇਸੇ ਅਰਥ ਵਿੱਚ ਵਰਤਿਆ ਹੈ-

Sri Satguru Jagjit Singh Ji eLibrary NamdhariElibrary@gmail.com

ਅਪਣੇ ਜੀਅ ਜੰਤੁ ਆਪੇ ਰਾਖੇ ਜਮਹਿ ਕੀਓ ਹਟਤਾਰਿ॥
ਗੁਰੂ ਗ੍ਰੰਥ, ਪੰਨਾ 620

(4) **ਦਵਾਤ:** ਸਿਆਹੀ ਪਾਉਣ ਵਾਲ਼ੀ ਨਿੱਕੀ ਕੁੱਜੀ ਨੂੰ 'ਦਵਾਤ' ਕਿਹਾ ਜਾਂਦਾ ਹੈ। ਇਹ ਆਮ ਤੌਰ ਤੇ ਪਿੱਤਲ ਦੀ ਜਾਂ ਭਰਤ ਦੀ ਜਾਂ ਫਿਰ ਮਿੱਟੀ ਪਕਾ ਕੇ ਬਣਾਈ ਜਾਂਦੀ ਸੀ। ਦਵਾਤ ਅਰਬੀ ਨਾਂ ਹੈ। ਦੇਸੀ ਨਾਂ 'ਮਸਿਧਾਨ' ਮਸਿਧਾਨੀ ਜਾਂ ਮਸਵਾਣੀ ਹੈ। ਗੁਰੂ ਸਾਹਿਬ ਨੇ 'ਮਸਾਜਨੀ' ਵੀ ਵਰਤਿਆ ਹੈ--

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ
ਗੁਰੂ ਗ੍ਰੰਥ, ਪੰਨਾ 84
ਕਲਉ ਮਸਾਜਨੀ ਜਾਇਸੀ ਲਿਖਿਆ ਭੀ ਨਾਲੇ ਜਾਈ
ਗੁਰੂ ਗ੍ਰੰਥ, ਪੰਨਾ 84

ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ॥
ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ॥
ਧਨੁ ਲਿਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰ ਧਾਰਿ॥
ਗੁਰੂ ਗ੍ਰੰਥ, ਪੰਨਾ 636

(5) **ਲਿਖਾਰੀ:** ਉਹ ਲਿਖਣ ਵਾਲ਼ਾ ਜਿਸ ਨੇ ਵਿਧੀ-ਪੂਰਬਕ ਸਿਖਲਾਈ ਲੈ ਕੇ ਸੁੰਦਰ ਲਿਖਾਈ ਵਿੱਚ ਮਹਾਰਤ ਹਾਸਿਲ ਕੀਤੀ ਹੋਵੇ। ਅਰਬੀ ਵਿੱਚ ਇਸ ਨੂੰ 'ਕਾਤਿਬ' ਕਹਿੰਦੇ ਹਨ, ਫ਼ਾਰਸੀ ਵਿੱਚ ਖ਼ੁਸ਼ਨਵੀਸ, ਨਵੀਸਿੰਦਾ ਤੇ ਦੇਸੀ ਭਾਸ਼ਾ ਵਿੱਚ 'ਲਿਖਾਰੀ' ਜਾਂ ਲਿਖਣਹਾਰ ਕਿਹਾ ਗਿਆ ਹੈ-

ਕਾਗਦਿ ਕਲਮ ਨ ਲਿਖਣਹਾਰੁ
ਗੁਰੂ ਗ੍ਰੰਥ, ਪੰਨਾ 3

ਭਾਵੇਂ ਕਈ ਸਾਹਿਤਕਾਰ ਵੀ ਅੱਛੇ ਲਿਖਾਰੀ ਹੁੰਦੇ ਸਨ ਪਰ ਆਮ ਤੌਰ ਤੇ ਲਿਖਣ ਦਾ ਕੰਮ ਲਿਖਾਰੀ ਹੀ ਨਿਭਾਉਂਦੇ ਸਨ। ਮੁਸਲਿਮ ਕਾਤਿਬ ਇਸ ਕੰਮ ਵਿੱਚ ਵਧੇਰੇ ਤਾਕ ਸਨ, ਮੁਗ਼ਲ ਜ਼ਮਾਨੇ ਵਿੱਚ ਜ਼ਿਆਦਾ ਕਾਇਸਥ ਲੋਕ ਖ਼ੁਸ਼ਨਵੀਸੀ ਦਾ ਕੰਮ ਕਰਦੇ ਸਨ। ਇਨ੍ਹਾਂ ਦੀ ਰੀਸ ਸਾਡੇ ਲਿਖਾਰੀ ਵੀ ਆਪਣੀ ਲਿਖਤ ਨੂੰ ਸੁਹਣਾ ਬਣਾਉਣ ਲੱਗੇ। ਲਿਖਾਰੀ ਬਣਨ ਲਈ ਕੇਵਲ ਕਾਗ਼ਜ਼ ਤੇ ਕ਼ਲਮ ਦਵਾਤ ਹੀ ਕਾਫ਼ੀ ਨਹੀਂ ਸੀ, ਬਲਕਿ ਚੰਗੀ ਟਰੇਨਿੰਗ ਦੀ ਵੀ ਜ਼ਰੂਰਤ ਸੀ। ਇੱਕ ਸਾਰ ਲਿਖਣਾ, ਸਿਆਹੀ ਦੀ ਛਿੱਟ ਨਾ ਪੈਣ ਦੇਣਾ, ਕਾਗ਼ਜ਼ ਉੱਤੇ ਬੇਨਿਸ਼ਾਨ ਲੀਕਾਂ ਮਾਰਨੀਆਂ ਤੇ ਫਿਰ ਤਰਤੀਬ ਨਾਲ਼ ਧੁਰ ਤਕ ਇੱਕੋ ਜਿਹਾ ਹਾਸ਼ੀਆ ਰਖ ਕੇ ਸਫ਼ਾਈ ਨਾਲ਼ ਲਿਖਣਾ ਆਦਿ ਜ਼ਰੂਰੀ ਗੱਲਾਂ ਸਨ। ਸੋ ਕਲਾਤਮਕ ਲਿਖਾਈ ਲਈ ਲੰਬੇ ਅਭਿਆਸ ਦੀ ਲੋੜ ਸੀ। ਇਸ ਦੀ ਆਮ ਮੰਗ ਵੀ ਨਹੀਂ ਸੀ, ਕੁੱਝ ਕ਼ਦਰਦਾਨ ਅਮੀਰ ਸਰਦਾਰ ਹੀ ਇਸ ਦੀ ਸਰਪ੍ਰਸਤੀ ਕਰਦੇ ਸਨ ਤੇ ਲਿਖਾਰੀਆਂ ਨੂੰ ਯੋਗ ਇਵਜ਼ਾਨਾ ਦੇ ਕੇ ਲਿਖੀ ਲਿਖਾਈ ਪੁਸਤਕ ਲੈ ਲੈਂਦੇ ਸਨ, ਹਰ ਕੋਈ ਐਸਾ ਨਹੀਂ ਸੀ ਕਰ ਸਕਦਾ। ਸੋ ਇਹ ਕਿੱਤਾ ਬਹੁਤਾ ਆਮ ਨਹੀਂ ਸੀ।

ਗੁਰਮੁਖੀ ਲਿਪੀ ਦਾ ਇਤਿਹਾਸ (1953) ਵਿੱਚੋਂ

Sri Satguru Jagjit Singh Ji eLibrary NamdhariElibrary@gmail.com

ਵਿਚਾਰ-ਵਟਾਂਦਰੇ ਲਈ ਸੁਆਲ:

1. ਹਿੰਦੁਸਤਾਨ ਵਿੱਚ ਕਾਗ਼ਜ਼ ਦੀ ਵਰਤੋਂ ਕਿਸ ਤਰ੍ਹਾਂ ਆਈ?

2. ਪੁਰਾਣੇ ਸਮਿਆਂ ਵਿੱਚ ਬਣੀ ਸਿਆਹੀ ਦੀਆਂ ਕੀ ਖ਼ੂਬੀਆਂ ਹੁੰਦੀਆਂ ਸਨ?

3. ਹੇਠ ਲਿਖੇ ਲਫ਼ਜ਼ਾਂ ਦੇ ਵਾਕ ਬਣਾਉ:

ਸਿਪਾਹੀ
ਹੰਢਣਸਾਰ
ਸ਼ੌਕੀਨ
ਕਿੱਤਾ
ਮੱਧਮ
ਨੀਤੀਵਾਨ
ਲੋੜਵੰਦ
ਤਾਕ
ਤਰਤੀਬ
ਕ਼ਦਰਦਾਨ

ਔਖੇ ਲਫ਼ਜ਼

ਅਰਥ-ਵਿਸਥਾਰ ਹੋਣਾ	expansion or amplification from a (given) meaning (vi)
ਆਕਰਸ਼ਕ	attractive (adj/u)
ਸਜਾਵਟ	decoration, adornment (f)
ਸੰਕਲਿਤ	compiled, collected (adj/u)
ਸਰਸਾਹੀ	a small unit or measure of weight (f)
ਸਰਕੜਾ	reed (used in thatching huts) (m)
ਸਰਪ੍ਰਸਤੀ	patronage, sponsorship (f)
ਸਰੇਸ਼	glue, starch (f)
ਸਿਪਾਹੀ	soldier (m)
ਸੁਇਨਾ	gold (m)
ਸੁਹਾਗਾ	borax, ash (m)
ਹੰਢਣਸਾਰ	lasting, durable (adj/u)
ਹੱਥ ਲਿਖਤ	manuscript (f); handwritten (adj/u)
ਹੱਛਾ	same as ਅੱਛਾ; good, nice, fine (adj/i)
ਹੜਤਾਲ	a paste made from yellow clay used for erasing; strike (f)
ਹਿਤ	in order to, for the sake of (pp, adv)
ਕਸਤੂਰੀ	musk (f)
ਕਸੀਸ	ferrous sulphate (a compound of iron and sulphur) (m)
ਕੱਜਲ	collyrium, a black powder used as an eye cosmetic (m)
ਕ਼ਦਰ; ਕ਼ਦਰਦਾਨ	value, worth (f); one who recognizes value, patron (m)
ਕੱਪੜਛਾਣ	sieved through cloth (adj/u)

Sri Satguru Jagjit Singh Ji eLibrary NamdhariElibrary@gmail.com

ਕਾਹੀ	grass, green moss (f)
ਕਾਨਾ	reed (m)
ਕਿੱਤਾ	profession, occupation (m)
ਕੁੱਜੀ	small earthen vase (f; diminutive)
ਕੁੰਦਨ	pure gold (m); pure (adj/u)
ਖਰੜਾ	manuscript, draft (m)
ਖ਼ੁਸ਼ਖ਼ਤ	fine, neat handwriting; calligraphy (m)
ਖ਼ੁਸ਼ਨਵੀਸ	calligrapher, writer (m)
ਗੁਪਤ	secret, concealed (adj/u)
ਘੋਟਣਾ	to pound, rub, grind (vt)
ਚਮਤਕਾਰ	miracle, marvel, wonder (m)
ਚੀਥੜਾ	rag, a tattered piece of cloth (m)
ਚੂੰਕਿ	because, as, since (conj)
ਛਿੱਟ	drop, splash (f); same as ਛਿੱਟਾ (m)
ਛਿੱਲੜ	peel (f)
ਜੁਗਤ	method, manner, skill (f)
ਤਰਤੀਬ	arrangement, sequence (f)
ਤਾਕ	adept, skilled, expert (adj/u)
ਤ੍ਰਿਫਲਾ	medicinal mixture of three fruits (m)
ਥੋਥਾ	hollow, empty (adj/i)
ਦਰਮਿਆਨੀ	middle one (adj/i)
ਨਵੀਸਿੰਦਾ	writer, scribe (m)
ਨੀਤੀ; ਨੀਤੀਵਾਨ	policy (f); politician (m)
ਨੁਸਖ਼ਾ	prescription (m)
ਪੱਤਰ	paper, leaf, sheet (m)
ਭੋਜ ਪੱਤਰ	birch bark (used as paper in ancient times (m)
ਤਾੜ ਪੱਤਰ	palm leaf (m)
ਤਾਮਰ ਪੱਤਰ	copper plate (m)
ਪ੍ਰਚੱਲਤ	current, common (adj/u)
ਪ੍ਰਾਚੀਨ	ancient, old (adj/u)
ਫਟਕੜੀ	alum or potash alum; aluminum potassium sulfate (f)
ਬਿਜੈਸਾਰ	a medicinal plant used in making ink (m); same as ਭੰਗਰਾ
ਭੰਗਰਾ	a medicinal plant used in making ink (m); same as ਬਿਜੈਸਾਰ
ਭਲੀ ਭਾਂਤ	very well, clearly, evidently (adv)
ਭਾਂਡਾ	utensil, container (m)
ਮਸੁ	ink; black ink (f)
ਮਸੌਦਾ	lit. blackened, blotted; the first draft of a document (m)
ਮਖ਼ਤੂਤ	written; marked with lines or stripes (adj/u)
ਮੰਤਵ	purpose, motive (m)
ਮੱਧਮ	light, faded (adj/u)
ਮਾਜੂ ਫਲ	gallnut of oak or cypress, oak apple (m)
ਮਾਦਾ	matter, essence (m); female sex (m)

Sri Satguru Jagjit Singh Ji eLibrary NamdhariElibrary@gmail.com

ਮੇਟਣਾ	to erase, to rub off (vt)
ਰੀਸ	emulation, imitation (f)
ਰੇਸ਼ਾ	fiber (m)
ਲਾਜ਼ਮੀ	compulsory, mandatory (adj/u)
ਲਾਜਵਰਦ	amethyst, purple quartz (m)
ਲੋੜਵੰਦ	needy (adj/u)
ਵਸਤੂ	thing, article, commodity (f)
ਵਰਤਮਾਨ	present time, the present (m; adj/u)
ਵਿਧੀ	process, manner, method (f)
ਵੇਰਵਾ	detail (m)

Sri Satguru Jagjit Singh Ji eLibrary NamdhariElibrary@gmail.com

Vernacular Literature

Sri Satguru Jagjit Singh Ji eLibrary NamdhariElibrary@gmail.com

Lesson 41
ਸਬਕ ੪੧
Songs and Sayings

§ 41.1 Traditional songs

In traditional Punjabi society, the singing of songs in the home is dominated by women. There are specific types of song that pertain to particular occasions, such as birth, coming of age, marriage, and death.

The first two examples given below are ਲੰਬੇ ਗਾਉਣ ('long songs') and the third belongs to the genre called ਘੋੜੀਆਂ. These can be heard sung at gatherings of women in the days preceding a wedding.[1]

1. ਬਿਰਖਾਂ ਬਾਝ ਨਾ ਸੁਹੰਦੀ ਨਗਰੀ

ਬਿਰਖਾਂ ਬਾਝ ਨਾ ਸੁਹੰਦੀ ਨਗਰੀ
ਨਾ ਸੁਹੰਦੀ ਨਗਰੀ
ਭਾਵੇਂ ਲੱਖ ਹਵੇਲੀਆਂ ਖੜ੍ਹੀਆਂ, ਨੀ ਹੀਰੇ
ਸਮਝ ਨਾਦਾਨੇ
ਤਖ਼ਤੋਂ ਪੈਰ ਨਾ ਲਾਹੀਂ, ਨੀ ਹੀਰੇ

ਫੁੱਲਾਂ ਬਾਝ ਨਾ ਸੁਹੰਦੀਆਂ ਵੇਲਾਂ
ਨਾ ਸੁਹੰਦੀਆਂ ਵੇਲਾਂ
ਭਾਵੇਂ ਸੱਤਰ ਚੁੰਏ ਭਰੀਆਂ, ਨੀ ਹੀਰੇ
ਸਮਝ ਨਾਦਾਨੇ
ਤਖ਼ਤੋਂ ਪੈਰ ਨਾ ਲਾਹੀਂ, ਨੀ ਹੀਰੇ

ਚੰਦਾਂ ਬਾਝ ਨਾ ਸੁਹੰਦੀਆਂ ਰਾਤਾਂ
ਨਾ ਸੁਹੰਦੀਆਂ ਰਾਤਾਂ
ਭਾਵੇਂ ਲੱਖ ਤਾਰਿਆਂ ਨਾਲ ਜੜੀਆਂ, ਨੀ ਹੀਰੇ
ਸਮਝ ਨਾਦਾਨੇ
ਤਖ਼ਤੋਂ ਪੈਰ ਨਾ ਲਾਹੀਂ, ਨੀ ਹੀਰੇ

ਪੁੱਤਰਾਂ ਬਾਝ ਨਾ ਸੁਹੰਦੀਆਂ ਮਾਵਾਂ
ਨਾ ਸੁਹੰਦੀਆਂ ਮਾਵਾਂ
ਭਾਵੇਂ ਲੱਖ ਦੌਲਤ ਨਾਲ ਭਰੀਆਂ, ਨੀ ਹੀਰੇ
ਸਮਝ ਨਾਦਾਨੇ
ਤਖ਼ਤੋਂ ਪੈਰ ਨਾ ਲਾਹੀਂ, ਨੀ ਹੀਰੇ

ਕੰਤਾਂ ਬਾਝ ਨਾ ਸੁਹੰਦੀਆਂ ਨਾਰਾਂ

[1] These songs can be heard on the album *Sandhara*, released by the North Zone Cultural Centre, Patiala (2003).

Sri Satguru Jagjit Singh Ji eLibrary NamdhariElibrary@gmail.com

ਨਾ ਸੁਹੰਦੀਆਂ ਨਾਰਾਂ
ਭਾਵੇਂ ਲੱਖ ਹੂਰਾਂ ਦੀਆਂ ਪਰੀਆਂ, ਨੀ ਹੀਰੇ
ਸਮਝ ਨਾਦਾਨੇ
ਤਖ਼ਤੋਂ ਪੈਰ ਨਾ ਲਾਹੀਂ, ਨੀ ਹੀਰੇ

ਭਾਈਆਂ ਬਾਝ ਨਾ ਸੁਹੰਦੀਆਂ ਭੈਣਾਂ
ਨਾ ਸੁਹੰਦੀਆਂ ਭੈਣਾਂ
ਭਾਵੇਂ ਪੰਧ ਉਡੀਕਣ ਖੜ੍ਹੀਆਂ, ਨੀ ਹੀਰੇ
ਸਮਝ ਨਾਦਾਨੇ
ਤਖ਼ਤੋਂ ਪੈਰ ਨਾ ਲਾਹੀਂ, ਨੀ ਹੀਰੇ

2. ਚੰਦ ਤੇ ਸੂਰਜ ਦਾ ਪੈ ਗਿਆ ਝਗੜਾ

ਬੀਬਾ ਵੇ
ਚੰਦ ਤੇ ਸੂਰਜ ਦਾ ਪੈ ਗਿਆ ਝਗੜਾ
ਕੌਣ ਜਿੱਤੇ ਕੌਣ ਹਾਰੇ ਵੇ
ਬੀਬਾ ਵੇ
ਚੰਦ ਕਹੇ ਮੈਨੂੰ ਸਭ ਜੱਗ ਵੇਖੇ
ਸੂਰਜ ਕਹੇ ਤਪ ਮੇਰਾ ਵੇ

ਬੀਬਾ ਵੇ
ਧਰਤੀ ਤੇ ਅੰਬਰ ਦਾ ਪੈ ਗਿਆ ਝਗੜਾ
ਕੌਣ ਜਿੱਤੇ ਕੌਣ ਹਾਰੇ ਵੇ
ਬੀਬਾ ਵੇ
ਅੰਬਰ ਕਹੇ ਮੈਂ ਜਲ ਥਲ ਕਰ ਦਿਆਂ
ਧਰਤੀ ਕਹੇ ਪੀ ਜਾਣਾ ਵੇ

ਬੀਬਾ ਵੇ
ਨੀਂਦ ਤੇ ਸੋਚਾਂ ਦਾ ਪੈ ਗਿਆ ਝਗੜਾ
ਕੌਣ ਜਿੱਤੇ ਕੌਣ ਹਾਰੇ ਵੇ
ਬੀਬਾ ਵੇ
ਨੀਂਦ ਕਹੇ ਮੈਨੂੰ ਵਿਛਣ ਵਿਛਾਉਣੇ
ਸੋਚਾਂ ਨੇ ਸੌਣ ਨਾ ਦੇਣਾ ਵੇ

ਬੀਬਾ ਵੇ
ਸ਼ੀਸ਼ੇ ਤੇ ਸੁਰਮੇ ਦਾ ਪੈ ਗਿਆ ਝਗੜਾ
ਕੌਣ ਜਿੱਤੇ ਕੌਣ ਹਾਰੇ ਵੇ
ਬੀਬਾ ਵੇ
ਸ਼ੀਸ਼ਾ ਕਹੇ ਮੈਨੂੰ ਸਭ ਜੱਗ ਦੇਖੇ
ਸੁਰਮਾ ਕਹੇ ਰੂਪ ਮੇਰਾ ਵੇ

Sri Satguru Jagjit Singh Ji eLibrary NamdhariElibrary@gmail.com

ਬੀਬਾ ਵੇ
ਵੈਦਾਂ ਤੇ ਹੋਣੀ ਦਾ ਪੈ ਗਿਆ ਝਗੜਾ
ਕੌਣ ਜਿੱਤੇ ਕੌਣ ਹਾਰੇ ਵੇ
ਬੀਬਾ ਵੇ
ਵੈਦਾਂ ਦੇ ਹੱਥ ਵਿੱਚ ਰਹਿ ਗਈਆਂ ਨਬਜ਼ਾਂ
ਹੋਣੀ ਕਹੇ ਲੈ ਜਾਣਾ ਵੇ

3. ਵੇ ਤੂੰ ਕਿਹੜਾ ਜਾਨੈ ਵੇ

ਵੇ ਤੂੰ ਕਿਹੜਾ ਜਾਨੈ ਵੇ
ਵੇ ਬੀਬਾ ਰਤਾ ਕੁ ਘੋੜਾ ਮੋੜੀਂ

ਮੈਂ ਦੂਰ ਮੁਸਾਫ਼ਿਰ ਨੀ ਗੋਰੀਏ
ਨਾ ਕਰ ਜ਼ੋਰਾ ਜ਼ੋਰੀ

ਸਾਨੂੰ ਮਹਿਲ ਚਿਣਾ ਦਿਓ ਵੇ
ਵੇ ਬੀਬਾ ਵਿੱਚ ਰਖਾ ਦਿਓ ਮੋਰੀ

ਕੀ ਲੈਣਾ ਮਹਿਲਾਂ ਤੋਂ ਗੋਰੀਏ
ਕਾਸ ਵਾਸਤੇ ਮੋਰੀ

ਵਿੱਚ ਵੱਸਣਾ ਮਹਿਲਾਂ ਦੇ ਸੋਹਣਿਆ
ਹਵਾ ਵਾਸਤੇ ਮੋਰੀ

ਸਾਨੂੰ ਬਾਗ਼ ਲਵਾ ਦਿਓ ਵੇ ਸੋਹਣਿਆ
ਵਿੱਚ ਬਿਠਾ ਦਿਓ ਮਾਲੀ

ਕੀ ਲੈਣਾ ਬਾਗ਼ਾਂ ਤੋਂ ਹਾਣਨੇਂ
ਕਾਸ ਵਾਸਤੇ ਮਾਲੀ

ਫਲ ਖਾਣੇ ਬਾਗ਼ਾਂ ਦੇ ਹਾਣੀਆਂ
ਰਾਖੀ ਵਾਸਤੇ ਮਾਲੀ

ਸਾਨੂੰ ਸੱਗੀ ਘੜਾ ਦਿਓ ਵੇ
ਵੇ ਬੀਬਾ ਇੱਕ ਕੰਙਣਾਂ ਦੀ ਜੋੜੀ

ਕਾਹੇ ਸੱਗੀ ਘੜਾ ਦਿਆਂ ਨੀ ਗੋਰੀਏ
ਕਿਉਂ ਕੰਙਣਾਂ ਦੀ ਜੋੜੀ

ਸਿਰ ਸੱਗੀ ਗੁੰਦਣੀ ਜੀ
ਵੇ ਪਾਉਣੀ ਹੱਥ ਕੰਙਣਾਂ ਦੀ ਜੋੜੀ

Sri Satguru Jagjit Singh Ji eLibrary NamdhariElibrary@gmail.com

ਸਾਨੂੰ ਬਾਗ਼ ਲਵਾ ਦਿਓ ਵੇ
ਸਾਨੂੰ ਮਹਿਲ ਚਿਣਾ ਦਿਓ ਵੇ

§ 41.2 'Folk' songs

These songs have no specific ritual context or occasion, rather, they are multi-purpose, popular songs. Their melodies have made them readily adaptable to staged and recorded performances, while their simplicity and traditional subject matter earn them the title of ਲੋਕ ਗੀਤ.

1. ਬਾਜਰੇ ਦਾ ਸਿੱਟਾ

ਬਾਜਰੇ ਦਾ ਸਿੱਟਾ
ਵੇ ਅਸਾਂ ਤੁਲੀ ਤੇ ਮਰੋੜਿਆ
ਬਾਜਰੇ ਦਾ ਸਿੱਟਾ

ਰੁੱਸਿਆ ਜਾਂਦਾ ਮਾਹੀਆ
ਵੇ ਅਸਾਂ ਗਲ਼ੀ ਵਿੱਚੋਂ ਮੋੜਿਆ
ਬਾਜਰੇ ਦਾ ਸਿੱਟਾ
ਬਾਜਰੇ ਦਾ ਸਿੱਟਾ
ਵੇ ਅਸਾਂ ਤੁਲੀ ਤੇ ਮਰੋੜਿਆ
ਬਾਜਰੇ ਦਾ ਸਿੱਟਾ

ਕਾਲ਼ੇ ਕਾਲ਼ੇ ਬੱਦਲ ਆਏ
ਚੁੱਕੀ ਜਾਣ ਹਨੇਰੀ
ਅੱਜ ਨਾ ਮੈਥੋਂ ਰੁੱਸੀਂ
ਢੋਲਾ, ਸਹੁੰ ਏ ਤੈਨੂੰ ਮੇਰੀ
ਛਮਾ-ਛਮ ਮੀਂਹ ਪਿਆ ਬਰਸੇ
ਜਵਾਨੀ ਖਿੜ ਖਿੜ ਹੱਸੇ

ਏਸੇ ਰੁੱਤੇ ਸੁਹਣਾ
ਘਰੋਂ ਕਿਸੇ ਨਾ ਵਿਛੋੜਿਆ
ਬਾਜਰੇ ਦਾ ਸਿੱਟਾ
ਬਾਜਰੇ ਦਾ ਸਿੱਟਾ
ਵੇ ਅਸਾਂ ਤੁਲੀ ਤੇ ਮਰੋੜਿਆ
ਬਾਜਰੇ ਦਾ ਸਿੱਟਾ

ਰਾਜਾ ਜਦ ਪਰਦੇਸ ਗਿਓਂ
ਫਿਰ ਉਹ ਦਿਨ ਕਿਵੇਂ ਭੁੱਲਾ?
ਮੇਰੀ ਰੂਪ ਜਵਾਨੀ ਉੱਤੇ
ਦਿਲ ਤੇਰਾ ਵੀ ਡੁੱਲ੍ਹਾ
ਜਦੋਂ ਸੀ ਨੈਣ ਮਿਲ਼ਾਉਂਦਾ
ਬੜੇ ਹੀ ਤਰਲੇ ਪਾਉਂਦਾ

Sri Satguru Jagjit Singh Ji eLibrary NamdhariElibrary@gmail.com

ਤੋੜ ਗਿਆ ਸੀ ਵੰਙਾਂ
ਨਾਲੇ ਹੱਥ ਮਚਕੋੜਿਆ
ਬਾਜਰੇ ਦਾ ਸਿੱਟਾ
ਬਾਜਰੇ ਦਾ ਸਿੱਟਾ
ਵੇ ਅਸਾਂ ਤਲੀ ਤੇ ਮਰੋੜਿਆ
ਬਾਜਰੇ ਦਾ ਸਿੱਟਾ

ਬਿਨ ਤੇਰੇ ਮੇਰੀ ਸੁਹਣੀ ਦੁਨੀਆ
ਜਿਉਂ ਭੰਵਰੇ ਬਿਨ ਕਲੀਆਂ
ਰਾਹਵਾਂ ਤੇ ਮੈਂ ਨੈਣ ਵਿਛਾ ਕੇ
ਖੜੀ ਰਹਾਂ ਵਿੱਚ ਗਲੀਆਂ
ਕਿਉਂ ਨਾ ਆਵੇਂ, ਢੋਲਾ?
ਬੜਾ ਤੜਪਾਵੇਂ, ਢੋਲਾ

ਨਿੱਤ ਦੇ ਵਿਛੋੜੇ
ਵੇ ਮਾਹੀਆ ਦਿਲ ਸਾਡਾ ਤੋੜਿਆ
ਬਾਜਰੇ ਦਾ ਸਿੱਟਾ
ਬਾਜਰੇ ਦਾ ਸਿੱਟਾ
ਵੇ ਅਸੀਂ ਤਲੀ ਤੇ ਮਰੋੜਿਆ
ਬਾਜਰੇ ਦਾ ਸਿੱਟਾ

ਰੁੱਸਿਆ ਜਾਂਦਾ ਮਾਹੀਆ
ਵੇ ਅਸਾਂ ਗਲੀ ਵਿੱਚੋਂ ਮੋੜਿਆ
ਬਾਜਰੇ ਦਾ ਸਿੱਟਾ
ਬਾਜਰੇ ਦਾ ਸਿੱਟਾ
ਵੇ ਅਸੀਂ ਤਲੀ ਤੇ ਮਰੋੜਿਆ
ਬਾਜਰੇ ਦਾ ਸਿੱਟਾ

2. ਜੁੱਤੀ ਕਸੂਰੀ

ਜੁੱਤੀ ਕਸੂਰੀ, ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾਂ
ਉਨ੍ਹੀਂ ਰਾਹੀਂ ਵੇ ਮੈਨੂੰ ਮੁੜਨਾ ਪਿਆ

ਸਹੁਰੇ ਪਿੰਡ ਦੀਆਂ ਲੰਬੀਆਂ ਵਾਟਾਂ
ਬੜਾ ਪੁਆੜਾ ਪੈ ਗਿਆ
ਯੱਕਾ ਤੇ ਭਾੜੇ ਕੋਈ ਨਾ ਕੀਤਾ
ਮਾਹੀਆ ਪੈਦਲ ਲੈ ਗਿਆ

Sri Satguru Jagjit Singh Ji eLibrary NamdhariElibrary@gmail.com

ਲੈ ਮੇਰਾ ਮੁਕਲਾਵਾ ਢੋਲਾ
ਸੜਕੇ ਸੜਕੇ ਜਾਂਵਦਾ
ਕੱਢਿਆ ਘੁੰਡ ਕੁੱਝ ਕਹਿ ਨਹੀਂ ਸਕਦੀ
ਦਿਲ ਮੇਰਾ ਸ਼ਰਮਾਂਵਦਾ

ਸੁਹਲ ਪਿੰਨੀਆਂ ਪੈਰ ਫੁੱਲੇ
ਸਾਥੋਂ ਤੁਰਿਆ ਜਾਏ ਨਾ
ਸੱਜਰਾ ਜੀਵਨ ਸਿਖ਼ਰ ਦੁਪਹਿਰੇ
ਤਰਸ ਸੁਹਣਾ ਖਾਏ ਨਾ

ਪੈਰਾਂ ਦੇ ਵਿੱਚ ਪੈ ਗਏ ਛਾਲੇ
ਮੂੰਹ ਮੇਰਾ ਕੁਮਲਾਂਵਦਾ
ਮਾਹੀਆ ਤੁਰਦਾ ਜਾਏ ਅੱਗੇਰੇ
ਪਿੱਛੇ ਨਾ ਝਾਤੀ ਪਾਂਵਦਾ

ਜੁੱਤੀ ਕ਼ਸੂਰੀ, ਪੈਰੀਂ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾਂ
ਉਨ੍ਹੀਂ ਰਾਹੀਂ ਵੇ ਮੈਨੂੰ ਮੁੜਨਾ ਪਿਆ

3. ਲੱਠੇ ਦੀ ਚਾਦਰ

ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ, ਮਾਹੀਆ
ਆਮ੍ਹੋਂ-ਸਾਮ੍ਹਣੇ,
ਕੋਲੋਂ ਦੀ ਰੁੱਸ ਕੇ ਨਾ ਲੰਘ, ਮਾਹੀਆ

ਸਾਡੀ ਕੰਧਾਂ ਦਾ ਮੋਛਾ ਮੋੜਿਆ
ਨਿੱਕੀ ਜਿਹੀ ਗੱਲ ਤੋਂ ਇੰਜ ਕਰ ਛੋੜਿਆ

ਮੈਂਡੇ ਗਲ਼ੇ ਦਿਆ ਤਵੀਤਾ
ਢੋਲਾ ਮੰਦਾ ਤਾਂ ਕੁੱਝ ਨਹੀਓਂ ਕੀਤਾ

ਸਾਨੂੰ ਕੰਧਾਂ ਤੋਂ ਸੁੱਟੀਆਂ ਰੱਸੀਆਂ
ਨਾ ਤੂੰ ਪੁੱਛੀਆਂ ਤੇ ਨਾ ਮੈਂ ਦੱਸੀਆਂ

ਸਾਨੂੰ ਕੰਧਾਂ ਤੋਂ ਮਾਰੀ ਆਈ ਅੱਖ ਵੇ
ਮੇਰੇ ਆਟੇ ਦੇ ਵਿੱਚ ਹੱਥ ਵੇ

ਮੈਂ ਇੱਥੇ ਤੇ ਢੋਲਾ ਪਰਬਤ
ਸਾਡੀ ਖੂਹੀ ਦਾ ਪਾਣੀ ਸ਼ਰਬਤ

Sri Satguru Jagjit Singh Ji eLibrary NamdhariElibrary@gmail.com

§ 41.3 Pop songs

Pop songs constitute the music most heard nowadays in urban contexts and at parties like wedding receptions. While they are newly composed and set to modern orchestration, Punjabi pop songs nonetheless often evoke aspects of traditional Punjabi society. The following song extols the rustic charms of rural Punjabi culture like string cots, seasonal foods, greens, leisure time, and homemade liquor.[2]

ਆਪਣਾ ਪੰਜਾਬ ਹੋਵੇ

ਆਪਣਾ ਪੰਜਾਬ ਹੋਵੇ
ਘਰ ਦੀ ਸ਼ਰਾਬ ਹੋਵੇ
ਮੂਲ਼ੀ ਨਾਲ਼ ਗੰਢਾ ਹੋਵੇ
ਵਾਣ ਵਾਲ਼ਾ ਮੰਜਾ ਹੋਵੇ
ਮੰਜੇ ਉੱਤੇ ਬੈਠਾ ਜੱਟ
ਬਣਿਆ ਨਵਾਬ ਹੋਵੇ

ਪਹਿਲੀ ਤੋੜ ਵਾਲ਼ੀ ਵਿੱਚੋਂ
ਦੂਜਾ ਪੈੱਗ ਲਾਇਆ ਹੋਵੇ
ਗੰਦਲਾਂ ਦਾ ਸਾਗ
ਵੱਡੀ ਬੇਬੇ ਨੇ ਬਣਾਇਆ ਹੋਵੇ
ਕੂੰਡੇ ਵਿੱਚ ਰਗੜੇ
ਮਸਾਲੇ ਦਾ ਸਵਾਦ ਹੋਵੇ

ਸਰ੍ਹੋਂ ਦੇ ਸਾਗ ਵਿੱਚ ਮੈਂ
ਘਿਉ ਹੀ ਘਿਉ ਪਾਈ ਜਾਵਾਂ
ਮੱਕੀ ਦੀਆਂ ਰੋਟੀਆਂ ਨੂੰ
ਬਿਨਾਂ ਗਿਣੇ ਖਾਈ ਜਾਵਾਂ
ਖੂਹ ਤੇ ਜਾ ਕੇ ਗੰਨੇ ਚੂਪਾਂ
ਘਰ ਦਾ ਕਮਾਦ ਹੋਵੇ

ਸੱਥ ਵਿੱਚ ਸੀਪ ਖੇਡਾਂ
ਬਾਬਿਆਂ ਦੀ ਛਾਣੀ ਨਾਲ਼
ਆੜੀ ਨੇ ਬਣਾ ਤੇ ਤੇਰਾਂ
ਯੱਕਾ ਪਾ ਕੇ ਰਾਣੀ ਨਾਲ਼
"ਬੋਲ ਕੇ ਨਾ ਖੇਡ, ਕਾਕਾ,
ਕੰਮ ਨਾ ਖ਼ਰਾਬ ਹੋਵੇ"

ਤਾਰਿਆਂ ਦੀ ਰਾਤ ਵਿੱਚ
ਚੰਦ ਮਾਮਾ ਹੱਸੀ ਜਾਵੇ
ਆਖਾਂ ਸੁੱਤੇ ਦੀਆਂ ਲੱਤਾਂ
ਚੂੜੇ ਵਾਲ਼ੀ ਨੱਪੀ ਜਾਵੇ

[2] Written by Makhan Brar, this song was sung and recorded by Gurdas Mann in 1997.

Sri Satguru Jagjit Singh Ji eLibrary NamdhariElibrary@gmail.com

'ਮੱਖਣ ਬਰਾੜਾ' ਖੁੱਲ੍ਹੀ
ਪਿਆਰ ਦੀ ਕਿਤਾਬ ਹੋਵੇ

ਆਪਣੇ ਗਰਾਈਂ ਕੋਲੋਂ
ਹਾਲ ਪੁੱਛਾਂ ਪਿੰਡ ਦਾ
"ਮਰ ਜਾਣੇ, 'ਮਾਨਾ,' ਕਿਉਂ
ਪੰਜਾਬ ਜਾਂਦਾ ਖਿੰਡਦਾ"
ਕਦੇ ਕਿਸੇ ਰਾਵੀ ਕੋਲੋਂ
ਵੱਖ ਨਾ ਚਨਾਬ ਹੋਵੇ

ਆਪਣਾ ਪੰਜਾਬ ਹੋਵੇ
ਘਰ ਦੀ ਸ਼ਰਾਬ ਹੋਵੇ
ਆਪਣਾ ਪੰਜਾਬ, ਆਪਣਾ ਪੰਜਾਬ

§ 41.4 ਟੱਪੇ, ਬੋਲੀਆਂ, ਅਤੇ ਮਾਹੀਆ

1. ਟੱਪੇ: The term ਟੱਪਾ refers to a genre of Punjabi songs that consists of one,[3] non-rhyming line. In this one line, a ਟੱਪਾ offers a glimpse of a certain theme or emotion, giving it a quality like that of a proverb.[4]

ਮੇਰੇ ਮਾਹੀ ਦੀ ਚਿੱਠੀ ਨਾ ਆਈ
ਮਰ ਜਾਵੇਂ ਤੂੰ ਡਾਕੀਆ

ਮਾਏ ਲੈ ਦੇ ਨੀ ਰੇਸ਼ਮੀ ਸਾੜ੍ਹੀ
ਸਹੁਰੇ ਮੇਰੇ ਸ਼ਹਿਰ 'ਚ ਬਣੇ

ਕਿਤੇ ਡੋਲ ਨਾ ਜਾਈਂ ਮਨਾਂ ਮੇਰਿਆ
ਦੁੱਖਾਂ ਦੇ ਪਹਾੜ ਵੇਖ ਕੇ

ਰੂਪ ਕੁਆਰੀ ਦਾ
ਦਿਨ ਚੜ੍ਹਦੇ ਦੀ ਲਾਲੀ

2. ਬੋਲੀਆਂ: A rhyming set of ਟੱਪੇ constitutes a ਬੋਲੀ (plural- ਬੋਲੀਆਂ). ਬੋਲੀਆਂ make up the core of the traditional performance art of Malwa, called ਗਿੱਧਾ, and are popular with both women and men. In women's ਗਿੱਧਾ practice, one or two women at a turn step forward from a circle of their peers to recite a ਬੋਲੀ while dancing. Women's ਬੋਲੀਆਂ generally consist of just 1-4 linked ਟੱਪੇ. They may begin with one of several possible formulaic patterns (in italics) that cannot stand alone, but rather exist to facilitate rhyme. Each ਬੋਲੀ ends with a ਟੱਪਾ of a metered form called ਤੋੜਾ ('break,' in italics), which is repeated several times over by the group of performers.

[3] Broken into two phrases.
[4] For more examples and translations, see Nahar Singh and R. S. Gill, "Folk Songs of Punjab," *Journal of Punjab Studies* 11:2 (2004).

Sri Satguru Jagjit Singh Ji eLibrary NamdhariElibrary@gmail.com

ਮਹਿੰਦੀ ਮਹਿੰਦੀ ਹਰ ਕੋਈ ਕਹਿੰਦੀ
ਮਹਿੰਦੀ ਤਾਂ ਬਾਗ਼ੀਂ ਰਹਿੰਦੀ
ਘੋਟ ਘੋਟ ਮੈਂ ਹੱਥਾਂ ਨੂੰ ਲਾਵਾਂ
ਬੱਤੀਆਂ ਬਣ ਬਣ ਲਹਿੰਦੀ
ਬੋਲ ਸ਼ਰੀਕਾਂ ਦੇ
ਮੈ ਨਾ ਬਾਬਲਾ ਸਹਿੰਦੀ[5]

ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦਾ ਨਾਲਾ
ਤੇਰੀ ਮੇਰੀ ਨਹੀਂ ਨਿਭਣੀ
ਮੈਂ ਗੋਰੀ ਤੂੰ ਕਾਲਾ[6]

Sometimes, the ਬੋਲੀਆਂ take the form of a call-response or ਸੁਆਲ-ਜੁਆਬ where one or two women from a group direct a ਬੋਲੀ at the men who take turns to respond with a ਬੋਲੀ of their own, as seen in the examples below.

ਕੁੜੀਆਂ: ਜੇ ਮੁੰਡਿਆ ਤੂੰ ਸਾਡੀ ਤੋਰ ਵੇਖਣੀ
ਜੇ ਮੁੰਡਿਆ ਤੂੰ ਸਾਡੀ ਤੋਰ ਵੇਖਣੀ
ਗੜਵਾ ਲੈ ਦੇ ਚਾਂਦੀ ਦਾ
ਵੇ ਲੱਕ ਹਿੱਲੇ ਮਜਾਜਣ ਜਾਂਦੀ ਦਾ!

ਮੁੰਡੇ: ਜੇ ਕੁੜੀਏ ਤੈਨੂੰ ਗਿੱਧਾ ਨਹੀਂ ਆਉਂਦਾ
ਡਿੱਗ ਪੈ ਸਾਡੀ ਚਰਨੀਂ
ਨੀਂ ਰੀਸ ਦਰਿਆਵਾਂ ਦੀ
ਕੀ ਛੱਪੜਾਂ ਨੇ ਕਰਨੀ!

ਕੁੜੀਆਂ: ਨੀਂ ਮੈਂ ਨੱਚਾਂ ਨੱਚਾਂ ਨੱਚਾਂ
ਨੀਂ ਮੈਂ ਅੱਗ ਵਾਂਙੂੰ ਮੱਚਾਂ
ਗਿੱਧਾ ਪਾਓ ਕੁੜੀਓ
ਨੀਂ ਮਿਜ਼ਾਜਾਂ ਪਿਟੀਓ!
ਮੁੰਡੇ: ਨੀਂ ਤੂੰ ਨੱਚ ਨੱਚ ਨੱਚ
ਨੀਂ ਤੂੰ ਹੌਲੀ ਹੌਲੀ ਨੱਚ
ਡਿੱਗ ਪਵੇ ਨਾ ਗੁਆਢੀਆਂ ਦੀ ਕੰਧ ਕੁੜੀਏ
ਤੇਰਾ ਗਿੱਧਾ ਸਾਰੇ ਪਿੰਡ ਨੂੰ ਪਸੰਦ ਕੁੜੀਏ!

ਕੁੜੀਆਂ: ਕਦੇ ਹਾਂ ਕਰ ਕੇ
ਕਦੇ ਨਾਂਹ ਕਰ ਕੇ
ਦੇ ਦੇ ਗੇੜਾ ਨੀਂ ਮੁਟਿਆਰੇ
ਲੰਬੀ ਬਾਂਹ ਕਰ ਕੇ!

[5] As appears in Nahar Singh, *Long Burjian Vala* (Patiala: Punjabi University, 1998), 156.
[6] Ibid., 346.

Sri Satguru Jagjit Singh Ji eLibrary NamdhariElibrary@gmail.com

ਮੁੰਡੇ: ਟੁੱਟੀ ਮੰਜੀ ਵਾਣ ਪੁਰਾਣਾ
ਵਿੱਚ ਦੀ ਦਿਸਦੇ ਤਾਰੇ
ਨੀਂ ਮੈਂ ਅੰਦਰ ਪਿਆ
ਸਹਿ ਲੈ ਮੇਰੀਏ ਨਾਰੇ!

ਕੁੜੀਆਂ: ਸਾਡੇ ਪਿੰਡ ਦੇ ਗੱਭਰੂ ਵੇਖ ਲਓ
ਜਿਉਂ ਟਾਹਲੀ ਦੇ ਪਾਵੇ
ਭੰਗੜਾ ਪਾਓ ਮੁੰਡਿਓ
ਤੁਹਾਡੀ ਸਿਫ਼ਤ ਕਰੀ ਨਾ ਜਾਵੇ!

In the ਗਿੱਧਾ of men, the ਬੋਲੀਆਂ tend to be longer. Their performance entails individual recitation of ਬੋਲੀਆਂ *without* strict rhythm or dance. Only on the repetition of the ਤੋੜਾ by the chorus do percussion and dance movements begin.

Sessions of men's ਬੋਲੀਆਂ begin with at least one invocatory verse, or ਮੰਗਲਾਚਰਨ, such as:

ਪਹਿਲਾਂ ਨਾਮ ਅੱਲ੍ਹਾ ਦਾ ਲਈਏ
ਜਿਸ ਨੇ ਜਗਤ ਬਣਾਇਆ
ਪੱਟ ਪੱਟ ਦੇ ਫੁੱਲ ਸਜਾ ਕੇ
ਸੁਹਣਾ ਬਾਗ਼ ਲਗਾਇਆ
ਕਦੇ ਕਿਸੇ ਦੀ ਕਹਿ ਨਾ ਕਰਦਾ
ਕਰਦਾ ਜੋ ਮਨ ਆਇਆ
ਗਿੱਧਾ ਪਾ ਮੁੰਡਿਆ
ਸਿਰ ਸਤਿਗੁਰ ਦੀ ਛਾਇਆ[7]

Men's ਬੋਲੀਆਂ were typically performed at country fairs in the Malwa region, and they often refer to local places and events. The following ਬੋਲੀ begins with a typical formula that makes reference to the town of Jagraon (district Ludhiana), and goes on to mention several other villages located in the area (these are marked with *).

ਆਰੀ ਆਰੀ ਆਰੀ
ਵਿੱਚ ਜਗਰਾਵਾਂ* ਦੇ
ਲੱਗਦੀ ਰੌਸ਼ਨੀ ਭਾਰੀ
ਮੁਣਸ਼ੀ ਡਾਂਗੋਂ* ਦਾ
ਡਾਂਗ ਰੱਖਦਾ ਗੰਡਾਸੀ ਵਾਲ਼ੀ
ਕਿਹਰਾ ਗਾਲਬੀਆ*
ਉਹ ਤਾਂ ਕਰਦਾ ਲੜਾਈ ਭਾਰੀ
ਗੋਖਾ ਕਾਉਂਕਿਆਂ* ਦਾ
ਜਿਹਨੇ ਕੁੱਟ 'ਤੀ ਪੰਡੋਰੀ* ਸਾਰੀ
ਧੰਨ ਕੌਰ ਦਾਉਧਰ* ਦੀ
ਜਿਹੜੀ ਵੈਲਣ ਹੋ ਗਈ ਭਾਰੀ
ਅਰਜਣ ਸੂਰਮੇ ਨੇ

[7] As performed live by the Bay Area, California group, Punjabi Lok Virsa.

Sri Satguru Jagjit Singh Ji eLibrary NamdhariElibrary@gmail.com

ਪੈਰ ਜੋੜ ਕੇ ਗੰਡਾਸੀ ਮਾਰੀ
ਪਰਲੋ ਆ ਜਾਂਦੀ
ਜੇ ਹੁੰਦੀ ਨਾ ਪੁਲਿਸ ਸਰਕਾਰੀ[8]

3. **ਮਾਹੀਆ**: ਮਾਹੀਆ is a short, three-part verse form similar to ਟੱਪਾ. In formal structure it looks like a ਟੱਪਾ preceded by an additional phrase. This opening phrase usually has little bearing on the meaning of the remaining stanza, serving rather to create rhyme. ਮਾਹੀਏ are often romantic in tone; the genre takes its name from an epithet for a beloved (ਮਾਹੀ).

Example:

ਫੁੱਲ ਟਾਹਣੀ ਨਾਲੋਂ ਤੋੜ ਲਿਆ
ਸੱਚ ਦੱਸ ਵੇ ਸੱਜਣਾ
ਮੁੱਖ ਕਿਹੜੀ ਗੱਲੋਂ ਮੋੜ ਲਿਆ[9]

Stanzas of ਮਾਹੀਆ are arranged to form longer songs, as in this example: [10]

ਵੇ ਲਹੌਰੋਂ ਰੇੜ੍ਹਾ ਰੇੜ੍ਹਿਆ
ਘਰ ਆ ਜਾ ਮੱਖਣ ਦਿਆ ਪੇੜਿਆ
ਪੱਟ ਦਿਆ ਵੇ ਲੱਛਿਆ, ਢੋਲਾ

ਤੇਰੀ ਮਾਂ ਲੜੇ ਨਹੀਂਓਂ ਲੜਨਾ
ਅਸੀਂ ਅਦਬ ਉਸ ਦਾ ਕਰਨਾ
ਵੱਡੀ ਵੇ ਵੱਡੇਰੀ ਏ, ਢੋਲਾ

ਤੇਰੀ ਭੈਣ ਲੜੇ ਨਹੀਂਓਂ ਲੜਨਾ
ਅਸੀਂ ਮਾਣ ਓਸ ਦਾ ਕਰਨਾ
ਧੀ ਵੇ ਧਿਆਣੀ ਏ, ਢੋਲਾ

ਤੇਰਾ ਵੀਰ ਲੜੇ ਨਹੀਂਓਂ ਲੜਨਾ
ਅਸੀਂ ਲਾਡ ਓਸ ਦਾ ਕਰਨਾ
ਨਿੱਕਾ ਜਿਹਾ ਦੇਵਰ ਏ, ਢੋਲਾ

ਤੇਰੀ ਭਾਬੀ ਲੜੇ ਅਸੀਂ ਲੜਨਾ
ਪੀੜ੍ਹਾ ਡਾਹ ਕੇ ਮੁਕਾਬਲਾ ਕਰਨਾ
ਸਾਡੀ ਵੇ ਸ਼ਰੀਕਣੀ ਏ, ਢੋਲਾ

---

[8] Culled from: Nahar Singh, *Kalian Harna Roheyen Phirna* (Patiala: Punjabi University, 1998), 72.
[9] Nahar Singh, *Long Burjian Wala* (Patiala: Punjabi University, 1998), 370.
[10] As heard on the album *Sandhara* (North Zone Cultural Center, 2003), side 1, track 6.

Sri Satguru Jagjit Singh Ji eLibrary NamdhariElibrary@gmail.com

§ 41.5 ਅਖਾਣ ਅਤੇ ਬੁਝਾਰਤਾਂ

1. ਅਖਾਣ: Punjabi proverbs known as ਅਖਾਣ are a repository of popular, folk culture.

ਜਿੱਥੇ ਹੋਵੇ ਪਿਆਰ,	Where there is affection,
ਉੱਥੇ ਨਾ ਕਰੀਏ ਵਪਾਰ	Never get into business together.
ਜੇ ਕਰੀਏ ਵਪਾਰ ਨਾ ਕਰੀਏ ਉਧਾਰ	If you have to do it, never borrow,
ਜੇ ਕਰੀਏ ਉਧਾਰ, ਤਾਂ ਛੱਡੀਏ ਵਿਸਾਰ।	If you have lent, willingly forget it.
ਮੱਝ ਵੇਚ ਕੇ ਘੋੜੀ ਲਈ,	Sold the buffalo, bought a horse,
ਦੁੱਧ ਪੀਣੋ ਗਏ,	There was no milk to drink,
ਲਿੱਦ ਸੁੱਟਣੀ ਪਈ।	And had to clean the dung.
ਰੁੱਖੀ ਸੁੱਕੀ ਖਾਇ ਕੇ,	Eating your dry and tasteless bread,
ਠੰਢਾ ਪਾਣੀ ਪੀਉ,	Drink cold water.
ਫ਼ਰੀਦਾ, ਦੇਖ ਪਰਾਈ ਚੋਪੜੀ,	Seeing the delicacies of others, Farid says,
ਨਾ ਤਰਸਾਇ ਜੀਉ।	Do not torment yourself.
ਉਤੱਮ ਖੇਤੀ,	Farming is excellent,
ਮਧੱਮ ਵਪਾਰ।	Trade is mediocre.
ਨਖਿੱਧ ਚਾਕਰੀ,	Worthless are employment
ਭੀਖ ਦੁਆਰ।	And begging at doors.
ਕ਼ੁਦਰਤ ਤੇਰੀ ਕ਼ਾਦਰਾ!	O Lord! What wondrous power you have!
ਬੀਜੀ ਸਣ ਤੇ ਉੱਗ ਪਿਆ ਬਾਜਰਾ।	We sowed jute and the millet sprouted.
ਸਖ਼ੀ ਨਾਲੋਂ ਸੂਮ ਚੰਗਾ,	A miser is better than a generous one,
ਜਿਹੜਾ ਤੁਰਤ ਦਏ ਜਵਾਬ।	Who responds quickly to a request.
ਅਮੀਰ ਦੀ ਮਰ ਗਈ ਕੁੱਤੀ,	A rich person's dog died,
ਉਹ ਹਰ ਕਿਸੇ ਪੁੱਛੀ।	Every one came to condole.
ਗ਼ਰੀਬ ਦੀ ਮਰ ਗਈ ਮਾਂ,	A poor man lost his mother,
ਉਸਦਾ ਕਿਸੇ ਵੀ ਨਾ ਲਿਆ ਨਾਂ।	No one took notice of that.
ਜਿਨ੍ਹਾਂ ਦੀ ਕੋਠੀ ਦਾਣੇ,	Those whose stores are full,
ਉਨ੍ਹਾਂ ਦੇ ਕਮਲੇ ਵੀ ਸਿਆਣੇ।	Even their idiots are considered wise.
ਆਏ ਭਾਬੋ ਦੇ ਸੱਕੇ,	When mother's relatives visited,
ਘਰ ਖੀਰ ਤੇ ਪੂੜੇ ਪੱਕੇ।	Delicacies were cooked.
ਆਏ ਭਾਈ ਦਾ ਕੋਈ,	When fathers' guest arrived,
ਭਾਬੋ ਸੁੱਜ ਕੇ ਭੜੋਲਾ ਹੋਈ।	Mother was swollen and fell into a fit.
ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨ।	Stories of elders convert children into good progeny.

Sri Satguru Jagjit Singh Ji eLibrary NamdhariElibrary@gmail.com

2. ਬੁਝਾਰਤਾਂ: Riddles in Punjabi are known as ਬੁਝਾਰਤਾਂ. They are popular amongst children and, sometimes, in classroom settings.

ਇੱਕ ਰਾਜੇ ਦੀ ਅਨੋਖੀ ਰਾਣੀ
ਦੁੰਬ ਦੇ ਰਸਤੇ ਪੀਂਦੀ ਪਾਣੀ — Answer: *ਦੀਵਾ*

ਇੱਕ ਡੱਬੇ ਵਿੱਚ ਬੱਤੀ ਦਾਣੇ
ਬੁੱਝਣ ਵਾਲੇ ਬੜੇ ਸਿਆਣੇ — Answer: *ਦੰਦ*

ਊਠ ਦੀ ਬਹਿਣੀ ਹਿਰਨ ਦੀ ਚਾਲ
ਕੌਣ ਜਾਨਵਰ ਸਿਹਦੀ ਪੂਛਲ ਨਹੀਂ ਨਾਲ — Answer: *ਡੱਡੂ*

ਹਾਥੀ ਘੋੜਾ ਊਠ ਨਹੀਂ
ਖਾਏ ਨਾ ਦਾਣਾ ਘਾਸ
ਸਦਾ ਹਵਾ ਤੇ ਹੀ ਰਹੇ
ਹੋਏ ਨ ਕਦੀ ਉਦਾਸ — Answer: *ਸਾਈਕਲ*

§ 41.6 ਕ਼ੱਵਾਲੀ

ਕ਼ੱਵਾਲੀ, a devotional genre that began as part of the singing at Sufi shrines, went on to achieve popularity among individuals of all faiths. A driving rhythm and frequent repetition of the refrain (first stanza here) help ਕ਼ੱਵਾਲੀ performances to create a trance-like mood. Many qawwalis have been written in Punjabi. The following is in praise of Lal Shahbaz Qalandar (d.1262) (also known as ਝੂਲੇ ਲਾਲ), a Sufi saint from Sindh who has many adherents in Punjab.[11] As you read the text, pay attention to the vocative forms and suffixes of endearment.

ਮਸਤ ਕ਼ਲੰਦਰ

ਹੋ ਲਾਲ ਮੇਰੀ ਪਤ ਰੱਖੀਓ
ਭਲਾ ਝੂਲੇ ਲਾਲਣ
ਸਿੰਧੜੀ ਦਾ, ਸਹਿਵਨ ਦਾ,
ਸਖ਼ੀ ਸ਼ਹਬਾਜ਼ ਕ਼ਲੰਦਰ
ਦਮਾ-ਦਮ ਮਸਤ ਕ਼ਲੰਦਰ
ਅਲੀ ਦਮ-ਦਮ ਦੇ ਅੰਦਰ

ਮਾਵਾਂ ਨੂੰ ਪੀਰਾ ਬੱਚੜੇ ਦੇਵੇਂ
ਭੈਣਾਂ ਨੂੰ ਦੇਵੇਂ ਵੀਰ ਮਿਲਾ
ਝੂਲੇ ਲਾਲਣ...

[11] The version presented here is based on the performance of Nusrat Fateh Ali Khan, the great *qawwali* singer from West Punjab, from the album *Shahbaaz* (Real World, 1998).

Sri Satguru Jagjit Singh Ji eLibrary NamdhariElibrary@gmail.com

ਚਾਰ ਚਿਰਾ਼ਗ ਤੇਰੇ ਬਲਨ ਹਮੇਸ਼ਾ
ਪੰਜਵਾਂ ਬਾਲਨ ਆਈ
ਭਲਾ ਝੂਲੇ ਲਾਲਣ...

ਉੱਚੜਾ ਰੌਜ਼ਾ ਪੀਰਾ ਡੇਰਾ
ਹੇਠ ਵਗੇ ਦਰਿਆ
ਭਲਾ ਝੂਲੇ ਲਾਲਣ...

ਘਣਨ-ਘਣਨ ਤੇਰੀ ਨੌਬਤ ਬਾਜੇ
ਨਾਲ ਵੱਜੇ ਘੜਿਆਲ
ਭਲਾ ਝੂਲੇ ਲਾਲਣ..

The next ਕ਼ੱਵਾਲੀ is in praise of Baba Farid (c.1173-1266), also known as ਗੰਜ-ਏ-ਸ਼ੱਕਰ (Sweet Master). His *dargah* (Sufi shrine) is located in Pakpattan, West Punjab, which is around 118 miles from Lahore.

ਗੰਜ-ਏ-ਸ਼ੱਕਰ

ਗੰਜ-ਏ-ਸ਼ੱਕਰ ਮੇਰਾ ਗੰਜ-ਏ-ਸ਼ੱਕਰ
ਸਬਰ ਦਾ ਪੀਰ ਸੁਹਣਾ ਗੰਜ-ਏ-ਸ਼ੱਕਰ
ਹੈ ਬੇਮਿਸਾਲ ਬਾਬਾ ਪੀਰ ਕਮਾਲ ਬਾਬਾ
ਸ਼ਖ਼ੀ ਲੱਜ-ਪਾਲ ਮੇਰਾ ਗੰਜ-ਏ-ਸ਼ੱਕਰ ਬਾਬਾ
ਮੈਂ ਚਾਕਰ ਸੁਹਣੇ ਬਾਬੇ ਦੀ
ਮੇਰਾ ਦਿਲ ਮੇਰੀ ਜਾਨ ਫ਼ਰੀਦੇ
ਲੂੰ ਲੂੰ ਵਿੱਚ ਵੱਸਦਾ ਗੰਜ-ਏ-ਸ਼ੱਕਰ
ਮੇਰਾ ਦੀਨ ਇਮਾਨ ਫ਼ਰੀਦੇ
ਗੰਜ-ਏ-ਸ਼ੱਕਰ ਦੀ ਮੈਂ ਚਾਕਰ ਸੁਹਣੇ ਬਾਬੇ ਦੀ
ਜਦ ਵੀ ਦੁੱਖਾਂ ਨੇ ਘੇਰਾ ਪਾਇਆ
ਗੰਜ-ਏ-ਸ਼ੱਕਰ ਨੂੰ ਆਣ ਸੁਣਾਇਆ
ਬਾਬਾ ਜੀ ਨੇ ਕਰਮ ਕਮਾ ਕੇ
ਮੈਂ ਤੱਤੜੀ ਨੂੰ ਸੀਨੇ ਲਾਇਆ
ਮੈਂ ਗ਼ੈਰਾਂ ਦੇ ਘਰ ਕਿਉਂ ਜਾਵਾਂ
ਮੇਰਾ ਦੀਨ ਇਮਾਨ ਫ਼ਰੀਦੇ
ਗੰਜ-ਏ-ਸ਼ੱਕਰ ਮੇਰਾ ਗੰਜ-ਏ-ਸ਼ੱਕਰ
ਮੈਂ ਚਾਕਰ ਸੁਹਣੇ ਬਾਬੇ ਦੀ

Sri Satguru Jagjit Singh Ji eLibrary NamdhariElibrary@gmail.com

ਔਖੇ ਲਫ਼ਜ਼

ਅਖਾਣ	proverb, adage (m)
ਅਦਬ ਕਰਨਾ	to respect, treat with regard (vt)
ਅਨੋਖਾ	strange (adj/i)
ਅੰਬਰ	sky (m)
ਅਲੀ	Ali, the son-in-law of the Prophet Muhammad
ਆਣ	honor, glory (f)
ਆਮ੍ਹੋਂ-ਸਾਮ੍ਹਣੇ	face-to-face, openly (adv)
ਆਰੀ	hacksaw (f)
ਆੜੀ	teammate, friend (m)
ਸਹਿਵਨ	Sehvan Sharif, a famous town in Sindh (Pakistan)
ਸਖੀ	female friend (f)
ਸਖ਼ੀ	generous (adj/u)
ਸਤਿਗੁਰ	'the True Guru', God (m)
ਸੱਥ	village assembly point (f)
ਸਲੇਟੀ	grey (adj/u)
ਸਬਰ	patience, tolerance (m)
ਸਾਰ	knowledge, information (f)
ਸਿਖ਼ਰ	peak, summit (f)
ਸਿੱਟਾ	ear of grain (m)
ਸਿੰਧੜੀ	Sindh (f)
ਸੀਪ	a card game, 'Sweep' (f)
ਸੁਹਲ	delicate, tender (adj/u)
ਸੁਰਮਾ	collyrium powder, eye-shadow (m)
ਸ਼ੱਕ	suspicion (m)
ਸ਼ਰਮਾਉਣਾ	to feel shy (vi)
ਸ਼ਰੀਕ	a close relation with clear sense of rivalry (m)
ਹਵੇਲੀ	large house, mansion (f)
ਹਾਣੀ/ਹਾਨਣ	peer of equal age (m/f)
ਹਾਥੀ	elephant (m)
ਹੂਰਾਂ ਪਰੀ	*lit.* fairy (f)
ਹੋਣੀ	destiny (f)
ਕ਼ਸੂਰੀ	pertaining to Qasur (a town in West Punjab) (adj/u)
ਕੰਙਣ	bracelet, bangle (m)
ਕੰਤ	husband (m)
ਕਮਾਦ	sugarcane (m)
ਕਾਸ, ਕਿਸ	oblique form of ਕੀ/what
ਕੁਆਰੀ	maiden, miss (f)
ਕੁਮਲਾਉਣਾ	to wither, wilt; to be sad (vi)
ਕੂੰਡਾ	mortar for grinding (m)
ਖਿੰਡਣਾ	to scatter, disperse (vi)
ਗੰਡਾਸੀ	axe with long handle (f)

Sri Satguru Jagjit Singh Ji eLibrary NamdhariElibrary@gmail.com

ਗੰਢ	knot (f)
ਗੰਢਾ	onion (m)
ਗੰਦਲ	stalk of mustard (f)
ਗਰਾਈਂ	co-villager (m)
ਗੜਵਾ	small pitcher (m)
ਘਣਨ-ਘਣਨ	sound of beating drums (f)
ਘੜਾਉਣਾ	to sculpt (vt)
ਘੜਿਆਲ	gong (m)
ਘੁੰਗਣੀ	boiled wheat (f)
ਘੋਟਣਾ	to rub, grind (vt)
ਚਾਕਰ	servant (m)
ਚਾਲ	walk, gait, move (f)
ਚਿਣਾਉਣਾ, ਚਿਣਵਾਉਣਾ	to have something laid (vt)
ਚੂਪਣਾ	to suck juice out of a fruit (mango, sugarcane) (vt)
ਛਮਾ-ਛਮ	(for rain to fall) heavily (adv)
ਛਾਇਆ	shade, protection (f)
ਜਹਾਨ	world, universe (m)
ਜੱਗ, ਜਗਤ	world (m)
ਜਲ ਥਲ	flood (m)
ਜੜਨਾ	to inset, inlay (vt)
ਜ਼ੋਰਾ-ਜ਼ੋਰੀ	forcibly (adv)
ਝਾਤੀ	look, glance (f)
ਟਾਹਣੀ	small branch, twig (f)
ਡੱਡੂ	frog (m)
ਡਾਂਗ	bamboo stick (f)
ਡੁੱਲ੍ਹਣਾ	to spill over; *metaphor*, to fall for (vi/vt)
ਡੋਲਣਾ	to sway, shake; *metaphor*, to go astray, lose faith (vi)
ਢਾਣੀ	group (f)
ਤਪ	heat, warmth (m)
ਤਰਸ ਖਾਣਾ	to take pity on (vt)
ਤਲੀ	palm; sole (f)
ਤਵੀਤ	amulet (m)
ਤੋੜ	a stage in the distillation of country liquor (m)
ਦੰਦ	tooth (m)
ਦੰਦਾ	tooth of a saw (m)
ਦਮ	breath (m)
ਦਮਾ-ਦਮ	sound of kettle drums
ਦਿਉਰ, ਦੇਵਰ	husband's younger brother (m)
ਦੁੰਬ	tail (f)
ਨੱਪਣਾ	to press (vt)
ਨਬਜ਼	pulse (f)
ਨਵਾਬ	nobleman (m)

Sri Satguru Jagjit Singh Ji eLibrary NamdhariElibrary@gmail.com

ਨਾਦਾਨ	ignorant, unwise (adj/u)
ਨਾਲਾ	rivulet, brook; gutter; drawstring for pants (m)
ਨਿਭਣਾ	to be constant, faithful (vi)
ਨੌਬਤ	large kettle drum; an ensemble of drums (f)
ਪੱਟ	silk; thigh (m)
ਪੰਡੋਰੀ	the name of a village (f)
ਪੰਧ	journey, distance (m)
ਪਰਲੋ	doomsday, calamity (f)
ਪਾਟਣਾ	to be torn (vi)
ਪਿੰਨੀ	calf (lower leg) (f)
ਪੁਆੜਾ	quarrel (m)
ਪੂਛ, ਪੂਛਲ	tail (f)
ਪੇੜਾ	dollop (m)
ਪੈਦਲ	on foot (adv)
ਫੁੱਲਣਾ	to swell, inflate (vi)
ਬਹਿਣੀ	sitting posture (f)
ਬੱਤੀ	lamp, lantern, light (f)
ਬਰਸਣਾ	to rain (vi)
ਬਾਬਲ	epithet for 'father' (used by daughter)
ਬਿਰਖ	tree (m)
ਬੁੱਝਣਾ	to guess, solve (riddle) (vt)
ਬੁਝਾਰਤ	riddle (f)
ਬੇਮਿਸਾਲ	unmatched (adj/u)
ਬੋਲ	utterance, speech, lyric (m)
ਭਾੜਾ	fare, charges (m)
ਮਸਤ	ecstatic, intoxicated (adj/u)
ਮਹਿੰਦੀ	henna (f)
ਮੱਖਣ	butter; 'dear' (m)
ਮਚਕੋੜ	twist (f)
ਮਜਾਜਣ	proud or prudish woman (f)
ਮਰੋੜਨਾ	to twist, contort (vt)
ਮਿਜ਼ਾਜ	disposition, temperament(m)
ਮੁਕਲਾਵਾ	second visit of bride to in-law's house (m)
ਮੂਲੀ	radish (f)
ਮੋਛਾ	a log (m)
ਮੋਰੀ	hole, gap (f)
ਯੱਕਾ	horse-driven carriage (m); ace (card) (m)
ਰੱਸੀ	rope (f)
ਰਤਾ ਕੁ	just a little (adj/adv)
ਰਾਖੀ	protection, guard (f)
ਰੇਸ਼ਮੀ	silken (adj/u)
ਰੇੜ੍ਹਾ	hand cart (m)

Sri Satguru Jagjit Singh Ji eLibrary NamdhariElibrary@gmail.com

ਲੱਛਾ	roll of thread (m)
ਲੱਠਾ	a fine, thin cloth (m)
ਲਾਜ	modesty, honor (f)
ਲਾਡ ਕਰਨਾ	to fondle, caress (vt)
ਵਾਣ	string, twine (m)
ਵੈਦ	physician (of Ayurvedic/traditional medicine) (m)
ਵੈਲੀ/ਵੈਲਣ	person of degenerate or lewd character (m/f)

Sri Satguru Jagjit Singh Ji eLibrary NamdhariElibrary@gmail.com

APPENDICES

Sri Satguru Jagjit Singh Ji eLibrary NamdhariElibrary@gmail.com

I. Names of the Gurmukhi letters
ਗੁਰਮੁਖੀ ਅੱਖਰਾਂ ਦੇ ਨਾਂ

The 35 primary letter-forms of the Gurmukhi script have unique names that one often hears in traditional pedagogy. These days, when spelling out words, Punjabi speakers often pronounce only the *sounds* of the letters.

ੳ	ਅ	ੲ	ਸ	ਹ
ਊੜਾ	*ਐੜਾ*	*ਈੜੀ*	*ਸੱਸਾ*	*ਹਾਹਾ*
ਕ	ਖ	ਗ	ਘ	ਙ
ਕੱਕਾ	*ਖੱਖਾ*	*ਗੱਗਾ*	*ਘੱਗਾ*	*ਙੰਙਾ*
ਚ	ਛ	ਜ	ਝ	ਞ
ਚੱਚਾ	*ਛੱਛਾ*	*ਜੱਜਾ*	*ਝੱਜਾ*	*ਞੰਞਾ*
ਟ	ਠ	ਡ	ਢ	ਣ
ਟੈਂਕਾ	*ਠੱਠਾ*	*ਡੱਡਾ*	*ਢੱਡਾ*	*ਣਾਣਾ*
ਤ	ਥ	ਦ	ਧ	ਨ
ਤੱਤਾ	*ਥੱਥਾ*	*ਦੱਦਾ*	*ਧੱਦਾ*	*ਨੰਨਾ*
ਪ	ਫ	ਬ	ਭ	ਮ
ਪੱਪਾ	*ਫੱਫਾ*	*ਬੱਬਾ*	*ਭੱਬਾ*	*ਮੰਮਾ*
ਯ	ਰ	ਲ	ਵ	ੜ
ਯੱਯਾ	*ਰਾਰਾ*	*ਲੱਲਾ*	*ਵੱਵਾ*	*ੜਾੜਾ*

Vowel markings also have their own individual names:

ਾ	ਕੰਨਾ
ਿ	ਸਿਹਾਰੀ
ੀ	ਬਿਹਾਰੀ
ੁ	ਔਂਕੜ
ੂ	ਦੁਲੈਂਕੜੇ
ੇ	ਲਾਂ
ੈ	ਦੁਲਾਵਾਂ
ੋ	ਹੋੜਾ
ੌ	ਕਨੌੜਾ

II. Shahmukhi: Modified Perso-Arabic Script used for Writing Punjabi

ੳ	ਅ	ੲ	ਸ	ਹ
او	اَ	ای	س	ہ
ਕ	ਖ	ਗ	ਘ	ਙ
ک	کھ	گ	گھ	ـ
ਚ	ਛ	ਜ	ਝ	ਞ
چ	چھ	ج	جھ	ـ
ਟ	ਠ	ਡ	ਢ	ਣ
ٹ	ٹھ	ڈ	ڈھ	ن
ਤ	ਥ	ਦ	ਧ	ਨ
ت	تھ	د	دھ	ن
ਪ	ਫ	ਬ	ਭ	ਮ
پ	پھ	ب	بھ	م
ਯ	ਰ	ਲ	ਵ	ੜ
ے	ر	ل	و	ڑ
ਸ਼	ਖ਼	ਗ਼	ਜ਼	ਫ਼
ش	خ	غ	ز	ف

Vowels

ਅ	ਆ	ਇ	ਈ	ਉ	ਊ	ਏ	ਐ	ਓ	ਔ
اَ	آ	اِ	ای	اُ	اُو	اے	اَی	او	اَو
ਕ	ਕਾ	ਕਿ	ਕੀ	ਕੁ	ਕੂ	ਕੇ	ਕੈ	ਕੋ	ਕੌ
ک	کا	کِ	کی	کُ	کُو	کے	کَی	کو	کَو

Cardinal Numbers

੦	੧	੨	੩	੪	੫	੬	੭	੮	੯
۰	۱	۲	۳	۴	۵	۶	۷	۸	۹

Sri Satguru Jagjit Singh Ji eLibrary NamdhariElibrary@gmail.com

III. Relationships
ਰਿਸ਼ਤੇ



ਸਹੁਰਾ father-in-law ਸੱਸ mother-in-law ਦਾਦਕੇ paternal house ਨਾਨਕੇ maternal house

Sri Satguru Jagjit Singh Ji eLibrary NamdhariElibrary@gmail.com

IV. Calendar and festivals
ਸਾਲ ਤੇ ਤਿਉਹਾਰ

The local calendar being lunar, the dates of traditional festivals vary. The Muslim festivals, ਈਦ-ਉਲ-ਫ਼ਿਤਰ and ਈਦ-ਉਲ-ਅਦਾਹ, being connected with the Islamic-lunar calendar, vary throughout the year. The general pattern, however, is as follows.

ਮਹੀਨਾ	Month	ਤਿਉਹਾਰ - Festival
ਚੇਤ	March-April	ਬਸੰਤ ਪੰਚਮੀ, ਹੋਲੀ, ਈਸਟਰ
ਵਿਸਾਖ	April-May	ਵਿਸਾਖੀ, ਰਾਮ ਨੌਮੀ, ਮਹਾਂਵੀਰ ਜੈਯੰਤੀ
ਜੇਠ	May-June	
ਹਾੜ	June-July	ਸ਼ਹੀਦੀ ਪੁਰਬ (ਗੁਰੂ ਅਰਜਨ)
ਸਾਉਣ	July-August	ਸਾਂਵੇਂ, ਜਨਮ ਅਸ਼ਟਮੀ
ਭਾਦਰੋਂ	August-September	ਗੁੱਗਾ ਨੌਮੀ
ਅੱਸੂ	September-October	ਪਰਯੂਸ਼ਨਾ
ਕੱਤਕ	October-November	ਦਸਹਿਰਾ, ਦਿਵਾਲੀ, ਜਨਮ ਪੁਰਬ (ਗੁਰੂ ਨਾਨਕ)
ਮੱਘਰ	November-December	
ਪੋਹ	December-January	ਵੱਡਾ ਦਿਨ, ਜਨਮ ਪੁਰਬ (ਗੁਰੂ ਗੋਬਿੰਦ ਸਿੰਘ)
ਮਾਘ	January-February	ਲੋੜ੍ਹੀ
ਫੱਗਣ	February-March	ਸ਼ਿਵਰਾਤਰੀ

V. Colors
ਰੰਗ

ਉਨਾਭੀ	maroon	ਘੁਗੀਆ/ਫ਼ਾਖਤਾ	dove-colored
ਅਸਮਾਨੀ	sky blue	ਚਾਂਦੀ-ਰੰਗਾ	silvery
ਅੰਗੂਰੀ	light green	ਚਿੱਟਾ	white
ਸਫ਼ੈਦ	white	ਜਾਮਨੀ	purple
ਸੰਤ੍ਰੀ	orange	ਤੋਤੇ-ਰੰਗਾ	parrot-colored
ਸਬਜ਼	green	ਨੀਲਾ	blue
ਸਲੇਟੀ	grey	ਪੀਲਾ	yellow
ਸੁਨਹਿਰੀ	golden	ਫਿੱਕਾ, ਹਲਕਾ	light
ਸੁਰਖ਼	red	ਫ਼ਿਰੋਜ਼ੀ	light green
ਹਰਾ	green	ਬਸੰਤੀ	yellow
ਕਾਲ਼ਾ	black	ਬਦਾਮੀ	almond-colored
ਕੇਸਰੀ	saffron	ਭੂਰਾ, ਬੂਰਾ	light brown
ਖ਼ਾਕੀ	khaki	ਲਾਖਾ	reddish-brown
ਗੁਲਾਬੀ	pink	ਲਾਲ	red
ਗੂੜ੍ਹਾ	strong, dark		

Sri Satguru Jagjit Singh Ji eLibrary NamdhariElibrary@gmail.com

VI. Foods
ਖ਼ੁਰਾਕ

ਅੰਗੂਰ	grapes (m)	ਤਰ, ਖੀਰਾ	cucumber (f, m)
ਅਜਵਾਇਣ/ਜਵੈਣ	parsley seed (f)	ਤੇਲ	oil (m)
ਅੰਜੀਰ	fig (f)	ਦਹੀਂ	yoghurt, curd (m)
ਅਧਰਕ	ginger (m)	ਦਾਲ	pulses, lentils (f)
ਅਨਾਰ	pomegranate (m)	ਦਾਲਚੀਨੀ	cinnamon (f)
ਅੰਬ	mango (m)	ਦੁੱਧ	milk (m)
ਆਟਾ	flour (m)	ਧਨੀਆ	cilantro, coriander (m)
ਆਂਡਾ	egg (m)	ਨਾਨ	baked bread (m)
ਆਲੂ	potato (m)	ਪਨੀਰ	Indian soft cheese (m)
ਆਲੂਬੁਖ਼ਾਰਾ, ਅਲੂਚਾ	plum, small plum (m)	ਪਰੌਂਠਾ	griddle fried bread (m)
ਇਲਾਇਚੀ	cardamom (f)	ਪਾਣੀ	water (m)
ਸੰਤ੍ਰਾ, ਨਾਰੰਗੀ	tangerine (m, f)	ਪਾਲਕ	spinach (f)
ਸਬਜ਼ੀ	vegetable (f)	ਪਿਆਜ਼, ਗੰਢਾ	onion (m)
ਸ਼ਰਾਬ	liquor (f)	ਪੂਰੀ	deep fried bread (f)
ਸੇਬ	apple (m)	ਫੁਲਕਾ	puffy skillet bread (m)
ਸੌਂਫ਼	fennel (f)	ਬੰਦ ਗੋਭੀ	cabbage (f)
ਹਲਵਾ ਕੱਦੂ	pumpkin (m)	ਬਾਜਰਾ	millet (m)
ਕੱਦੂ	squash, gourd (m)	ਬੇਰ	berry, jujube (m)
ਕਰੇਲਾ	bitter gourd (m)	ਬਤਾਊਂ, ਬੈਂਗਣ	eggplant (m)
ਕਾਲ਼ੀ ਮਿਰਚ	black pepper (f)	ਭੱਠੀ	roasting oven (f)
ਕੇਲਾ	banana (m)	ਭੱਤਾ	field lunch (m)
ਖਜੂਰ	date (f)	ਭੇਡ/ਬੱਕਰੀ ਦਾ ਮਾਸ	mutton (m)
ਖੰਡ, ਚੀਨੀ	sugar (f)	ਮਸਰ	red lentils (m)
ਖ਼ਰਬੂਜ਼ਾ	cantaloupe (m)	ਮੱਕੀ, ਛੱਲੀ	maize; corncob (f)
ਖੀਰ	rice pudding (f)	ਮੱਕੀ ਦੀ ਰੋਟੀ	cornmeal bread (f)
ਗੰਨਾ	sugarcane (m)	ਮਟਰ	peas (m pl)
ਗਾਜਰ	carrot (f)	ਮਾਸ/ਗੋਸ਼ਤ	meat (m)
ਗੁੜ	jaggery, raw sugar (m)	ਮਾਂਹ	black lentils (m)
ਗੋਭੀ	cauliflower (f)	ਮਿਠਿਆਈ	sweet(s) (f)
ਘਿਉ	clarified butter (m)	ਮਿਰਚ	chili (f)
ਚਪਾਤੀ	griddle bread (f)	ਮੁਸੰਮੀ	sweet-lime (f)
ਚਾਹ	tea (f)	ਮੁਰਗਾ	chicken (m)
ਚੀਕੂ	zapote (a fruit) (m)	ਮੂੰਗਫਲੀ	peanuts (f)
ਚੌਲ	rice (m pl)	ਮੂੰਗੀ	yellow lentils (f)
ਜਾਮਨੂ	purple plum-berry (m)	ਮੂਲੀ	radish (f)
ਜ਼ੀਰਾ (ਸਫ਼ੈਦ)	cumin (m)	ਮੇਥੀ	fenugreek (f)
ਜ਼ੀਰਾ (ਕਾਲਾ)	caraway seed (m)	ਰੋਟੀ	bread; food (f)
ਜ਼ੈਤੂਨ	olive (m)	ਲਸਣ	garlic (m)
ਟਮਾਟਰ	tomato (m)	ਲੱਸੀ	buttermilk drink (f)
ਤੰਦੂਰ	clay oven (m)	ਲੂਣ, ਨਮਕ	salt (m)

Sri Satguru Jagjit Singh Ji eLibrary NamdhariElibrary@gmail.com

VII. Parts of body
ਜਿਸਮ ਦੇ ਅੰਗ

ਉਂਗਲੀ	finger, toe (f)	ਤਲੀ	palm, sole (f)
ਅੱਖ	eye (f)	ਦੰਦ	tooth (m)
ਅੰਗੂਠਾ	thumb (m)	ਦਾੜ੍ਹੀ	beard (f)
ਅੱਡੀ	heel (f)	ਧੁੰਨੀ	navel (f)
ਸਿਰ	head (m)	ਨਹੁੰ	nails (m)
ਹੱਥ	hand (m)	ਨੱਕ	nose (m)
ਕੰਨ	ear (m)	ਨਾਸ	nostril (f)
ਕੰਨ ਦੀ ਕੁੰਬਲੀ	earlobe (f)	ਪੱਟ	thigh (m)
ਕ਼ਲਮਾਂ	sideburns (f pl)	ਪੱਬ	ball of foot (m)
ਕੁੱਛੜ	lap (f)	ਪਲਕ	eyelid (f)
ਕੂਹਣੀ, ਅਰਕ	elbow (f)	ਪਿੱਠ	back (f)
ਖੋਪੜੀ	skull, scalp (f)	ਪਿੰਨੀ	calf (f)
ਗਰਦਨ, ਧੌਣ	neck (f)	ਪੈਰ	foot (m)
ਗਲ਼,ਗਲ਼ਾ	throat (m)	ਬਾਂਹ	arm (f)
ਗੱਲ੍ਹ	cheek (f)	ਬੁੱਲ੍ਹ	lips (m)
ਗਿੱਟਾ	ankle (m)	ਭਰਵੱਟੇ	eyebrows (m pl)
ਗੋਡਾ	knee (m)	ਮੱਥਾ	forehead (m)
ਚਮੜੀ, ਚੰਮ	skin (f/m)	ਮੁੱਛਾਂ	moustache (f pl)
ਛਾਤੀ	chest (f)	ਮੂੰਹ, ਮੁਖੜਾ, ਚਿਹਰਾ	mouth/face (m)
ਜਿਸਮ, ਪਿੰਡਾ, ਸਰੀਰ	body (m)	ਮੋਢਾ	shoulder (m)
ਜੀਭ, ਜ਼ੁਬਾਨ	tongue (f)	ਲੱਕ, ਕਮਰ	waist (m/f)
ਝਿੰਮਣੀਆਂ	eyelashes (f pl)	ਲੱਤ	leg (f)
ਠੋਡੀ	chin (f)	ਵਾਲ਼	hair (m)
ਢਿੱਡ, ਪੇਟ	stomach (m)	ਵੀਣੀ	wrist (f)

VIII. Directions
ਦਿਸ਼ਾਵਾਂ

ਉੱਤਰ, ਸ਼ੁਮਾਲ	North	ਦਿਸ਼ਾ	direction, side (f)
ਉੱਪਰ, ਉੱਤੇ	up	ਦੂਰ	far
ਅੱਗੇ	in front	ਨੁੱਕਰ	corner (f)
ਇਸ ਪਾਸੇ/ ਤਰਫ਼/ਵੱਲ	this side	ਪੱਛਮ, ਮਗ਼ਰਿਬ	West
ਸੱਜੇ	right	ਪਾਸਾ	side (m)
ਸਿੱਧਾ, ਸਿੱਧੇ	straight	ਪਿੱਛੇ	behind, after
ਕੋਲ, ਨੇੜੇ, ਨਜ਼ਦੀਕ	near	ਪੂਰਬ, ਮਸ਼ਰਿਕ	East
ਖੱਬੇ	left	ਬੱਤੀਆਂ	traffic lights (f pl)
ਚੁਰਸਤਾ, ਚੁਰਾਹਾ	intersection (m)	ਮੁੜਨਾ, ਮੋੜਨਾ	to turn
ਤਰਫ਼	side (f)	ਰਸਤਾ	path (m)
ਥੱਲੇ	below, down	ਲਾਗੇ	next to, near
ਦੱਖਣ, ਜਨੂਬ	South		

Sri Satguru Jagjit Singh Ji eLibrary NamdhariElibrary@gmail.com

IX. Weather
ਮੌਸਮ

ਸਤਰੰਗੀ ਪੀਂਘ	rainbow (f)
ਸੋਕਾ	drought (m)
ਹਨੇਰੀ	storm (f)
ਹਵਾ	wind (f)
ਹੜ੍ਹ	flood (m)
ਕੱਕਰ	frost (m)
ਕੋਹਰਾ	frost (m)
ਖ਼ੁਸ਼ਕੀ	dryness (f)
ਗਰਜ	thunder (f)
ਗਰਮੀ	heat (f)
ਗੜੇ	hail (m)
ਗਿੱਲਾ	wet (adj/i)
ਘਟਾ	low clouds (f pl)
ਘੱਟਾ	dust (m)
ਚਾਂਦਨੀ	moonlight (f)
ਛਾਂ	shade (f)
ਝੜੀ	continuous rain for several days (f)
ਠੰਢ	cold (f)
ਤੁਫ਼ਾਨ	storm (m.)
ਧੁੰਧ	fog (f)
ਧੁੱਪ	sunshine (f)
ਨਮੀਂ	moisture (f)
ਪੱਛੋਂ	dry winds from the West (f)
ਪੁਰੇ ਦੀ ਵਾ (ਹਵਾ)	rain-carrying wind from the East (f)
ਬੱਦਲ	cloud (m)
ਬਰਫ਼	snow, ice (f)
ਬਾਰਸ਼	rain (f)
ਬੂੰਦਾ-ਬਾਂਦੀ	drizzle (f)
ਮੀਂਹ	rain (m)
ਲੂ, ਲੋ	dry and hot wind (f)
ਵਾਵਰੋਲਾ	whirlwind, mini cyclone (m)

Sri Satguru Jagjit Singh Ji eLibrary NamdhariElibrary@gmail.com

X. Animals and their sounds
ਜਾਨਵਰ ਤੇ ਉਨ੍ਹਾਂ ਦੀਆਂ ਆਵਾਜ਼ਾਂ[1]

ਜਾਨਵਰ	Animal	ਆਵਾਜ਼
ਊਠ	camel	ਬੁੜਕਣਾ, ਬੁੱਘਣਾ, ਗਰੜਾਉਣਾ, ਰਿੰਗਣਾ
ਸੱਪ	snake	ਸ਼ੂਕਣਾ, ਫੁੰਕਾਰਨਾ
ਸੂਰ	pig	ਘੁਰਲਾਉਣਾ
ਸ਼ੇਰ	tiger	ਬੁੱਕਣਾ, ਬੁਭਕਣਾ, ਗੱਜਣਾ
ਹਾਥੀ	elephant	ਚਿੰਘਾੜਨਾ
ਹਿਰਨ	deer	
ਕਤੂਰਾ	puppy	ਟੂੰਕਣਾ, ਚੌਂਕਣਾ
ਕਬੂਤਰ	pigeon	ਗੁਟਕਣਾ, ਗੁਟਰ ਗੂੰ ਕਰਨਾ
ਕਾਂ	crow	ਕਾਂ ਕਾਂ ਕਰਨਾ
ਕੁੱਤਾ	dog	ਭੌਂਕਣਾ
ਕੂੰਜ	crane	ਕੁਰਲਾਉਣਾ
ਕੋਇਲ	cuckoo	ਕੂ ਕੂ ਕਰਨਾ
ਖੋਤਾ	donkey	ਹੀਂਗਣਾ
ਗਾਂ	cow	ਅੜਿੰਗਣਾ, ਰਿੰਗਣਾ, ਟੜਾਵਣਾ
ਗਿੱਦੜ	jackal	ਹੁਆਂਕਣਾ
ਘੁੱਗੀ	dove	ਗੁਟਰ ਗੁਟਰ ਕਰਨਾ
ਘੋੜਾ	horse	ਹਿਣਕਣਾ
ਚਿੜੀ	sparrow	ਚੂਹਕਣਾ, ਚਰਲਾਉਣਾ, ਚਚਲਾਉਣਾ
ਚੂਹਾ	mouse	ਟੁਕ ਟੁਕ ਕਰਨਾ
ਡੱਡੂ	frog	ਟਰਰਾਉਣਾ, ਟਰਕਣਾ
ਤਿੱਤਰ	partridge	ਕਲਕਣਾ
ਪਰਿੰਦਾ	bird (generic)	ਚੁਰਕਣਾ, ਚੂਕਣਾ
ਬੱਕਰੀ	goat	ਮਮਿਆਵਣਾ, ਮਿਆਂਕਣਾ, ਮਿਮਕਣਾ
ਬਟੇਰਾ	quail	ਪਟਾਕਣਾ
ਬਾਂਦਰ	monkey	ਘੁਰਰਾਉਣਾ
ਬਿੱਲੀ	cat	ਮਿਆਂਕਣਾ, ਮਿਆਉਂ ਮਿਆਉਂ ਕਰਨਾ
ਭੇਡ	sheep	ਮਮਿਆਵਣਾ, ਮਿੰਕਣਾ
ਮੱਝ	buffalo	ਅੜਿੰਗਣਾ, ਰਿੰਗਣਾ, ਟੜਾਵਣਾ
ਮੋਰ	peacock	ਝੰਗਾਰਨਾ
ਲੂੰਬੜੀ	fox	ਕਹਿਕਣਾ
ਲੇਲਾ	lamb	ਬਾਂਕਣਾ

[1] Partially culled from: Muhammad Asif Khan and Tanvir Bukhari, *Kanlekha* (Lahore: Punjabi Adbi Board, n.d.), 6.

CC-0. Satguru Jagjit Singh Ji eLibrary NamdhariElibrary@gmail.com

XI. Well-wishing and sympathy
ਵਧਾਈ ਤੇ ਅਫ਼ਸੋਸ

The following are among many ways of expressing congratulations or well-wishing.

ਵਧਾਈ (ਹੋਵੇ)!	Congratulations! / Good wishes!
ਵਧਾਈਆਂ (ਹੋਣ)!	Congratulations!
ਬਹੁਤ ਬਹੁਤ ਵਧਾਈਆਂ!	Many many good wishes!
ਲੱਖ ਲੱਖ ਵਧਾਈਆਂ!	Many many good wishes!
ਮੁਬਾਰਕ (ਹੋਵੇ)!	Congratulations!
ਮੁਬਾਰਕਾਂ (ਹੋਣ)!	Congratulations!
ਬਹੁਤ ਬਹੁਤ ਮੁਬਾਰਕਾਂ!	Many many good wishes!
ਲੱਖ ਲੱਖ ਮੁਬਾਰਕਾਂ!	Many many good wishes!
ਸ਼ਾਲ੍ਹਾ, ਤੁਹਾਡੀ ਜੋੜੀ ਸਲਾਮਤ ਰਹੇ!	God willing, may your union remain sound!
ਸ਼ਾਲ੍ਹਾ, ਤੁਸੀਂ ਬੇਅੰਤ ਖ਼ੁਸ਼ੀਆਂ ਮਾਣੋ!	God willing, may you celebrate endless joys!
ਤੁਹਾਡੇ ਸੁਪਨੇ ਸਾਕਾਰ ਹੋਣ!	May your dreams be fulfilled!
ਵੱਸਦੇ ਰਹੋ, ਪਿਆਰਿਓ!	May you thrive, dear ones!
ਤੁਸੀਂ ਚੜ੍ਹਦੀਆਂ ਕਲਾਂ ਵਿੱਚ ਵਿਚਰੋ!	May you roll with high times!
ਰੱਬ ਤੁਹਾਡੇ ਤੇ ਰਹਿਮ ਕਰੇ!	May God be merciful on you!
ਤੁਹਾਡੀਆਂ ਆਸਾਂ ਤੇ ਉਮੀਦਾਂ ਪੂਰੀਆਂ ਹੋਣ!	May all your hopes and desires be fulfilled!
ਰੱਬ ਤੁਹਾਨੂੰ ਕਾਮਯਾਬੀ ਬਖ਼ਸ਼ੇ!	May you be blessed with success!
ਰੱਬ ਤੁਹਾਨੂੰ ਦੇਹ-ਅਰੋਗਤਾ ਬਖ਼ਸ਼ੇ!	May you be blessed with sound health!
ਤੁਸੀਂ ਵਧੋ, ਫੁੱਲੋ!	Go forward and blossom!

Well-wishing on specific events follows this formula:

[ਨਵੇਂ ਸਾਲ] ਦੀ ਮੁਬਾਰਕ!	Happy [New Year]!
[ਨਵਾਂ ਸਾਲ] ਮੁਬਾਰਕ!	Happy [New Year]!
[ਜਨਮ-ਦਿਨ] ਦੀ ਵਧਾਈ ਹੋਵੇ!	Best wishes on [birthday]!

Terms and phrases related to the passing of a person include the following.

ਅੰਤਿਮ ਸੰਸਕਾਰ	funeral, last rites (m)
ਭੋਗ	conclusion of a service (incl. a funeral) (m)
ਬਰਸੀ, ਵਰ੍ਹੀਣਾ	death anniversary (f)
ਚੱਲ ਵੱਸਣਾ	to pass on
ਗੁਜ਼ਰ ਜਾਣਾ	to pass on, to pass away
ਪੂਰਾ ਹੋ ਜਾਣਾ	to be completed (lifespan)
ਸੁਰਗਵਾਸ ਹੋ ਜਾਣਾ	to have a residence in heaven
ਪਰਲੋਕ ਸਿਧਾਰ ਜਾਣਾ	to leave for the other world

Sri Satguru Jagjit Singh Ji eLibrary NamdhariElibrary@gmail.com

Examples:

ਉਹ ਅਚਾਨਕ ਹੀ ਚੱਲ ਵੱਸਿਆ।	He passed away suddenly.
ਉਹ ਪਿਛਲੇ ਮਹੀਨੇ ਪਰਲੋਕ ਸਿਧਾਰ ਗਏ।	He died last month.
